INTERNATIONAL MAGAZINE
RNI No. 61816/95

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ



ਨਵੰਬਰ (November) 2016

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥

# ਆਤਮ ਮਾਰਗ

ਸਾਲ-ਬਾਈਵਾਂ, ਮਹੀਨਾ-ਨਵੰਬਰ, 2016

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

ਚੇਅਰਮੈਨ
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ
(ਫੋਨ ਨੰ. 9779816909)


## ਮੈਗਜ਼ੀਨ ਸੰਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 94172-14391,94172-14379, 84378-12900

Email : atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday and Puranmasi)
www.Gurkirpatv.com (Every sunday and Puranmasi)
Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408
ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000
ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

**ਇੰਗਲੈਂਡ** - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879
ਭਾਈ ਅਰਵਿੰਦਰ ਸਿੰਘ (ਰਾਜ)
ਮੋਬਾਇਲ :0044-7968734058

**ਆਸਟਰੇਲੀਆ**- ਬੀਬੀ ਜਸਪ੍ਰੀਤ ਕੌਰ :
ਮੋਬਾਇਲ - 0061-406619858

## ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ) 9417214391, 9417214379, 84378-12900
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) , ਫੋਨ : 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਮੋਬਾਇਲ : 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ 98786-95178, 92176-93845
6. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਨਰਸਿੰਗ ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐਡ) ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ) ਮੋਬਾਇਲ : 98157-28220

## ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਆਡੀਓ-ਵੀਡੀਓ ਲਾਇਬ੍ਰੇਰੀ - 98728-14385, 98555-28517
ਕੇਬਲ ਟੀ.ਵੀ ਨੈਟਵਰਕ - 94172-14385

ਹੋਰ ਸੰਪਰਕ ਨੰਬਰ
98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 7 |
| | *ਡਾ. ਭਾਈ ਵੀਰ ਸਿੰਘ ਜੀ* | |
| 3. | ਸ੍ਰੀ ਗੁਰੂ ਨਾਨਕ ਦੇਵ ਜੀ-ਵੈਦ ਨੂੰ ਉਪਦੇਸ਼ | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਆਤਮ ਗਿਆਨ | 17 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 5. | .........ਦੇ ਲੰਮੀ ਨਦਰਿ ਨਿਹਾਲੀਐ॥ | |
| | *(ਪਿਆਰੇ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ)* | 21 |
| | *ਭਾਈ ਸੁਖਵਿੰਦਰ ਸਿੰਘ* | |
| 6. | ਸਾਸਿ ਸਾਸਿ ਸਿਮਰਹੁ ਗੋਬਿੰਦ | 25 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥ | 30 |
| | *ਡਾ. ਜਗਜੀਤ ਸਿੰਘ* | |
| 8. | ਸਮਾਗਮ ਲਈ ਸੱਦਾ ਪੱਤਰ | 31 |
| 9. | ਰੂਹਾਨੀਅਤ ਦਾ ਮਾਰਗ | 39 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 10. | ਸ੍ਰੀ ਗੁਰੂ ਨਾਨਕ ਦੇਵ ਜੀ ਸੰਤ ਸਿਪਾਹੀ ਸਰੂਪ | 48 |
| | *ਡਾ. ਜਗਜੀਤ ਸਿੰਘ* | |
| 11. | ਗੁਰਬਾਣੀ ਅਰਥ-ਭੰਡਾਰ | 51 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 12. | ਨੌਵੇਂ ਰਤਨ - ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ | 54 |
| | *ਗਿਆਨੀ ਮੇਹਰ ਸਿੰਘ* | |
| 13. | ਗੁਰੂ ਨਾਨਕ ਆਗਮਨ | 58 |
| | *ਡਾ. ਭਾਈ ਵੀਰ ਸਿੰਘ ਜੀ* | |
| 14. | ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ | 61 |
| | *ਡਾ. ਸਵਾਮੀ ਰਾਮ ਜੀ* | |
| 15. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

***'ਸਭ ਤੇ ਵਡਾ ਸਤਿਗੁਰ ਨਾਨਕੁ ਜਿਨਿ ਕਲ ਰਾਖੀ ਮੇਰੀ'*** ਪਵਿੱਤਰ ਧੁਰ ਦਰਗਾਹੀ ਬਾਣੀ ਦੀਆਂ ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਆਰ ਕਰਨ ਵਾਲੇ ਬਹੁਤ ਹੀ ਸ਼ਰਧਾ, ਚਾਅ, ਉਤਸ਼ਾਹ ਅਤੇ ਪਿਆਰ ਨਾਲ ਪੜ੍ਹਦੇ ਅਤੇ ਗਾਉਂਦੇ ਹਨ। ਅਸਲ ਵਿਚ ਇਹ ਸ਼ਬਦ ਗੁਰੂ ਨਾਨਕ ਦੀ ਪੰਜਵੀਂ ਜੋਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਆਇਆ ਹੈ। ਇਸ ਸ਼ਬਦ ਦੀ ਸ਼ੁਰੂਆਤ–

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*

*ਅੰਗ - ੭੪੯*

ਤੋਂ ਹੁੰਦੀ ਹੈ। ਸ਼ਬਦ ਦੇ ਅਖੀਰ ਵਿਚ –

*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥*
*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*

*ਅੰਗ- ੭੫੦*

ਇਸ ਅਗਾਧ ਬੋਧ ਬਾਣੀ ਨੂੰ ਪੜ੍ਹਦਿਆਂ, ਵਿਚਾਰਦਿਆਂ ਕਈ ਸਿਧਾਂਤ ਜਿਹਨ ਵਿਚ ਆਪ-ਮੁਹਾਰੇ ਉਤਰ ਆਉਂਦੇ ਹਨ। ਸਭ ਤੋਂ ਵੱਡੇ ਦਾ ਭਾਵ ਕੀ ਹੈ? ਉਹ ਰਾਖੀ ਕਿਵੇਂ ਕਰਦੇ ਹਨ? ਕਿਨ੍ਹਾਂ ਦੀ ਰਾਖੀ ਹੁੰਦੀ ਹੈ? ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ, ਜਨਮ ਸਾਖੀਆਂ ਵਿਚੋਂ ਪੜ੍ਹਿਆ ਵਿਚਾਰਿਆ ਜਾਵੇ ਉਨ੍ਹਾਂ ਦੀ ਬਾਣੀ ਦੇ ਸਿਧਾਂਤਾਂ ਨੂੰ ਵਿਚਾਰਿਆ ਜਾਵੇ ਤਾਂ ਆਪ-ਮੁਹਾਰੇ ਉਪਰੋਕਤ ਸਵਾਲਾਂ ਦੇ ਜਵਾਬ ਪ੍ਰਤੱਖ ਰੂਪਮਾਨ ਹੋ ਜਾਂਦੇ ਹਨ। ਆਪ ਜੀਆਂ ਵਲੋਂ ਮਨੁੱਖਤਾ ਦੇ ਭਲੇ ਲਈ ਕੀਤੀਆਂ ਚਾਰ ਉਦਾਸੀਆਂ ਦੌਰਾਨ ਵੱਖ-ਵੱਖ ਮਜ਼੍ਹਬਾਂ, ਧਰਮਾਂ ਦੇ ਮੁਖੀਆਂ, ਆਗੂਆਂ, ਰਾਜਿਆਂ ਅਤੇ ਜਨ ਸਮੂੰਹ ਵਿਚੋਂ ਪਏ ਕੁਰਾਹੇ ਆਮ ਸਧਾਰਨ ਲੋਕਾਂ ਨੂੰ ਦਿਤੀਆਂ ਸਿਖਿਆਵਾਂ ਅਤੇ ਦਰਸਾਏ ਸੱਚ ਦੇ ਮਾਰਗ ਤੋਂ 'ਵੱਡੇ' ਹੋਣ ਦਾ ਪ੍ਰਤੱਖ ਸਬੂਤ ਹੈ। ਸਰਬ ਕਲਾਂ ਸੰਪੂਰਨ, ਸਰਬ ਸ਼ਕਤੀਆਂ ਦੇ ਮਾਲਕ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ***'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥'*** ਪ੍ਰਮੇਸ਼ਰ ਵਾਹਿਗੁਰੂ ਜੀ ਨੇ ਸਾਕਾਰ ਰੂਪ ਸਮੁੱਚੀ ਲੋਕਾਈ ਦੇ ਦੁਖ ਦੂਰ ਕਰਨ ਹਿਤ ਸਤਿਗੁਰਾਂ ਦੇ ਰੂਪ ਵਿਚ ਧਾਰਨ ਕੀਤਾ। ਨਿਰਗੁਣ ਤੋਂ ਸਰਗੁਣ ਦੀ ਅਵਸਥਾ ਵਿਚ ਆਏ। ਗੁਰੂ ਸਾਹਿਬ ਜੀ ਦੇ ਵਡੱਪਣ ਦੀ ਸਾਖ ਆਪ ਜੀ ਵਲੋਂ ਜੀਵਨ ਦੌਰਾਨ ਦਿਤੇ ਗਏ ਉਪਦੇਸ਼ ਅਤੇ ਗੁਰਬਾਣੀ ਵਿਚ ਪ੍ਰਗਟਾਏ ਸਿਧਾਂਤਾਂ ਕਰਕੇ ਹੈ। ਸਮਾਜ ਦੇ ਹਰ ਖੇਤਰ ਵਿਚ, ਹਰ ਪਹਿਲੂ 'ਤੇ ਆਪ ਜੀ ਨੇ ਦ੍ਰਿਸ਼ਟੀ ਕੀਤੀ। ਧਾਰਮਿਕ, ਸਮਾਜਿਕ, ਰਾਜਨੀਤਿਕ ਭਾਵ ਸਾਰੇ ਖੇਤਰਾਂ ਵਿਚ ਕੁਰਾਹੇ ਪੈ ਚੁੱਕੇ, ਭੁੱਲੜਾਂ ਨੂੰ ਸਹੀ ਸੱਚ ਦਾ ਰਾਹ ਦਰਸਾਇਆ। ਧਾਰਮਿਕ ਅਕੀਦੇ ਨਾਲ ਜੁੜਿਆਂ ਨੂੰ ਸਹੀ ਆਤਮ ਮਾਰਗ 'ਤੇ ਤੋਰਿਆ। ਰਾਜਨੀਤਕਿ ਖੇਤਰ ਵਿਚ ਰਾਜਿਆਂ ਨੂੰ ਉਨ੍ਹਾਂ ਦੇ ਸੁਚੱਜੇ ਫਰਜ਼ਾਂ ਦੀ ਨਜ਼ਰਸਾਨੀ ਕਰਾਈ। ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਨਿਖੇਧਦੇ ਹੋਏ ਆਪ ਜੀ ਨੇ ਵਹਿਮਾਂ, ਭਰਮਾਂ ਪਾਖੰਡਾਂ, ਫੋਕੇ ਰੀਤੀ ਰਿਵਾਜਾਂ, ਕਰਮ-ਕਾਂਡਾਂ ਤੋਂ ਨਿਜਾਤ ਦੁਆ ਕੇ ਸੱਚ ਦੇ ਮਾਰਗ 'ਤੇ ਤੋਰਨਾ ਕੀਤਾ। ਜੀਵਨ ਜੁਗਤ ਦੀ ਸੋਝੀ ਕਰਵਾਈ। ਜੀਵਨ ਜਿਉਣ ਦਾ ਨਿਵੇਕਲਾ ਢੰਗ ਦਰਸਾਇਆ। ਉਸ ਵੇਲੇ ਸਮਾਜ ਦੀ ਹਾਲਤ ਇਤਨੀ ਤਰਸਯੋਗ ਹੋ ਗਈ ਸੀ ਕਿ ਜੀਵਨ ਦੇ ਹਰ ਖੇਤਰ ਵਿਚ ਨਿਘਾਰ ਆ ਚੁੱਕਾ ਸੀ। ਆਪ ਜੀ ਨੇ ਵੱਡੀਆਂ ਕਦਰਾਂ ਕੀਮਤਾਂ, ਸਿਧਾਂਤਾਂ ਦਾ ਪ੍ਰਗਟਾਵਾ ਕਰਕੇ ਦੁਨੀਆਂ ਵਿਚ ਪਈ ਅਗਿਆਨਤਾ ਦੀ ਧੁੰਦ ਨੂੰ ਸਦੀਵੀ ਤੌਰ 'ਤੇ ਪ੍ਰਕਾਸ਼ਮਈ ਕੀਤਾ। ਵੱਡੇ ਸਿਧਾਂਤਾਂ ਰਾਹੀਂ ਰੋਸ਼ਨੀ ਦਿਖਾਈ। ਹਨ੍ਹੇਰੇ ਵਿਚ ਠੋਕਰਾਂ ਹਨ, ਦੁਖ ਹਨ –

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥* *ਅੰਗ- ੩੨੫*

ਪ੍ਰਕਾਸ਼ ਵਿਚ ਸੁੱਖ ਹੈ, ਸ਼ਾਂਤੀ ਹੈ, ਅਨੰਦ ਹੈ। ਆਪ ਜੀ ਨੇ ਪ੍ਰਗਟ ਹੋ ਕੇ ਸਮੁੱਚੀ ਕਾਇਨਾਤ ਨੂੰ ਚਾਨਣਾ ਬਖਸ਼ਿਆ, ਸਦੀਵੀ ਖੇੜਾ ਅਨੰਦ ਬਖਸ਼ਿਆ। ਗੁਰੂ ਨਾਨਕ ਸਾਹਿਬ ਗੁਰ ਪ੍ਰਮੇਸ਼ਰ ਹਨ। ਗੁਰ ਪ੍ਰਮੇਸ਼ਰ ਦੁਨੀਆਂ 'ਤੇ ਹੋਰ ਕੋਈ ਨਹੀਂ ਹੋਇਆ। ਪ੍ਰਮੇਸ਼ਰ ਦਾ ਸਾਕਾਰ ਰੂਪ ਹੋਣ ਕਰਕੇ ਤਾਂ ਆਪ ਜੀ ਸਭ ਤੋਂ ਵੱਡੇ ਸਨ ਹੀ ਪਰ ਆਪ ਜੀ ਵਲੋਂ ਬਾਣੀ ਰਾਹੀਂ ਪ੍ਰਗਟ ਕੀਤੇ ਉੱਚੇ ਸਿਧਾਂਤਾਂ ਕਰਕੇ ਵੀ ਆਪ ਜੀ ਸਭ ਤੋਂ ਵੱਡੇ ਹਨ। ਜਦੋਂ ਵੱਡਿਆਂ ਨਾਲ ਜੁੜ ਜਾਵਾਂਗੇ ਤਾਂ ਫਿਰ ਲੋਕ ਤੇ ਪਰਲੋਕ ਵਿਚ ਰਾਖੀ ਹੋਣੀ ਵੀ ਸੰਭਵ ਹੈ। ਵੱਡੇ ਦੀ ਸ਼ਰਨ ਵਿਚ ਜਾ ਕੇ ਸਾਰੇ ਡਰ, ਭੈ, ਚਿੰਤਾਵਾਂ, ਦੁਖ, ਕਲੇਸ਼ ਤ੍ਰਿਸ਼ਨਾਵਾਂ ਆਦਿਕ ਖਤਮ ਹੋ ਜਾਂਦੇ ਹਨ। ਫਿਰ ਰੱਬ ਦਾ ਪਿਆਰਾ ਖੁਸ਼ੀ ਵਿਚ ਆ ਕੇ ਪਿਆਰ, ਸ਼ਰਧਾ, ਚਾਅ, ਉਮਾਹ ਨਾਲ ਪੜ੍ਹਦਾ ਤੇ ਗਾਉਂਦਾ ਹੈ – ***'ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ '***

ਉਪਰੋਕਤ ਦੀ ਵਿਸਥਾਰ ਨਾਲ ਪੁਸ਼ਟੀ ਇਸ ਅੰਕ

ਵਿਚ ਪਿਆਰੇ ਮਹਾਂਪੁਰਸ਼ਾਂ ਵਲੋਂ ਪ੍ਰਗਟਾਏ ਪ੍ਰਵਚਨਾਂ ਦੀ ਲੜੀ ਦੇ ਲੇਖਾਂ ਵਿਚ 'ਗੁਰੂ ਨਾਨਕ ਸਾਹਿਬ ਦਾ ਵੈਦ ਨੂੰ ਉਪਦੇਸ਼' ਵਾਲੇ ਲੇਖ ਵਿਚੋਂ ਰੂਪਮਾਨ ਹੋ ਰਹੀ ਹੈ। 'ਆਤਮ ਮਾਰਗ' ਦੇ ਮੁੱਖ ਐਡੀਟਰ ਡਾ. ਜਗਜੀਤ ਸਿੰਘ ਵਲੋਂ ਲੇਖ ਵੀ ਉਪਰੋਕਤ ਸਿਧਾਂਤਾਂ ਦਾ ਨਿਵੇਕਲੇ ਢੰਗ ਨਾਲ ਸਾਡੇ ਗਿਆਨ ਅਤੇ ਸ਼ਰਧਾ ਵਿਚ ਵਾਧਾ ਕਰ ਰਿਹਾ ਹੈ।

ਸਮਰੱਥ ਸਤਿਗੁਰੂ ਨਾਲ ਜੁੜ ਕੇ ਉਨ੍ਹਾਂ ਵਲੋਂ ਦਰਸਾਏ ਮਾਰਗ 'ਤੇ ਚੱਲ ਕੇ ਉਨ੍ਹਾਂ ਦੀ ਬਖਸ਼ਿਸ਼ ਦੇ ਪਾਤਰ ਬਣਿਆ ਜਾ ਸਕਦਾ ਹੈ। ਵੱਡਿਆਂ ਨਾਲ ਜੁੜ ਕੇ ਵੱਡੇ ਹੋ ਜਾਈਦਾ ਹੈ। ਕਿਸੇ ਵਿਦਵਾਨ ਦਾ ਕਥਨ ਹੈ –

*ਬੈਠੀਐ ਪਾਸ ਬਡਨ ਕੇ ਹੋਤ ਬਡਨ ਸਿਉ ਮੇਲ।*
*ਸਭੀ ਜਾਣਤ ਬਡਤ ਹੈ ਬਿਰਖ ਬਰਾਬਰ ਵੇਲ।*

ਜਿਵੇਂ ਕਿਸੇ ਵੇਲ ਨੂੰ ਜਿੰਨੀ ਉਚਾਈ ਵਾਲੀ ਚੀਜ਼ ਦਰਖਤ ਆਦਿਕ ਨਾਲ ਜੋੜਾਂਗੇ ਉਹ ਉਤਨੀ ਹੀ ਵੱਡੀ ਹੋ ਜਾਂਦੀ ਹੈ। ਇਸੇ ਤਰ੍ਹਾਂ ਇਹ ਮਨੁੱਖ ਵੀ ਉਚੇ-ਸੁੱਚੇ ਸਿਧਾਂਤਾਂ ਨਾਲ ਜੁੜ ਕੇ ਆਪ ਵੀ ਉੱਚਾ-ਸੁੱਚਾ ਹੋ ਸਕਦਾ ਹੈ। ਇਸ ਪ੍ਰਥਾਇ ਗੁਰਬਾਣੀ ਦਾ ਫੁਰਮਾਨ ਹੈ ਕਿ –

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*

*ਅੰਗ – ੯੨੯*

ਉਹ ਸੰਤ ਜਨ, ਰੱਬ ਦੇ ਪਿਆਰੇ, ਆਤਮਿਕ ਤੌਰ 'ਤੇ ਉੱਚੇ ਹੁੰਦੇ ਹਨ। ਕਿਉਂਕਿ ਉਹ ਸਮਰੱਥ ਸਤਿਗੁਰੂ ਅਤੇ ਨਾਮ ਨਾਲ ਜੁੜੇ ਹੁੰਦੇ ਹਨ। ਉਨ੍ਹਾਂ ਦੇ ਜੀਵਨ ਵਿਚ ਹਨ੍ਹੇਰਾ ਨਹੀਂ, ਪ੍ਰਕਾਸ਼ ਹੈ। ਰੋਸ਼ਨੀ ਹੈ, ਅੰਧਕਾਰ ਨਹੀਂ। ਸਤਿ ਦਾ ਜੀਵਨ ਹੈ। ਉਹ ਆਪ ਸਤਿ ਦੇ ਮਾਰਗ ਦੇ ਪਾਂਧੀ ਹਨ ਅਤੇ ਉਨ੍ਹਾਂ ਦੀ ਸੰਗਤ ਮਾਰਗ ਦੇ ਪਾਂਧੀ ਹਨ। ਉਨ੍ਹਾਂ ਦੀ ਸੰਗਤ ਕਰਨ ਵਾਲੇ ਇਕ ਨਹੀਂ ਲੱਖਾਂ ਜੀਵ ਵੀ ਉਸ ਸਤਿ ਦੇ ਮਾਰਗ ਦੇ ਪਾਂਧੀ ਬਣ ਜਾਂਦੇ ਹਨ।

ਐਸੇ ਹਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ। ਆਪ ਜੀ ਨਾਮ ਬਾਣੀ ਦੇ ਪਿਆਰ ਵਿਚ ਹਰ ਵਕਤ ਰੱਤੇ ਹੋਏ ਅੰਤਰਮੁਖੀ ਬਿਰਤੀ ਦੇ ਧਾਰਨੀ ਸਨ। ਨਾਮ ਤੋਂ ਬਾਣੀ ਦੀ ਅੰਦਰਲੀ ਰੋਸ਼ਨੀ ਦਾ ਪ੍ਰਕਾਸ਼ ਆਪ ਜੀ ਦੇ ਨੂਰੀ ਸਰੂਪ ਤੋਂ ਝਲਕਾਂ ਮਾਰਦਾ ਸੀ। ਪ੍ਰੇਮ ਅਤੇ ਅਪਣੱਤ ਦੀਆਂ ਤਰੰਗਾਂ ਵੰਡਦੇ ਆਪ ਜੀ ਹਰ ਇਕ ਨੂੰ ਹੀ ਆਪਣੇ ਹੀ ਲਗਦੇ ਸਨ। ਹਰ ਇਕ ਨੂੰ ਲਗਦਾ ਸੀ ਕਿ ਸਾਨੂੰ ਸਭ ਤੋਂ ਵੱਧ ਪਿਆਰ ਕਰਦੇ ਹਨ ਪਰ ਅਸਲ ਵਿਚ ਉਨ੍ਹਾਂ ਦਾ ਸਮੁੱਚਾ ਜੀਵਨ ਪ੍ਰਕਾਸ਼ ਦਿੰਦਾ ਨਿੱਘਾ ਸੂਰਜ ਹੈ। ਸਦਾ ਨਾਮ ਰਸ ਵਿਚ ਲੀਨ ਰਹਿੰਦੇ ਅਤੇ ਸਦੀਵੀ ਆਤਮਿਕ ਅਨੰਦ ਮਾਣਦੇ ਸੀ। ਸਮਰੱਥ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਆਪ ਪ੍ਰਵਾਨ ਹੋ ਚੁੱਕੇ ਸਨ –

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥*

*ਅੰਗ– ੭੪੯*

ਉਹ ਆਪ ਪ੍ਰਵਾਨ ਹੋਏ ਅਤੇ ਉਨ੍ਹਾਂ ਵਲੋਂ ਕੀਤੇ ਕਾਰਜ ਵੀ ਸਫਲ ਹਨ। ਉਨ੍ਹਾਂ ਵਲੋਂ ਕੀਤੇ ਕਾਰਜਾਂ ਨਾਲ ਮਨੁੱਖਤਾ ਨੂੰ ਸਦਾ ਸੇਧ ਮਿਲਦੀ ਰਹੇਗੀ। ਸੁਖਮਈ ਜੀਵਨ ਪ੍ਰਾਪਤ ਹੁੰਦਾ ਰਹੇਗਾ। ਆਪ ਜੀਆਂ ਦੇ ਪਰਉਪਕਾਰੀ ਕਾਰਜਾਂ ਅਤੇ ਪ੍ਰਵਾਨ ਹੋਏ ਜੀਵਨ ਦੇ ਪ੍ਰੇਮ ਕੌਤਕ ਆਪ ਜੀ ਸਮੂੰਹ ਪਾਠਕ ਜਨ ਇਸ ਅੰਕ ਵਿਚ ਪੜ੍ਹ ਸਕਦੇ ਹੋਂ। ਪੜ੍ਹ ਕੇ, ਵਿਚਾਰ ਕੇ ਉਨ੍ਹਾਂ ਰੱਬੀ ਰੂਹਾਂ, ਆਤਮ ਰਸੀਏ ਜੀਵਨ ਤੋਂ ਸੇਧ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਅਤੇ ਨਾਮ ਬਾਣੀ ਨਾਲ ਜੁੜ ਕੇ ਖੇੜਿਆਂ ਦੇ ਮੰਡਲ ਵਿਚ ਪ੍ਰਵੇਸ਼ ਕਰ ਸਕਦੇ ਹਾਂ। ਉਨ੍ਹਾਂ ਪਿਆਰਿਆਂ ਦੀ ਯਾਦ ਭਾਵੇਂ ਹਰ ਪਿਆਰ ਵਾਲੇ ਹਿਰਦੇ ਵਿਚ ਹਰ ਸਮੇਂ ਵਸ ਰਹੀ ਹੈ ਜਿਨ੍ਹਾਂ ਨੂੰ ਉਨ੍ਹਾਂ ਤੋਂ 'ਜੀਅ ਦਾਨ' ਮਿਲਿਆ। ਸਮੂਹਿਕ ਸੰਗਤ ਵਲੋਂ 30-31 ਅਕਤੂਬਰ ਅਤੇ 1-2 ਨਵੰਬਰ ਨੂੰ ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਉਨ੍ਹਾਂ ਦੀ ਯਾਦ ਪਿਆਰ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਇਨ੍ਹਾਂ ਮਹਾਨ ਗੁਰਮਤਿ ਰੂਹਾਨੀ ਸਮਾਗਮਾਂ ਵਿਚ ਲੱਖਾਂ ਹੀ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਪਿਆਰਿਆਂ ਦੇ ਪਿਆਰ ਵਿਚ ਸ਼ਰਧਾ ਪਿਆਰ ਨਾਲ ਪਹੁੰਚ ਰਹੀਆਂ ਹਨ। ਸੰਸਥਾ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਮਾਗਮ ਦੇ ਸੁਚੱਜੇ ਪ੍ਰਬੰਧ ਮੀਟਿੰਗਾਂ ਰਾਹੀਂ ਸਮੂੰਹ ਟਰੱਸਟ ਮੈਂਬਰਾਂ ਅਤੇ ਸੰਗਤ ਦੇ ਸਹਿਯੋਗ ਨਾਲ ਕੀਤੇ ਗਏ ਹਨ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨ ਸਭ ਸੰਗਤਾਂ, ਸੇਵਾਦਾਰਾਂ, ਪ੍ਰਬੰਧਕ ਜਨਾਂ ਤੋਂ ਸਿਰ 'ਤੇ ਮਿਹਰਾਂ ਭਰਿਆ ਹੱਥ ਰੱਖ ਕੇ ਸੇਵਾ ਲੈਣ, ਚੜ੍ਹਦੀਆਂ ਕਲਾਂ ਬਖਸ਼ਣ। ਸਾਰਿਆਂ ਨੂੰ ਸਤਿਪੁਰਸ਼ਾਂ ਦੀ ਯਾਦ ਵਿਚ ਜੁੜ ਕੇ ਨਾਮ ਬਾਣੀ ਵਾਲਾ ਆਤਮਿਕ ਜੀਵਨ ਪ੍ਰਾਪਤ ਹੋਵੇ। ਇਕ ਅਰਦਾਸ ਰਾਹੀਂ ਕੀਤੀ ਲੋਚਾ ਪੂਰੀ ਹੋਵੇ –

*ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।*
*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।*

*ਭਾਈ ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ, 'ਆਤਮ ਮਾਰਗ' ਮੈਗਜ਼ੀਨ*

# ਮੱਘਰ

**(ਮੱਘਰ ਮਹੀਨੇ ਦੀ ਸੰਗਰਾਂਦ : 15 ਨਵੰਬਰ, ਦਿਨ ਮੰਗਲਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**
**ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**
**ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥**
**ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥**
**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**
**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**
**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥**

**ਅੰਗ - 135**

ਮੱਘਰ ਮਹੀਨੇ ਦੁਆਰਾ (ਉਪਦੇਸ਼ ਹੈ ਕਿ ਜਗਿਆਸੂ ਰੂਪ ਯਾ ਜੀਵ ਰੂਪ ਇਸਤ੍ਰੀਆਂ ਓਹ) ਸੁਹਣੀਆਂ ਲਗ ਰਹੀਆਂ ਹਨ ਜੋ ਹਰੀ ਰੂਪ ਪਤੀ ਦੇ ਪਾਸ ਬੈਠੀਆਂ ਹੋਈਆਂ ਹਨ। ਉਨ੍ਹਾਂ ਦੀ ਸ਼ੋਭਾ ਕੀਹ ਵਰਣਨ ਕਰਾਂ ਜੋ ਮਾਲਕ ਨੇ ਆਪ (ਆਪਣੇ ਨਾਲ) ਮੇਲ ਲਈਆਂ ਹਨ। (ਐਸੀਆਂ) ਸੰਤ (ਰੂਪ) ਸਹੇਲੀਆਂ (ਦੇ) ਸੰਗ ਵਿਚ (ਜੋ ਆਈਆਂ ਓਹ ਰਾਮ ਨੂੰ ਮਿਲ ਪਈਆਂ ਤੇ) ਰਾਮ ਨਾਲ (ਮਿਲ ਕੇ ਉਨ੍ਹਾਂ ਦਾ) ਤਨ ਤੇ ਮਨ ਪ੍ਰਫੁੱਲਤ ਹੋ ਗਿਆ। (ਪਰ ਜੋ ਐਸੇ) ਸਾਧੂ ਜਨਾਂ ਤੋਂ ਵਾਂਝੀਆਂ ਰਹੀਆਂ ਉਹ ਇਕੱਲੀਆਂ ਰਹਿ ਜਾਣਗੀਆਂ। (ਨਾ ਸਤਿਸੰਗ ਤੇ ਨਾ ਹਰੀ ਦੇ ਮਿਲਣ ਕਰਕੇ) ਉਨ੍ਹਾਂ ਦਾ ਦੁਖ ਕਦੇ ਦੂਰ ਨਹੀਂ ਹੋਣਾ (ਕਿਉਂਕਿ) ਉਹ ਜਮਾਂ ਦੇ ਵਸ (ਜੋ) ਪੈ ਗਈਆਂ ਹਨ। (ਪਰ) ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ (ਸਿਮਰਿਆ ਯਾ) ਮਾਣਿਆ ਹੈ ਉਹ ਸਦਾ (ਹਰੀ ਸੇਵਾ ਵਿਚ ਉਸ ਦੀ ਹਜ਼ੂਰੀ ਵਿਚ) ਖੜ੍ਹੀਆਂ ਦਿਸਦੀਆਂ ਹਨ। ਉਨ੍ਹਾਂ ਦੇ ਕੰਠ ਵਿਚ ਰਤਨ ਜਵਾਹਰ, ਲਾਲ ਰੂਪ ਹਰੀ (ਦਾ ਨਾਮ) ਜੜਿਆ ਹੋਇਆ ਹੈ, (ਇਉਂ ਜੋ) ਪ੍ਰਭੂ ਦੇ ਦਰਵਾਜ਼ੇ ਅੱਗੇ (ਉਸ ਦੀ) ਸ਼ਰਣ ਵਿਚ ਜਾ ਪਈਆਂ ਹਨ; ਨਾਨਕ ਉਨ੍ਹਾਂ ਦੀ (ਚਰਨ) ਧੂੜੀ ਨੂੰ (ਬਾਂਛੈ) ਲੋਚਦਾ ਹੈ। ਮੱਘਰ ਵਿਚ (ਜਿਨ੍ਹਾਂ ਨੇ) ਪ੍ਰਭੂ ਨੂੰ ਆਰਾਧਣਾ ਹੈ (ਉਨ੍ਹਾਂ ਲਈ) ਦੁਬਾਰਾ ਜਨਮ ਨਹੀਂ ਹੈ।

ਵਿਆਖਿਆ - ਇਸ ਵਿਚ ਸੁਹਾਗਣ ਵਤ ਪ੍ਰਭੂ ਨੂੰ ਮਿਲੇ ਸੰਤਾਂ ਦਾ ਰੂਪਕ ਤੇ ਉਹਨਾਂ ਦੇ ਸੁਖ ਦਾ ਵਰਣਨ ਹੈ ਤੇ ਮਿਲਾਪ ਦਾ ਕਾਰਣ ਸਾਧੂ ਜਨ ਦਾ ਸਤਿਸੰਗ ਦੱਸਿਆ ਹੈ। ਫਿਰ ਸਤਿਸੰਗ ਤੋਂ ਵਿਰਵੇ ਰਹੇ ਜਗਿਆਸੂ ਦਾ ਜ਼ਿਕਰ ਹੈ। ਅੰਤ ਵਿਚ ਵਿਛੁੜੇ ਜੀਵ ਨੂੰ ਦੱਸਿਆ ਹੈ ਕਿ ਮਿਲ ਰਹੇ ਸ਼ਰਣ ਪ੍ਰਾਪਤ ਸਾਧੂ ਜਨਾਂ ਦੀ ਸੰਗਤ ਕਰ ਜੋ ਤੇਰਾ ਜਨਮ ਮਰਨ ਮਿਟ ਜਾਵੇ।

ਨਿਰੁੱਕਤ - ਸੁਗਮੰ।

# ਸ੍ਰੀ ਗੁਰੂ ਨਾਨਕ ਦੇਵ ਜੀ - ਵੈਦ ਨੂੰ ਉਪਦੇਸ਼

## (ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਦੇ ਸਬੰਧ ਵਿਚ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ ਰੂ. ਮਿਸ਼ਨ।*

***(ਲੜੀ ਜੋੜਨ ਲਈ ਦੇਖੋ ਅਕਤੂਬਰ ਅੰਕ, ਪੰਨਾ-16)***

ਇਕ ਸੂਫੀ ਪੀਰ ਸੀ, ਉਹਦੇ ਮੁਰੀਦ ਨੇ ਪੁੱਛਿਆ ਕਿ ਮਹਾਰਾਜ! ਜਿਹੜੀ ਖਿੱਚ ਪੈਂਦੀ ਹੈ ਉਹਦੀ ਕੋਈ ਨਿਸ਼ਾਨੀ ਵੀ ਹੁੰਦੀ ਹੈ?

ਕਹਿੰਦੇ, ਪਿਆਰਿਆ! ਖਿੱਚ ਤਾਂ ਪੈਂਦੀ ਹੈ ਜੇ ਰੱਬ ਨਾਲ ਇਸ਼ਕ ਹੋਵੇ। ਆਸ਼ਿਕ ਹੋਵੇ, ਪਿਆਰ ਹੋਵੇ।

ਵੈਸੇ ਨਹੀਂ ਖਿੱਚ ਪਿਆ ਕਰਦੀ। ਦੁਨੀਆਂ ਸਾਰੀ ਫਿਰਦੀ ਹੈ ਕਿਹਦੀ ਖਿੱਚ ਹੈ ਰੱਬ ਨਾਲ ਪਈ ਹੋਈ? ਜਿਨ੍ਹਾਂ ਦੇ ਅੰਦਰ ਖਿੱਚ ਪਈ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਜਿਨ੍ਹਾਂ ਦੇ ਹਿਰਦੇ 'ਚ ਖਿੱਚ ਪੈ ਗਈ, ਉਹ ਤਾਂ ਦਿਨ ਰਾਤ ਇਕ ਟੱਕ, ਇਕ ਧਿਆਨ ਦੇ ਵਿਚ ਰਹਿੰਦੇ ਨੇ ਇਸ ਤਰ੍ਹਾਂ ਪੜ੍ਹ ਲਓ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਕਹਿਣ ਲੱਗੇ, ਪਿਆਰਿਆ! ਚਕੋਰ ਦੇ ਹਿਰਦੇ 'ਚ ਖਿੱਚ ਪਈ ਹੋਈ ਹੈ ਚੰਦਰਮਾ ਦੀ। ਸਾਰੀ ਰਾਤ ਟੱਕ ਲਾ ਕੇ ਦੇਖਦਾ ਹੈ, ਜਿੱਧਰ ਨੂੰ ਜਾਂਦਾ ਹੈ, ਆਪ ਓਧਰ ਨੂੰ ਮੁੜਦਾ, ਗਰਦਨ ਮਰੋੜਦਾ ਹੈ ਕਿ ਕਿਤੇ ਚਿਰ ਨਾ ਲੱਗ ਜਾਏ ਮੈਨੂੰ ਮੁੜਨ ਵਾਸਤੇ ਮੇਰੇ ਨੇਤਰਾਂ ਤੋਂ ਉਹਲੇ ਨਾ ਹੋ ਜਾਵੇ। ਚਕਵੀ ਦਾ ਤੇ ਸੂਰਜ ਦਾ ਪਿਆਰ ਹੈ। ਰਾਤ ਦੇ ਵਿਛੜੇ ਹੋਏ ਚਕਵਾ ਤੇ ਚਕਵੀ ਇਕੱਠੇ ਹੋ ਜਾਂਦੇ ਨੇ। ਦੋਵੇਂ ਇਕੱਠੇ ਰਹਿੰਦੇ ਨੇ, ਜਦੋਂ ਵਿਛੋੜਾ ਹੋ ਜਾਂਦਾ ਹੈ, ਇਨ੍ਹਾਂ ਦਾ ਵੀ ਉਸੇ ਵੇਲੇ ਵਿਛੋੜਾ ਹੋ ਜਾਂਦਾ ਹੈ। ਫੇਰ ਨਹੀਂ ਇਹ ਰਾਤ ਨੂੰ ਮਿਲਦੇ। ਇਸੇ ਤਰ੍ਹਾਂ ਦੇ ਨਾਲ ਕਮਲ ਹੈ, ਪਾਣੀ ਦੇ ਨਾਲ ਨੇਹੁੰ ਹੈ। ਪਾਣੀ ਹੋਵੇ ਤਾਂ ਖਿੜ ਕੇ ਮੂੰਹ ਦਿਖਾਲਦਾ ਹੈ। ਮੋਰ ਬੋਲਦੇ ਨੇ, ਬਬੀਹੇ ਬੋਲਦੇ ਨੇ, ਬੱਦਲਾਂ ਦੇ ਨਾਲ ਨੇਹੁੰ ਹੈ ਇਨ੍ਹਾਂ ਦਾ। ਇਸਤ੍ਰੀ ਦਾ ਪਤੀ ਨਾਲ ਪਿਆਰ ਹੈ। ਮਾਂ-ਪੁੱਤ ਦੀ ਸੰਭਾਲ ਕਰਦੀ ਹੈ। ਇਵੇਂ ਜਿਵੇਂ ਜਿਹੜੇ ਮੁਰੀਦ ਨੇ ਇਨ੍ਹਾਂ ਦਾ ਆਪਣੇ ਪੀਰਾਂ ਨਾਲ ਪਿਆਰ ਹੋਇਆ ਕਰਦਾ ਹੈ। ਸੋ ਇਹ ਪਿਆਰ ਦੀ ਬਾਤ ਮੈਂ ਦੱਸੀ ਹੈ। ਖਿੱਚ ਦੀ ਬਾਤ ਹੈ। ਜੇ ਹਿਰਦੇ ਵਿਚ ਪੂਰੀ ਖਿੱਚ ਆ ਜਾਵੇ ਤਾਂ ਮਹਾਰਾਜ ਕਹਿੰਦੇ, ਅਵਸਥਾ ਇਸ ਤਰ੍ਹਾਂ ਦੀ ਹੋ ਜਾਂਦੀ ਹੈ -

*ਧਾਰਨਾ - ਨਾ ਜੀਵੇ, ਕੋਈ ਰਾਮ ਦਾ ਵਿਜੋਗੀ।*

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ ੭੬ ॥*

*ਅੰਗ - ੧੩੬੮*

ਜ਼ਿੰਦਗੀ ਨਹੀਂ ਹੈ ਪ੍ਰਮੇਸ਼ਰ ਤੋਂ ਬਗੈਰ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨ ॥੩੬ ॥ ਅੰਗ - ੧੩੭੯*

ਜਲੇ ਹੋਏ ਹਿਰਦੇ ਨੇ, ਜਿਹਦੇ ਅੰਦਰ ਕਦੇ ਪ੍ਰਮੇਸ਼ਰ ਦੀ ਖਿੱਚ ਨਹੀਂ ਪੈਂਦੀ, ਗੁਰੂ ਦੀ ਖਿੱਚ ਨਹੀਂ ਪੈਂਦੀ, ਪਿਆਰ ਦੀ ਖਿੱਚ ਨਹੀਂ ਪੈਂਦੀ, ਕਹਿੰਦੇ ਉਹ ਤਾਂ ਕਿਸੇ ਕੰਮ ਦੇ ਨਹੀਂ ਹੁੰਦੇ, ਮੁਰਦੇ ਨੇ ਉਹ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥*

*ਅੰਗ - ੨੫੩*

ਸੋ ਪੀਰ ਕਹਿਣ ਲੱਗਿਆ, ਮੁਰੀਦ ਨੂੰ ਪਿਆਰਿਆ! ਪਿਆਰ ਦੀਆਂ ਨਿਸ਼ਾਨੀਆ ਕੁਝ-ਕੁਝ ਹੁੰਦੀਆਂ ਨੇ। ਉਹ ਮੈਂ ਤੈਨੂੰ ਦਸ ਦਿੰਦਾ ਹਾਂ।

ਪਿਆਰ ਕਰਨ ਵਾਲਿਆਂ ਦੀਆਂ ਨੌਂ ਨਿਸ਼ਾਨੀਆਂ ਹੁੰਦੀਆਂ ਨੇ। ਕਿਹੜੀ-ਕਿਹੜੀ ਹੈ? ਕਹਿੰਦੇ ਪਹਿਲੀ ਅਵਸਥਾ ਦੇ ਅੰਦਰ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*

ਠੰਢੀਆਂ ਆਹਾਂ ਭਰਦਾ ਹੈ, ਰੰਗ ਜਿਹੜਾ ਹੈ ਉਹ ਪੀਲਾ ਹੋ ਜਾਂਦਾ ਹੈ ਵਿਯੋਗ ਦੇ ਅੰਦਰ ਤੇ ਅੱਖਾਂ ਦੇ ਵਿਚ ਮੱਲੋ-ਮੱਲੀ ਪਾਣੀ ਆਉਂਦਾ ਹੈ। ਬਗੈਰ ਕਿਸੇ ਗੱਲ ਤੋਂ ਅੱਖਾਂ ਪਾਣੀ ਵਰਸਾਉਣ ਲਗ ਜਾਂਦੀਆਂ ਨੇ। ਹੰਝੂ ਵਰ੍ਹਦੇ ਨੇ, ਖਿੱਚ ਅੰਦਰ ਹੋਇਆ ਕਰਦੀ ਹੈ -

*ਕਮਗੁਫਤਨੋ, ਕਮ ਖੁਰਦਨੋਂ,ਖੁਆਬਸ਼ ਹਰਾਮ,*
*ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਥੋੜ੍ਹਾ ਬੋਲਦਾ ਹੈ, ਥੋੜ੍ਹਾ ਖਾਂਦਾ ਹੈ, ਨੀਂਦ ਵੀ ਥੋੜ੍ਹੀ ਉਸ ਨੂੰ ਆਉਂਦੀ ਹੈ। ਹਰ ਵਕਤ ਇੰਤਜ਼ਾਰ 'ਚ ਰਹਿੰਦਾ

ਹੈ, ਬੇਕਰਾਰੀ ਹਿਰਦੇ 'ਚ ਲੱਗੀ ਰਹਿੰਦੀ ਹੈ ਤੇ ਮੱਥੇ ਉਤੇ ਹੱਥ ਰੱਖ ਲੈਂਦਾ ਹੈ ਬਾਰ-ਬਾਰ। ਕਿਉਂਕਿ ਪਿਆਰ ਵਿਚ ਇੰਤਜ਼ਾਰ ਹੈ ਉਸ ਦੇ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਕਿਉਂ ਵੈਦ ਜੀ! ਕੋਈ ਹੈ ਦਵਾਈ ਤੁਹਾਡੇ ਕੋਲ ਐਸੀ?

ਚੁੱਪ ਕਰ ਗਿਆ ਵੈਦ। ਕਹਿਣ ਲੱਗਿਆ, ਨਾਨਕ ਜੀ! ਇਹ ਦਵਾਈ ਤਾਂ ਹੈ ਹੀ ਨਹੀਂ। ਮਹਾਰਾਜ ਕਹਿੰਦੇ, ਤੂੰ ਆਇਆ ਤਾਂ ਹੈਂ ਜ਼ਰੂਰ ਦੇਖਣ ਵਾਸਤੇ, ਪਰ ਤੂੰ ਰਾਜ਼ੀ ਹੈਂ? ਕਹਿੰਦਾ, ਮੈਂ ਤਾਂ ਬਿਲਕੁਲ ਤੰਦਰੁਸਤ ਹਾਂ।

ਮਹਾਰਾਜ ਹੱਸ ਪਏ।

ਉਸ ਵਕਤ ਵੈਦ ਸ਼ਰਧਾ 'ਚ ਆ ਗਿਆ ਕਿ ਪਾਧੇ ਨੂੰ ਪੜ੍ਹਾਉਣ ਵਾਲੇ, ਮੁੱਲਾਂ ਨੂੰ ਪੜ੍ਹਾਉਣ ਵਾਲੇ, ਸ਼ਾਸਤਰੀ ਨੂੰ ਗਿਆਨ ਦੇਣ ਵਾਲੇ, ਅੱਜ ਮੇਰਾ ਵਾਹ ਪੈ ਗਿਆ ਇਨ੍ਹਾਂ ਨਾਲ ਤੇ ਮੈਂ ਅੱਜ ਸ਼ਰਧਾ ਨਾਲ ਕੁਛ ਲੈ ਲਵਾਂ ਗੁਰੂ ਨਾਨਕ ਪਾਤਸ਼ਾਹ ਤੋਂ।

ਦੋਵੇਂ ਹੱਥ ਜੋੜ ਕੇ ਕਹਿਣ ਲੱਗਿਆ, ਹੇ ਨਾਨਕ! ਜਿਵੇਂ ਉਨ੍ਹਾਂ 'ਤੇ ਕ੍ਰਿਪਾ ਕਰੀ ਹੈ ਅੱਜ ਮੇਰੇ 'ਤੇ ਵੀ ਕ੍ਰਿਪਾ ਕਰੋ। ਤੁਸੀਂ ਜੋ ਇਹ ਟੂਕ ਮਾਰੀ ਹੈ ਕਿ ਤੂੰ ਰਾਜ਼ੀ ਹੈਂ? ਇਹਦੇ ਵਿਚ ਕੋਈ ਬੜਾ ਭੇਤ ਹੈ। ਆਪ ਕ੍ਰਿਪਾ ਕਰਕੇ ਦੱਸੋ ਪਰ ਮੈਂ ਵੈਦਕ ਦੇ ਹਿਸਾਬ ਨਾਲ ਦਸ ਦਿੰਦਾ ਹਾਂ ਕਿ ਮੈਂ ਤੰਦਰੁਸਤ ਹਾਂ।

ਮਹਾਰਾਜ ਕਹਿੰਦੇ, ਤੂੰ ਤਾਂ ਤੂੰ, ਸਾਰਾ ਸੰਸਾਰ ਜਿੰਨਾਂ ਨਜ਼ਰ ਆਉਂਦਾ ਹੈ, ਉਹ ਸਾਰੇ ਹੀ ਰੋਗੀ ਨੇ। ਰਾਜ਼ੀ ਨਹੀਂ ਹੈ ਕੋਈ ਵੀ ਸੰਸਾਰ ਦੇ ਅੰਦਰ। ਦੁਖਾਂ ਦੇ ਭਰੇ ਹੋਏ ਨੇ, ਦੁਖਾਂ ਦੇ ਮਾਰੇ ਹੋਏ ਨੇ। ਦੁੱਖਾਂ ਨੇ ਘੇਰੇ ਹੋਏ ਨੇ। ਕੋਈ ਵੀ ਰਾਜ਼ੀ ਨਹੀਂ ਹੈ। ਵੈਦ ਕਹਿਣ ਲੱਗਾ, "ਮਹਾਰਾਜ! ਆਪ ਕ੍ਰਿਪਾ ਕਰਕੇ ਵਿਸਥਾਰ ਨਾਲ ਦੱਸੋ?"

ਮਹਾਰਾਜ ਕਹਿੰਦੇ, ਰੋਗ ਜਿਹੜਾ ਹੈ, ਬਿਮਾਰੀ ਹੈ, ਇਹ ਹਮੇਸ਼ਾ ਮਨ ਤੋਂ ਪੈਦਾ ਹੁੰਦੀ ਹੈ। ਅੰਦਰ ਜਿਹੜਾ ਮਨ ਹੈ ਇਹ ਦੋ ਪਾਸੇ ਹੈ, ਇਕ ਤਾਂ ਬਾਹਰਲੀ ਦੁਨੀਆਂ ਨਾਲ ਵੀ ਇਹੀ ਵਰਤਦਾ ਹੈ, ਅੰਦਰਲੀ ਅਵਸਥਾ ਨਾਲ ਵੀ ਇਹੀ ਵਰਤਦਾ ਹੈ। ਇਹ ਵਿਚ-ਵਿਚਾਲੇ ਦਾ ਪੁਆਇੰਟ (ਸਥਾਨ) ਹੈ ਇਹ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਅੰਗ- ੩੪੨*

ਸੰਸਾਰ ਵਲ ਨੂੰ ਵੀ ਇਹੀ ਮਨ ਦੇਖਦਾ ਹੈ ਤੇ ਅੰਦਰਲੇ ਪਾਸੇ ਵੀ ਇਹੀ ਮਨ ਦੇਖਦਾ ਹੈ। ਇਹ ਮਨ ਜੇ ਰੋਗੀ ਹੋ ਜਾਵੇ ਤਾਂ ਸਾਰਾ ਸਰੀਰ ਰੋਗ ਨਾਲ ਭਰ ਜਾਇਆ ਕਰਦਾ ਹੈ। ਸੰਸਾਰ ਨੂੰ ਨਹੀਂ ਪਤਾ ਲਗਦਾ ਕਿ ਅਸੀਂ ਬਿਮਾਰ ਕਿਉਂ ਹਾਂ?

ਇਥੇ ਸੁਆਮੀ ਜੀ ਆਏ ਸੀ। ਉਹ ਕਹਿੰਦੇ ਕਿ ਮੈਂ ਸਾਰੀ ਜ਼ਿੰਦਗੀ ਦਾ ਤਜਰਬਾ ਦਸਦਾ ਹਾਂ ਕਿ 80% ਬੰਦੇ ਆਪੇ ਹੀ ਬਿਮਾਰ ਹੁੰਦੇ ਨੇ। ਇਕ ਬਿਮਾਰੀ ਤਾਂ ਇਹ ਹੋ ਗਈ ਕਿ ਮੱਛਰ ਲੜ ਗਿਆ ਬੁਖਾਰ ਚੜ੍ਹ ਗਿਆ। ਕਿਸੇ ਨੂੰ ਜ਼ੁਕਾਮ ਹੋਇਆ ਹੈ ਉਹਦਾ ਅਸਰ ਪੈ ਗਿਆ ਆਪਣੇ ਆਪ ਉਪਰ। ਹੈ ਤਾਂ ਇਹ ਵੀ ਕਮਜ਼ੋਰੀ। ਇਹ ਵੀ ਤਾਂ ਹੀ ਹੁੰਦੀ ਹੈ ਜੇ ਆਦਮੀ ਦੇ ਅੰਦਰ ਦਾ ਸੰਤੁਲਨ ਵਿਗੜਿਆ ਹੋਇਆ ਹੈ। ਪਰ ਉਹ ਕਹਿੰਦੇ, ਮਨ ਦੇ ਫਿਕਰਾਂ ਕਾਰਨ (under stress) ਬਿਮਾਰ ਹਨ। 80%। 20% ਬੰਦੇ ਨੇ ਜਿਨ੍ਹਾਂ ਨੂੰ ਦਵਾਈਆਂ ਦੀ ਲੋੜ ਹੈ, ਬਾਕੀਆਂ ਨੂੰ ਲੋੜ ਹੀ ਨਹੀਂ ਹੈ। ਆਪਣੇ ਆਪ ਹੀ ਰਾਜ਼ੀ ਹੋ ਜਾਂਦੇ ਨੇ।

ਸੋ ਮਹਾਰਾਜ ਕਹਿੰਦੇ, ਪਹਿਲਾਂ ਮਨ ਰੋਗੀ ਹੁੰਦਾ ਹੈ। ਉਹ ਤਾਂ ਹੁੰਦਾ ਹੈ, ਨਰੋਈ, ਲਹਿਰ ਹੈ ਜਿਹੜੀ, ਨਰੋਈ ਐਨਰਜੀ ਹੈ ਜਿਹੜੀ ਆ ਰਹੀ, ਤਾਜ਼ਾ ਐਨਰਜੀ ਵਾਹਿਗੁਰੂ ਤੋਂ ਉਸ ਦੇ ਨਾਲੋਂ ਆਪਣਾ ਸਬੰਧ ਤੋੜ ਕੇ ਖਾਣ-ਪੀਣ, ਪਹਿਨਣ ਦੇ ਨਾਲ ਲਾ ਲੈਂਦਾ ਹੈ। ਭੋਗਾਂ ਦੇ ਨਾਲ ਲਾ ਲੈਂਦਾ ਹੈ। ਭੋਗਾਂ ਦੀ ਦੁਨੀਆਂ 'ਚ ਵਸ ਜਾਂਦਾ ਹੈ। ਅੰਦਰੋਂ ਜਿਹੜਾ ਸਬੰਧ ਹੈ ਉਹ ਟੁੱਟ ਜਾਂਦਾ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥* *ਅੰਗ- ੧੨੫੬*

ਰੋਗਾਂ ਦੀ ਥਿਊਰੀ ਇਹੀ ਹੈ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ- ੧੩੫*

ਇਕ ਦੋ ਦਸਾਂ ਦੀ ਕੀ ਗੱਲ ਕਰਦਾ ਹੈਂ। ਸਾਰੇ ਰੋਗ ਪ੍ਰਮੇਸ਼ਰ ਤੋਂ ਭੁੱਲ ਕੇ ਪੈਦਾ ਹੁੰਦੇ ਨੇ। ਜਿਸ ਦਾ ਮਨ ਬਿਮਾਰ ਹੈ, ਉਹ ਦਵਾਈਆਂ ਨਾਲ ਨਹੀਂ ਰਾਜ਼ੀ ਹੋਇਆ ਕਰਦਾ। ਕਿੰਨੀਆਂ ਹੀ ਦਵਾਈਆਂ ਦੇ ਲਓ। ਜੇ ਮਨ ਦੇ ਅੰਦਰ ਕ੍ਰੋਧ ਹੈ ਆਦਮੀ ਦੇ ਅੰਦਰ ਰੋਟੀ ਦੀ ਭੁੱਖ ਲਗਦੀ ਹੀ ਨਹੀਂ। ਭੁੱਖ ਕਿਵੇਂ ਲਗ ਜਾਏਗੀ ਕਿਉਂਕਿ ਅੰਦਰ ਕ੍ਰੋਧ ਨੇ ਜਾਲਿਆ ਪਿਆ ਹੈ। ਜੇ ਵਧੀਕ ਉਹਦੇ ਅੰਦਰ ਕਾਮ ਭਾਵਨਾ ਹੈ, ਉਹ ਵੀ ਰਾਜ਼ੀ ਨਹੀਂ ਰਿਹਾ ਕਰਦਾ, ਬਿਮਾਰ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਕਾਇਆਂ ਨੂੰ ਗਾਲਦੇ, ਕਾਮ ਤੇ ਕ੍ਰੋਧ ਦੋਵੇਂ।*

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ - ੯੩੨*

ਸਿਰਫ ਜਜ਼ਬੇ ਨੇ, ਕੋਈ ਅਸੀਂ ਦਵਾਈ ਗਲਤ ਨਹੀਂ ਖਾ ਬੈਠੇ। ਕੋਈ ਪਾਣੀ ਅਸੀਂ ਦੂਸ਼ਿਤ ਨਹੀਂ ਪੀ ਬੈਠੇ। ਨਾ ਅਸੀਂ ਕਿਸੇ ਮਾੜੀ ਹਵਾ 'ਚ ਬੈਠੇ ਹਾਂ ਕਿ ਸਾਡਾ ਸਾਹ ਘੁੱਟ ਗਿਆ ਤੇ ਅੰਦਰ ਬਿਮਾਰੀਆਂ ਚਲੀਆਂ ਗਈਆਂ। ਨਾ ਕਿਸੇ ਇਹੋ ਜਿਹੇ ਥਾਂ ਬੈਠੇ ਹੋਂ ਜਿੱਥੇ ਸਾਨੂੰ ਐਲਰਜੀ ਹੋ ਜਾਵੇ। ਬੜੇ ਸੋਹਣੇ ਥਾਂ ਰਹਿੰਦੇ ਹੋਏ, ਕੋਠੀਆਂ 'ਚ ਰਹਿੰਦੇ ਹੋਏ, ਸਾਫ ਸੁਥਰੇ ਥਾਂ ਰਹਿੰਦੇ ਹੋਏ, ਜੇ ਅੰਦਰ ਕ੍ਰੋਧ ਫਿਰਦਾ ਹੈ, ਕ੍ਰੋਧ ਦਾ ਵਾਸਾ ਹੋ ਗਿਆ, ਮਹਾਰਾਜ

ਕਹਿੰਦੇ ਇਹਦੇ ਸਾਰੇ ਸੈੱਲ ਜਿਹੜੇ ਨੇ ਦੂਸ਼ਿਤ ਹੋ ਜਾਣਗੇ। ਕਿੰਨਾ ਸੈਲ ਹੈ? ਦੋ ਖਰਬ ਪੰਦਰਾਂ ਅਰਬ ਸੈਲ ਸਰੀਰ ਨੂੰ ਲੱਗਿਆ ਹੋਇਆ ਹੈ। ਹੈਰਾਨਗੀ ਹੁੰਦੀ ਹੈ ਕਿਹੋ ਜਿਹਾ ਵਾਹਿਗੁਰੂ ਕਾਰੀਗਰ ਹੈ ਨੌਂ ਮਹੀਨਿਆਂ 'ਚ ਹੀ ਐਨੇ ਸੈੱਲ ਲਗਾ ਦਿਤੇ। ਕਿੱਡਾ ਵੱਡਾ ਸਰੀਰ ਬਣਾ ਕੇ ਰੱਖ ਦਿਤਾ। ਕਿੱਡਾ ਇੰਤਜ਼ਾਮ ਹੈ। ਇਹਦੇ ਅੰਦਰ ਕਿੰਨੇ ਮਹਿਕਮੇ ਨੇ। 72 ਕਰੋੜ, 72 ਲੱਖ, 72 ਹਜ਼ਾਰ, 210 ਬਲੱਡ ਚੈਨਲ ਹੈ, ਸਰੀਰ ਦੇ ਅੰਦਰ। ਜਿਹਦੇ ਵਿਚੀਂ ਖ਼ੂਨ ਹਰ ਵਕਤ ਦੌਰਾ ਕਰਦਾ ਹੈ। ਦਿਲ ਹਰ ਵਕਤ ਖ਼ੂਨ ਨੂੰ ਧੱਕਾ ਦਿੰਦਾ ਰਹਿੰਦਾ ਹੈ, ਬਹੁਤ ਛੇਤੀ ਘੁੰਮ ਕੇ ਆ ਜਾਂਦਾ ਹੈ ਇਹਦੇ ਵਿਚੀਂ ਹੋ ਕੇ। ਇਹਦੇ ਨਾਲ ਪੰਜ ਪ੍ਰਾਣ ਨੇ। ਹੋਰ ਇਹਦੇ ਅੰਦਰ ਮਨ ਹੈ, ਬੁੱਧੀ ਹੈ, ਅਹੰਭਾਵ ਹੈ, ਬੜਾ ਕੁਛ ਹੈ। ਬੜੀਆਂ ਚੀਜ਼ਾਂ ਨੇ। ਦਸਵੇਂ ਦੁਆਰ ਦੇ ਅੰਦਰ ਤਾਂ ਹਿਸਾਬ-ਕਿਤਾਬ ਨਹੀਂ -

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥* *ਅੰਗ- ੯੨੨*

ਇਹਦੇ ਵਿਚ ਹੀ ਵਾਹਿਗੁਰੂ ਦਾ ਆਸਣ ਲਗਿਆ ਹੋਇਆ ਹੈ। ਇਸ ਬਚਿੱਤਰ ਸਰੀਰ ਦੇ ਅੰਦਰ ਜੇ ਕ੍ਰੋਧ ਦਾ ਜਜ਼ਬਾ ਆ ਗਿਆ, ਉਹਨੇ ਸਾਰੇ ਸਰੀਰ ਦੇ ਵਿਚ ਹਿਲਜੁਲ ਕਰ ਦੇਣੀ ਹੈ ਜਿਵੇਂ ਕਰੰਟ ਫੈਲ ਜਾਂਦੀ ਹੈ। ਬਿਜਲੀ ਨੂੰ ਹੱਥ ਲਾਓ, ਸਾਰੇ ਸਰੀਰ 'ਚ ਕਰੰਟ ਉਸੇ ਵੇਲੇ ਫੈਲ ਜਾਏਗੀ। ਉਹ ਸਾਰੇ ਸਰੀਰ 'ਚ ਲੰਘ ਜਾਂਦਾ ਹੈ, ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਵਿਸਫੋਟ ਹੁੰਦਾ ਹੈ। ਜਿਵੇਂ ਬੰਬ ਫਟਦਾ ਹੈ। ਉਹ ਪਤਾ ਨਹੀਂ ਕਿੰਨੇ ਕ੍ਰੋੜ ਸੈੱਲ ਜਾਲ ਦੇਵੇ। ਆਦਮੀ ਕੰਬਣ ਲਗ ਜਾਂਦਾ ਹੈ। ਭੁੱਖ ਮਾਰ ਦਿੰਦਾ ਹੈ ਉਸੇ ਵੇਲੇ ਇਕ ਸਕਿੰਟ ਦੇ ਅੰਦਰ। ਜੇ ਰੋਟੀ ਖਾਧੀ ਹੋਈ ਹੈ ਉਹਨੂੰ ਹਜ਼ਮ ਹੀ ਨਹੀਂ ਹੋਣ ਦਿੰਦਾ। ਸਾਰਾ ਸਿਸਟਮ ਬਰਬਾਦ ਕਰ ਦਿਤਾ। ਮਹਾਰਾਜ ਕਹਿੰਦੇ ਇਹ ਦੋ ਜਜ਼ਬੇ ਨੇ, ਕਾਮ ਵੀ ਐਡਾ ਹੀ ਵੱਡਾ ਜਜ਼ਬਾ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ- ੯੩੨*

ਜਿਵੇਂ ਕੰਚਨ ਲੋਹੇ ਨੂੰ ਢਾਲਣ ਵਾਸਤੇ ਸੋਹਾਗਾ ਪਾਉਂਦੇ ਨੇ ਇਸ ਤਰ੍ਹਾਂ ਸਰੀਰ ਢਲ ਜਾਂਦਾ ਹੈ, ਗਲ ਜਾਂਦਾ ਹੈ ਇਨ੍ਹਾਂ ਦੋਨਾਂ ਚੀਜ਼ਾਂ ਦੇ ਨਾਲ। ਮਹਾਰਾਜ ਕਹਿੰਦੇ, ਜਦੋਂ ਕੋਈ ਕ੍ਰੋਧੀ ਹੋਵੇ, ਉਹਨੂੰ ਹੱਥ ਨਾ ਲਾਇਓ। ਨਹੀਂ ਤਾਂ ਤੁਹਾਡੇ ਵਿਚ ਵੀ ਓਹੀ ਅਸਰ ਆ ਜਾਏਗਾ -

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ ॥ ੩ ॥* *ਅੰਗ- ੪੦*

ਬਾਕੀਆਂ 'ਚੋਂ ਨਹੀਂ ਆਉਂਦਾ। ਜੇ ਕਹੋ ਕਿ ਇਹ ਛੋਟੀ ਜਾਤ ਹੈ, ਇਹ ਫਲਾਣਾ ਹੈ ਬਿਲਕੁਲ ਨਹੀਂ। ਉਹ ਬੰਦਗੀ ਕਰਦਾ ਹੈ ਉਹਦੇ ਵਿਚੋਂ ਤਾਂ ਕਰੰਟ ਪੂਰੀ ਆਏਗੀ। ਆਦਮੀ ਦੇ ਅੰਦਰ ਕਰੰਟ ਹੁੰਦੀ ਹੈ। ਕਈਆਂ ਦੀ ਕੰਟਰੋਲ, ਕਈਆਂ ਦੀ ਐਨੀ ਵਧੇਰੇ ਹੋ ਜਾਂਦੀ ਹੈ, ਸਰੀਰ ਤੋਂ ਬਾਹਰ ਆ ਜਾਂਦੀ ਹੈ।

ਬਾਪੂ ਜੀ (ਸੰਤ ਹੀਰਾ ਸਿੰਘ ਜੀ ਦਾਉਦਪੁਰ ਵਾਲੇ) ਉਨ੍ਹਾਂ ਵਿਚ ਵਧੇਰੇ ਸੀ, ਉਹ ਹੱਥ ਲਾ ਦਿੰਦੇ ਸੀ। ਹੱਥ ਲਾਇਆ ਸਹਿ ਨਹੀਂ ਸੀ ਸਕਦਾ ਬੰਦਾ। ਲਿਟਣ ਲਗ ਜਾਂਦਾ ਸੀ।

ਭਾਈ ਰਣਧੀਰ ਸਿੰਘ ਜੀ ਹਜ਼ਾਰੀ ਬਾਗ ਦੀ ਜੇਲ੍ਹ ਦੇ ਅੰਦਰ, ਹਸਪਤਾਲ ਦੇ ਵਿਚ ਸੀ। ਉਥੇ ਪਤਾ ਲਗ ਗਿਆ ਉਨ੍ਹਾਂ ਨੂੰ ਕਿ ਇਹ ਹਲਕੀ ਜ਼ਹਿਰ (slow poisoning) ਦੀ ਦਵਾਈ ਦੇ ਰਹੇ ਹਨ। ਜਿੰਨੇ ਇਹ ਦੇਸ਼ ਭਗਤ ਨੇ ਇਨ੍ਹਾਂ ਨੇ ਸਾਰੇ ਮਾਰ ਦੇਣੇ ਨੇ। ਮਰ ਵੀ ਗਏ ਸੀ ਬਹੁਤ ਸਾਰੇ। ਇਹ ਕਹਿੰਦੇ, ਅਸੀਂ ਨਹੀਂ ਦਵਾਈ ਲੈਣੀ। ਡਾਕਟਰ ਕਹਿੰਦਾ, ਭੇਤ ਖੁੱਲ੍ਹ ਗਿਆ ਇਹਨੂੰ ਮਾਰ ਦਿਓ, ਦੇ ਦਿਓ ਜ਼ਹਿਰ ਇਹਨੂੰ। ਉਹ ਜਦੋਂ ਗਏ, ਹੱਥ ਪਾਇਆ, ਚਾਰ ਸੀਗੇ, ਕੰਪੋਡਰ, ਐਨੀ ਕਰੰਟ ਸਰੀਰ ਵਿਚ ਆ ਗਈ, ਉਹ ਚਾਰੋਂ ਚੁੱਕ ਕੇ ਮਾਰੇ ਕੰਧਾਂ ਦੇ ਨਾਲ। ਉਹ ਨੱਠ ਕੇ ਬਾਹਰ ਨਿਕਲ ਗਏ, ਕਹਿੰਦੇ ਇਸ 'ਚ ਤਾਂ ਕਰੰਟ ਆ ਗਈ, ਬਿਜਲੀ ਦੀ ਕਰੰਟ ਆ ਗਈ। ਸਾਰੇ ਹੈਰਾਨ ਹੋ ਗਏ।

ਡਾਕਟਰ ਕਹਿੰਦਾ, ਕੀ ਕਰੰਟ ਆ ਗਈ, ਬਿਜਲੀ ਕੀ ਇਥੇ ਜੁੜੀ ਹੋਈ ਹੈ। ਅਸੀਂ ਵੀ ਬੈਠੇ ਹਾਂ ਧਰਤੀ 'ਚ ਕਿੱਥੇ ਹੈ ਕਰੰਟ। ਜਦੋਂ ਨੇੜੇ ਹੋਇਆ, ਦਵਾਈਆਂ ਵਗੈਰਾ ਸਭ ਡੁੱਲ੍ਹ ਗਈਆਂ ਉਹਦੀਆਂ, ਔਹ ਗਿਆ। excessive ਕਰੰਟ ਹੋ ਜਾਇਆ ਕਰਦੀ ਹੈ ਆਦਮੀ ਦੇ ਅੰਦਰ। ਹਰ ਬੰਦੇ ਦੇ ਅੰਦਰ ਹੈ ਉਹ। ਇਸੇ ਤਰ੍ਹਾਂ ਕ੍ਰੋਧ ਦੀ ਵੀ ਕਰੰਟ ਹੋਇਆ ਕਰਦੀ ਹੈ। ਮਹਾਰਾਜ ਕਹਿੰਦੇ, ਉਸ ਵੇਲੇ ਉਹਦੇ ਨੇੜੇ ਨਾ ਜਾਓ।

ਸੋ ਇਸ ਤਰ੍ਹਾਂ ਮਹਾਰਾਜ ਸਮਝਾਉਂਦੇ ਨੇ ਕਿ ਵੈਦ ਜੀ! ਇੱਕ ਬੰਦਾ ਨਹੀਂ -

*ਜੋ ਜੋ ਦੀਸੈ ਸੋ ਸੋ ਰੋਗੀ ॥* *ਅੰਗ- ੧੧੪੦*

ਜੋ ਵੀ ਸੰਸਾਰ ਦੇ ਅੰਦਰ ਬੰਦਾ ਹੈ। ਸਿਵਾਏ ਮਹਾਂਪੁਰਸ਼ਾਂ ਤੋਂ ਬਾਕੀ ਸਭ ਰੋਗੀ ਨੇ। ਕਹਿੰਦੇ, ਜਿਹੜੇ ਸਰੀਰ ਦੇ ਰੋਗ ਨੇ ਇਹ ਤਾਂ ਕੋਈ ਬਹੁਤਾ ਫਰਕ ਨਹੀਂ ਪਾਉਂਦੇ। ਬਹੁਤਾ ਹੋਏਗਾ ਆਦਮੀ ਮਰ ਜਾਏਗਾ, ਹੋਰ ਕੀ ਹੈ? ਮਰਨਾ ਤਾਂ ਹੈ ਹੀ ਉਹਨੇ। ਪਰ ਇਹ ਜਿਹੜੇ ਰੋਗ ਨੇ ਮਨ ਦੇ, ਇਹ ਬਹੁਤ ਭੈੜੇ ਨੇ ਅਸੀਂ ਮਨ ਦੇ ਰੋਗਾਂ ਨੂੰ ਨਹੀਂ ਦੇਖਦੇ, ਸਰੀਰ ਦੇ ਰੋਗਾਂ ਪਿੱਛੇ ਨੱਠੇ ਫਿਰਦੇ ਹਾਂ। ਮਨ ਤਾਂ ਰੋਗੀ ਹੋਇਆ-ਹੋਇਆ ਹੈ। ਜੇ ਮਨ ਦਾ ਰੋਗ ਹਟਾ ਲਓ ਸਰੀਰ ਆਪੇ ਹੀ ਰਾਜ਼ੀ ਹੋ ਜਾਂਦਾ ਹੈ।

ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰਕੇ ਸਮਝਾਓ।

ਮਹਾਰਾਜ ਕਹਿੰਦੇ, ਪਹਿਲਾਂ ਮਨ ਨੂੰ ਜਿਹੜਾ ਕੋਹੜ ਹੋਇਆ-ਹੋਇਆ ਹੈ, ਉਹ ਹਉਮੈ ਰੋਗ ਦਾ। ਇਹ ਹਉਮੈ

ਰੋਗ ਮਨੁੱਖ ਦੇ ਪੱਲੇ ਪਿਆ ਹੈ –

*ਹਉਮੈ ਰੋਗੁ ਮਾਨੁਖ ਕਉ ਦੀਨਾ ॥*
*ਕਾਮ ਰੋਗਿ ਮੈਗਲੁ ਬਸਿ ਲੀਨਾ ॥* *ਅੰਗ– ੧੧੪੦*

ਜਿਹੜਾ ਕਾਮ ਦਾ ਰੋਗ ਹੈ ਇਹ ਹਾਥੀ ਨੂੰ ਦਿਤਾ ਹੋਇਆ ਹੈ। ਇਸ ਰੋਗ ਕਰਕੇ ਇਸ ਨੂੰ ਵਸ ਕੀਤਾ ਜਾਂਦਾ ਹੈ। ਕਾਗਜ਼ਾਂ ਦੀ ਹੱਥਣੀ ਬਣਾ ਕੇ ਟੋਏ ਦੇ ਉਤੇ ਫੂਸ ਪਾ ਕੇ ਰੱਖ ਦਿੰਦੇ ਨੇ। ਉਹ ਦੌੜਿਆ ਆਉਂਦਾ ਹੈ, ਆਉਂਦਾ ਹੀ ਟੋਏ 'ਚ ਗਿਰ ਜਾਂਦਾ ਹੈ। ਫੜਿਆ ਜਾਂਦਾ ਹੈ। ਉਸ ਤੋਂ ਬਾਅਦ ਸੰਗਲ ਪੈ ਜਾਂਦੇ ਨੇ ਪੈਰਾਂ 'ਚ। ਕਮਜ਼ੋਰ ਹੋ ਜਾਂਦਾ ਹੈ, ਫੇਰ ਆਦਮੀ ਦੇ ਕਹਿਣੇ 'ਤੇ ਚਲਦਾ ਹੈ। ਲੱਕੜਾਂ ਢੋਂਦਾ ਹੈ। ਵੱਡੇ–ਵੱਡੇ ਸ਼ਤੀਰ ਢੋਂਦਾ ਹੈ, ਵੱਡੇ ਕੰਮ ਲੈਂਦੇ ਸੀ ਪਹਿਲੇ ਜ਼ਮਾਨਿਆਂ 'ਚ। ਹਾਥੀਆਂ ਦੇ ਉਤੇ ਬੈਠ ਕੇ ਲੜਾਈਆਂ ਕਰਦੇ ਸੀ।

ਕਹਿੰਦੇ, ਉਸ ਚੀਜ਼ ਨੇ ਇਸ ਨੂੰ ਕਾਬੂ ਕਰਾ ਦਿਤਾ, ਨਹੀਂ ਤਾਂ ਜੰਗਲ ਦਾ ਸਭ ਤੋਂ ਬਹਾਦਰ ਜਾਨਵਰ ਸੀ, ਕਿਸੇ ਦੇ ਕਾਬੂ ਨਹੀਂ ਸੀ ਆਉਂਦਾ।

*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥* *ਅੰਗ–੧੧੪੦*

ਪਤੰਗੇ ਨੂੰ ਐਸਾ ਰੋਗ ਦਿਤਾ ਹੈ, ਜਿਥੇ ਲਾਈਟ ਹੋਵੇ ਨੱਠ ਕੇ ਜਾ ਕੇ ਵਿਚ ਗਿਰ ਜਾਂਦਾ ਹੈ, ਜਲ ਜਾਂਦਾ ਹੈ ਉਥੇ ਹੀ।

*ਨਾਦ ਰੋਗਿ ਖਪਿ ਗਏ ਕੁਰੰਗਾ ॥ ੧ ॥* *ਅੰਗ– ੧੧੪੦*

ਜਿਹੜੇ ਹਰਨ ਨੇ, ਸ਼ਿਕਾਰੀ ਘੰਢੇਹੇੜੇ ਦਾ ਸ਼ਬਦ ਵਜਾਇਆ ਕਰਦੇ ਸੀ। ਉਹ ਘੰਟਾ ਜਿਹਾ ਵੱਜੀ ਜਾਇਆ ਕਰਦਾ ਸੀ, ਇਹ ਲਿਟਣ ਲਗ ਜਾਇਆ ਕਰਦਾ ਸੀ, ਮਸਤ ਹੋ ਕੇ। ਉਹ ਕੋਲ ਆ ਕੇ ਉਵੇਂ ਜਿਵੇਂ ਵਜਾਉਂਦੇ–ਵਜਾਉਂਦੇ ਉਹਦੇ ਗਲ 'ਚ ਰੱਸਾ ਪਾ ਲੈਂਦੇ ਸੀ। ਕਹਿੰਦੇ ਇਹ ਰੋਗ ਇਸ ਨੂੰ ਦਿਤਾ ਹੋਇਆ ਹੈ।

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥*
*ਅੰਗ – ੧੧੪੦*

*ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥* *ਅੰਗ– ੧੧੪੦*

ਜਿਹਬਾ ਦਾ ਰੋਗ ਦਿਤਾ ਹੋਇਆ ਹੈ ਮੱਛੀ ਨੂੰ, ਫਸ ਜਾਂਦੀ ਹੈ। ਕੁੰਡੀ ਦੇ ਨਾਲ ਲਾ ਦਿੰਦੇ ਨੇ –

*ਬਾਸਨ ਰੋਗਿ ਭਵਰੁ ਬਿਨਸਾਨੋ॥* *ਅੰਗ – ੧੧੪੦*

ਫੁੱਲਾਂ 'ਤੇ ਬਹਿ ਜਾਂਦਾ ਹੈ, ਵਾਸ਼ਨਾ ਦਾ ਬੰਨ੍ਹਿਆ ਹੋਇਆ ਉਥੇ ਹੀ ਮਰ ਕੇ ਨਿਕਲਦਾ ਹੈ।

*ਹੇਤ ਰੋਗ ਕਾ ਸਗਲ ਸੰਸਾਰਾ ॥* *ਅੰਗ– ੧੧੪੦*

ਮੋਹ ਦੇ ਵਿਚ ਸਾਰਾ ਸੰਸਾਰ ਹੀ ਫਸਿਆ ਹੋਇਆ ਹੈ। ਪਸ਼ੂ ਵੀ, ਪੰਛੀ ਵੀ ਫਸੇ ਹੋਏ ਨੇ।

ਸਵੇਰੇ ਮੈਂ ਦੇਖਦਾ ਹੁੰਦਾ ਹਾਂ, ਸਾਮ੍ਹਣੇ ਪੰਛੀ ਇਕੱਠੇ ਹੋ ਜਾਂਦੇ ਨੇ, ਬੀਬੀ ਕੁਛ ਪਾ ਦਿੰਦੀ ਹੈ ਉਨ੍ਹਾਂ ਨੂੰ। ਉਹ ਜਦੇ ਲੈ–ਲੈ ਕੇ ਨੱਠਦੇ ਨੇ। ਮੈਂ ਕਿਹਾ ਇਹ ਦੌੜਦੇ ਕਿਉਂ ਨੇ ਰੱਜ ਗਏ? ਕਹਿੰਦੇ, ਨਹੀਂ ਇਨ੍ਹਾਂ ਨੇ ਬੱਚੇ ਦਿਤੇ ਹੋਏ ਨੇ, ਇਹ ਪਹਿਲਾਂ ਜਾ ਕੇ ਉਨ੍ਹਾਂ ਦਾ ਪੇਟ ਭਰਦੇ ਨੇ, ਫੇਰ ਆਪਣਾ ਬੰਦੋਬਸਤ ਕਰਨਗੇ। ਉਹ ਕਿਉਂ ਕਰਦੇ ਨੇ, ਕਿਉਂਕਿ ਕਾਉਂ ਨੂੰ ਵੀ ਪਤਾ ਹੈ ਕਿ ਮੇਰੇ ਬੱਚੇ ਨੇ ਫਲਾਣੇ ਥਾਂ ਦੇ ਉਤੇ, ਇਹ ਹੇਤ ਰੋਗ ਕਹਾਉਂਦਾ ਹੈ। ਇਹ ਸਾਰਾ ਹੀ ਸੰਸਾਰ ਫਸਿਆ ਹੋਇਆ ਹੈ, ਹੇਤ ਰੋਗ ਦੇ ਅੰਦਰ।

*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥ ੨ ॥ ਅੰਗ – ੧੧੪੦*

ਰਜੋ ਗੁਣ, ਤਮੋ ਗੁਣ, ਸਤੋ ਗੁਣ ਦਾ ਰੋਗ ਸਾਰੇ ਬੰਦਿਆਂ ਨੂੰ ਲੱਗਿਆ ਹੋਇਆ ਹੈ। ਸਾਰੀ ਸ੍ਰਿਸ਼ਟੀ ਨੂੰ ਲੱਗਿਆ ਹੋਇਆ ਹੈ। ਮਹਾਰਾਜ ਕਹਿੰਦੇ, ਰੋਗ 'ਚ ਹੀ ਜੰਮਦਾ ਹੈ, ਰੋਗ 'ਚ ਹੀ ਮਰਦਾ ਹੈ –

*ਰੋਗੇ ਮਰਤਾ ਰੋਗੇ ਜਨਮੈ ॥*
*ਰੋਗੇ ਫਿਰਿ ਫਿਰਿ ਜੋਨੀ ਭਰਮੈ ॥*
*ਰੋਗ ਬੰਧ ਰਹਨੁ ਰਤੀ ਨ ਪਾਵੈ ॥* *ਅੰਗ – ੧੧੪੧*

ਰੋਗ ਦਾ ਜਿਹੜਾ ਬੰਧਨ ਹੈ ਉਹ ਟੁੱਟਦਾ ਨਹੀਂ ਹੈਗਾ ਕਿਸੇ ਤਰੀਕੇ ਨਾਲ –

*ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥ ਅੰਗ– ੧੧੪੧*

ਜਿੰਨਾਂ ਚਿਰ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ। ਸਤਿਗੁਰੂ ਨਾਮ ਦੀ ਦਾਤ ਨਹੀਂ ਦਿੰਦਾ। ਓਨੀਂ ਦੇਰ ਤੱਕ ਰੋਗ ਨਹੀਂ ਜਾਂਦਾ –

*ਪਾਰਬ੍ਰਹਮਿ ਜਿਸੁ ਕੀਨੀ ਦਇਆ ॥*
*ਬਾਹ ਪਕੜਿ ਰੋਗਹੁ ਕਢਿ ਲਇਆ ॥* *ਅੰਗ– ੧੧੪੧*

ਵਾਹਿਗੁਰੂ ਨੇ ਜਿਹਦੇ ਉਤੇ ਦਇਆ ਕਰ ਦਿਤੀ, ਉਹਦੀ ਬਾਂਹ ਫੜ ਕੇ ਕਿਵੇਂ ਕੱਢ ਲਿਆ। ਉਹਨੂੰ ਨਾਮ ਦਾ ਪਤਾ ਲੱਗ ਗਿਆ। ਮਹਾਂਪੁਰਸ਼ਾਂ ਨੇ ਉਹਨੂੰ ਜੁਗਤ ਦਸ ਦਿਤੀ ਨਾਮ ਦੀ।

*ਤੂਟੇ ਬੰਧਨ ਸਾਧਸੰਗੁ ਪਾਇਆ ॥*
*ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥ ੪ ॥ ੭ ॥ ੨੦ ॥*
*ਅੰਗ – ੧੧੪੧*

ਜਦੋਂ ਸੰਤਾਂ ਦੀ ਸੰਗਤ ਮਿਲ ਗਈ, ਬੰਧਨ ਟੁੱਟ ਗਏ।

ਕਹਿੰਦੇ, ਵੈਦ ਜੀ! ਇਹ ਜੋ ਹਉਮੈ ਰੋਗ ਹੈ ਇਹ ਐਨਾ ਭਿਆਨਕ ਹੈ ਜਿੰਨੀ ਦੇਰ ਤੱਕ ਇਸ ਜੀਵ ਆਤਮਾ ਨੂੰ ਚਿੰਬੜਿਆ ਹੋਇਆ ਹੈ। ਇਹ ਕੁਛ ਕਰ ਲਵੇ ਇਹਦੇ ਗਲੋਂ ਜੰਮਣ 'ਤੇ ਮਰਨ ਦੀ ਫਾਸੀ ਨਹੀਂ ਲਹਿੰਦੀ –

*ਧਾਰਨਾ – ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨ੍ਹਿਆਂ ਹੋਇਆ।*
*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ – ੪੬੬*

ਹਉਮੈ ਦੇ ਵਿਚ ਬੰਨ੍ਹਿਆ ਜਾਂਦਾ ਹੈ। ਹਉਮੈ ਦਾ ਰੋਗ ਮਨੁੱਖ ਨੂੰ ਲੱਗ ਗਿਆ, ਸੰਸਾਰ ਬਣ ਗਿਆ। ਸੀਗਾ ਇਹ ਪ੍ਰਮੇਸ਼ਰ ਦਾ ਰੂਪ ਪਰ ਅਹੰਭਾਵ ਜਿਹੜਾ ਇਹਦੇ ਅੰਦਰ

ਪੈਦਾ ਹੋ ਗਿਆ। ਮੇਰਾ ਨਾਉਂ ਵਰਿਆਮ ਸਿੰਘ ਮੈਂ ਫਲਾਣੇ ਥਾਉਂ ਦਾ ਰਹਿਣ ਵਾਲਾ। ਮੈਂ ਸਿੱਖ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਹਿੰਦੋਸਤਾਨੀ ਹਾਂ, ਮੈਂ ਅੰਗਰੇਜ਼ ਹਾਂ, ਮੈਂ ਹਬਸ਼ੀ। ਇਹ ਜਿਹੜਾ ਰੋਗ ਇਹ ਭਾਵਨਾ ਪੈਦਾ ਹੋ ਗਈ। ਇਹਦੇ ਨਾਲ ਇਹ ਜੰਮਦਾ ਮਰਦਾ ਰਹਿੰਦਾ ਹੈ। ਜਦੋਂ ਤੱਕ ਇਹ ਖਤਮ ਨਹੀਂ ਹੁੰਦੀ ਉਦੋਂ ਤੱਕ ਨਹੀਂ ਕੁਛ ਬਣਨਾ। ਖਤਮ ਇਹ ਹੁੰਦੀ ਨਹੀਂ ਹੈ। ਕਿਉਂਕਿ ਸਭ ਤੋਂ ਮਜ਼ਬੂਤ ਰੋਗ ਪ੍ਰਮੇਸ਼ਰ ਦੇ ਭੁੱਲਣ ਨਾਲ ਲੱਗ ਗਿਆ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* *ਅੰਗ – ੯੪੬*

ਜਿਹੜਾ ਵੀ ਕੰਮ ਕਰਦਾ ਹੈ, ਕਹਿੰਦਾ ਹੈ, ਮੈਂ ਕਰਦਾ ਹਾਂ। ਕਹਿੰਦੇ, ਜਿੰਨੀ ਦੇਰ ਤੱਕ ਮੈਂ ਕਰਦਾ ਹਾਂ –

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥* *ਅੰਗ – ੨੭੮*

ਫੇਰ ਜੇ ਕਹਿਨੈਂ ਕਿ ਮੈਂ ਕਰਦਾ ਹਾਂ, ਫੇਰ ਸੁਆਦ ਲੈ-ਲੈ ਉਹਦਾ, ਜੰਮੀ ਜਾਏਂਗਾ, ਮਰੀ ਜਾਏਂਗਾ। ਫਲ ਤਾਂ ਲੈ ਲਏਂਗਾ, ਚੰਗੇ ਨੇਕ ਕੰਮਾਂ ਦਾ ਫਲ ਤੈਨੂੰ ਮਿਲੇਗਾ ਸਵਰਗਾਂ 'ਚ ਜਾ ਕੇ। ਸੁੱਖ ਮਿਲ ਜਾਏਗਾ, ਇਥੇ ਵੀ ਸੁੱਖ ਮਿਲ ਜਾਏਗਾ। ਪਰ ਫਾਇਦਾ ਕੀ ਜੇ ਤੂੰ ਕਹਿੰਦਾ ਹੈਂ ਕਿ ਮੈਂ ਕਰਦਾ ਹਾਂ। ਫੇਰ ਬੰਨ੍ਹਿਆ ਗਿਆ ਨਾ, ਅੰਦਰੋਂ ਜੇ ਕਹਿੰਦਾ ਹੈਂ। ਇਕ ਤਾਂ ਹੁੰਦੀ ਹੈ ਬੋਲੀ, ਬੋਲਣ ਨੂੰ ਕੋਈ ਤਾਂ ਅੱਖਰ ਵਰਤਣਾ ਹੀ ਪੈਣਾ ਹੈ ਤਾਂ ਹੀ ਸਮਝ ਆਏਗਾ। ਇਕ ਸੱਚਮੁੱਚ ਆਦਮੀ ਕਹਿੰਦਾ ਹੈ ਕਿ ਮੈਂ ਕਰਦਾ ਹਾਂ। ਉਹ ਮੈਂ ਕਰਦਾ ਕਹਿੰਦਾ, ਬੰਨ੍ਹ ਹੋ ਗਿਆ। ਬੰਨ੍ਹਿਆ ਹੋਇਆ, ਕਰਮ ਚਿੰਬੜ ਗਿਆ ਉਹਨੂੰ। ਚੰਗਾ ਵੀ ਚਿੰਬੜ ਗਿਆ, ਮਾੜਾ ਵੀ ਚਿੰਬੜ ਗਿਆ। ਚੰਗੇ ਦਾ ਵੀ ਇਹਨੇ ਫਲ ਭੋਗਣਾ ਹੈ, ਮਾੜੇ ਦਾ ਵੀ ਭੋਗਣਾ ਹੈ। ਆਹ ਹਉਮੈ ਕੰਮ ਕਰਦੀ ਹੈ। ਬੰਧਨ ਪੈ ਗਿਆ ਇਸ ਨੂੰ–

*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਅੰਗ– ੫੬੦*

ਹਉਮੈ ਦੇ ਵਿਚ ਹੀ ਇਹ ਪੈਦਾ ਹੁੰਦਾ ਹੈ –

*ਹਉਮੈ ਵਡਾ ਗੁਬਾਰੁ ਹੈ*
*ਹਉਮੈ ਵਿਚਿ ਬੁਝਿ ਨ ਸਕੈ ਕੋਇ ॥ ੨ ॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥*
*ਅੰਗ– ੫੬੦*

ਨਾਲ ਸ਼ਰਤ ਹੈ ਕਿ ਜਿੰਨੀ ਦੇਰ ਤੱਕ ਹਉਮੈ ਹੈ, ਅੰਦਰ ਭਗਤੀ ਨਹੀਂ ਹੋਇਆ ਕਰਦੀ ਕਦੇ ਵੀ। ਕਿਉਂ ਨਹੀਂ ਹੁੰਦੀ ਕਿਉਂਕਿ ਹੁਕਮ ਨਹੀਂ ਬੁੱਝ ਹੁੰਦਾ। ਹਉਮੈ ਦਾ ਇਲਾਜ ਜਿਹੜਾ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਅੰਗ– ੧*

ਮਹਾਰਾਜ ਕਹਿੰਦੇ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥*
*ਅੰਗ – ੧*

ਉਹ ਹੁਕਮ ਨਹੀਂ ਬੁੱਝਿਆ ਜਾਂਦਾ। ਜਿੰਨਾ ਚਿਰ ਹੁਕਮ ਨਹੀਂ ਬੁੱਝਦਾ ਓਨਾਂ ਚਿਰ ਹਉਮੈ ਦਾ ਰੋਗ ਨਹੀਂ ਜਾਂਦਾ –

*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩ ॥*
*ਅੰਗ – ੫੬੦*

ਦੋਹਾਂ ਦੀ ਸ਼ਰਤ ਹੈ, ਜੇ ਹਉਮੈ ਹੋਏਗੀ, ਨਾਮ ਨਹੀਂ ਆਏਗਾ। ਜੇ ਹਉਮੈ ਨਾਸ਼ ਹੋ ਗਿਆ। ਹਉਮੈ ਦਾ ਨਾਸ਼ ਹੋ ਗਿਆ ਗਿਆਨ ਪ੍ਰਾਪਤੀ ਨਾਲ। ਮਹਾਂਪੁਰਸ਼ਾਂ ਦੀ ਸੰਗਤ ਲਗਾਤਾਰ ਕਰਕੇ ਅੰਦਰੋਂ ਭਾਵਨਾ ਜਾਂਦੀ ਰਹੇ, 'ਮੈਂ' ਭਾਵ ਦੀ। ਜਦੋਂ 'ਮੈਂ' ਮਰ ਗਈ ਫੇਰ ਰਹਿ ਕੀ ਗਿਆ ਉਹਦੇ 'ਚ। ਇਹ ਸਰੀਰ 'ਚ ਦੋ ਨੇ ਇਕ ਤਾਂ ਵਾਹਿਗੁਰੂ ਰਹਿੰਦਾ ਹੈ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਵਾਹਿਗੁਰੂ ਰਹਿੰਦਾ ਹੈ। ਕੀ ਗੁਰਬਾਣੀ ਵੀ ਇਹ ਗੱਲ ਕਹਿੰਦੀ ਹੈ? ਗੁਰਬਾਣੀ ਇਸ ਤਰ੍ਹਾਂ ਕਹਿੰਦੀ ਹੈ, ਪੜ੍ਹੋ ਪਿਆਰ ਨਾਲ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫ ॥*
*ਅੰਗ– ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ੧ ॥*
*ਅੰਗ– ੯੪੭*

ਜਦੋਂ ਬਜਰ ਕਪਾਟ ਖੁੱਲ੍ਹ ਗਏ, ਕੀ ਸੁਣਦਾ ਹੈ ਕਿ ਅਨਹਦ ਧੁਨ ਹੋ ਰਹੀ ਹੈ। ਬਗੈਰ ਵਜਾਏ ਵਾਜੇ ਵੱਜ ਰਹੇ ਨੇ। ਕਿੰਨੇ ਕੁ ਵਜਦੇ ਨੇ? ਕਹਿੰਦੇ –

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ– ੧੨੯੧*

ਵਾਹਿਗੁਰੂ ਦੇ ਦਰ ਦੇ ਉਤੇ ਸਾਰੀ ਕਾਇਨਾਤ ਗਾ ਰਹੀ ਹੈ –

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥*
*ਅੰਗ– ੬*

ਸੰਗੀਤ ਹੋ ਰਿਹਾ ਪ੍ਰਮੇਸ਼ਰ ਦੇ ਦਰ 'ਤੇ। ਕਹਿੰਦੇ, ਉਹ ਅੰਦਰ ਹੋ ਰਿਹਾ ਹੈ। ਜਦੋਂ ਦਰਵਾਜ਼ਾ ਖੁੱਲ੍ਹ ਜਾਂਦਾ ਹੈ, ਬਜਰ ਕਪਾਟ ਖੁਲ੍ਹ ਜਾਂਦਾ ਹੈ, ਫੇਰ ਅੰਦਰ ਨਜ਼ਰ ਆਉਂਦਾ ਹੈ। ਫੇਰ ਕਹਿੰਦੇ, ਅੰਦਰ ਪ੍ਰਕਾਸ਼ ਹੈ। ਹਨ੍ਹੇਰਾ ਨਹੀਂ ਹੈ। ਪ੍ਰਕਾਸ਼ 'ਚ ਦਿਸਦਾ ਕੀ ਹੈ? ਅਗਲਾ ਸੰਸਾਰ ਵੀ ਦਿਸਣ ਲਗ ਜਾਂਦਾ ਹੈ, ਜਿੱਥੇ ਜਾਣਾ ਹੈ। ਦੇਵਤੇ ਵੀ ਦਿੱਸਣ ਲਗ ਜਾਂਦੇ ਨੇ। ਕਿਤੇ ਜਾ ਕੇ ਤਾਂ ਨਹੀਂ ਨਾ ਲਿਖੇ ਹੈਗੇ ਕਿ ਪਹਿਲਾਂ ਗੰਧਰਬ ਲੋਕ ਆਉਂਦਾ ਹੈ, ਫੇਰ ਪਿੱਤਰ

ਲੋਕ ਆਉਂਦਾ ਹੈ, ਸਵਰਗ ਲੋਕ ਆਉਂਦਾ, ਇੰਦ੍ਰ ਲੋਕ ਆਉਂਦਾ ਹੈ, ਕਰਮ ਦੇਵ ਲੋਕ ਆਉਂਦਾ ਹੈ, ਅਜਾਨ ਦੇਵ ਲੋਕ ਆਉਂਦਾ ਹੈ, ਪ੍ਰਜਾਪਤ ਲੋਕ ਆਉਂਦਾ ਹੈ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ ਆਉਂਦਾ ਹੈ। ਸੋ ਇਹ ਚੀਜ਼ਾਂ ਜਿਹੜੀਆਂ ਨੇ ਜਦੋਂ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਆਪੇ ਹੀ ਦਿਸਣ ਲਗ ਜਾਂਦੀਆਂ ਨੇ।

ਜਦੋਂ ਸਾਡੀ ਸੁਰਤੀ ਬੰਦ ਹੋ ਜਾਂਦੀ ਹੈ, ਫੁਰਨਾ ਬੰਦ ਹੋ ਜਾਂਦਾ ਹੈ। ਰਾਤ ਨੂੰ ਅਸੀਂ ਕੀ ਦੇਖਦੇ ਹਾਂ, ਕਈ ਵਾਰੀ ਜ਼ਿੰਦਗੀ ਦੇ ਅੰਦਰ ਅਨੁਭਵ ਕਰਿਆ ਹੋਣਾ ਹੈ, vision (ਦ੍ਰਿਸ਼) ਆਉਂਦਾ ਹੁੰਦਾ ਹੈ ਅੰਦਰ। ਬਿਲਕੁਲ ਸਾਫ ਚੀਜ਼ ਆ ਜਾਏਗੀ, ਸਾਰਾ ਦੇਖ ਲਏਗਾ। ਉਹ ਕੋਈ ਐਸੀ ਚੀਜ਼ ਆਉਂਦੀ ਹੈ ਜਿਹੜੀ ਉਹਦੇ ਨਾਲ ਵਰਤਣੀ ਹੁੰਦੀ ਹੈ। ਇਹਨੇ ਉਸ ਚੀਜ਼ ਦੇ ਵਿਚੀਂ ਲੰਘਣਾ ਹੁੰਦਾ ਹੈ। ਉਹ ਕਦੇ-ਕਦੇ ਆਉਂਦੀ ਹੈ। ਆਉਂਦੀ ਹਰੇਕ ਬੰਦੇ ਨੂੰ ਹੈ, ਪਰ ਇਕਨਾਂ ਨੂੰ ਬਹੁਤ ਸਾਫ ਆਉਂਦੀ ਹੈ। ਕਿਉਂ ਆਉਂਦੀ ਹੈ? ਕਿਉਂਕਿ ਉਸ ਵੇਲੇ ਸਾਰੀਆਂ ਬਿਰਤੀਆਂ ਲੈਅ ਹੋਈਆਂ ਹੁੰਦੀਆਂ ਨੇ। ਉਸ ਵੇਲੇ ਇਕ ਅੰਦਰਲੀ ਅੱਖ ਖੁਲ੍ਹਦੀ ਹੈ, ਬਿਨਾਂ ਅੱਖਾਂ ਤੋਂ ਦੇਖਦਾ ਹੈ, ਬਿਨਾਂ ਕੰਨਾਂ ਤੋਂ ਸੁਣਦਾ ਹੈ, ਦੌੜਿਆ ਫਿਰਦਾ ਹੈ, ਗੱਲਾਂਬਾਤਾਂ ਕਰਦਾ ਹੈ, ਡਰਦਾ ਹੈ। ਇਹੋ ਜਿਹਾ ਕਰਮ (action) ਹੁੰਦਾ ਹੈ, ਜਿਹੋ ਜਿਹਾ ਸਾਡਾ ਜਾਗਦਿਆਂ 'ਤੇ ਹੁੰਦਾ ਹੈ। ਸੋ ਜਦੋਂ ਇਹ ਚਾਨਣਾ ਹੁੰਦਾ ਹੈ – 'ਤਿਤੁ ਘਟ ਅੰਤਰਿ ਚਾਨਣਾ....।' ਉਹਦੇ ਵਿਚ ਦੇਖ ਲੈਂਦਾ ਹੈ ਸਾਰਾ, ਉਹਦੇ ਵਿਚ ਸਭ ਤੋਂ ਉੱਤਮ ਚੀਜ਼ ਕੀ ਦੇਖਦਾ ਹੈ – 'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥' ਸਾਰਿਆਂ ਦੇ ਵਿਚ ਇਕ ਪ੍ਰਮੇਸ਼ਰ ਵਰਤਦਾ ਨਜ਼ਰ ਆ ਜਾਂਦਾ ਹੈ।

ਹੁਣ ਇਸ ਸਰੀਰ ਦੇ ਵਿਚ ਕੌਣ ਹੋਇਆ? ਮਹਾਰਾਜ ਕਹਿੰਦੇ –

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥* *ਅੰਗ– ੧੦੩੩*

ਵਾਹਿਗੁਰੂ ਨੇ ਆਪਣੇ ਵਸਣ ਵਾਸਤੇ ਇਸ ਸਰੀਰ ਦੇ ਵਿਚ ਹੀ ਮੰਦਰ ਬਣਾ ਲਿਆ। ਇਹਦੇ ਵਿਚ ਰਹਿੰਦਾ ਹੈ। ਸਭ ਤੋਂ ਸ੍ਰੇਸ਼ਟ ਮੰਦਰ ਜੇ ਕੋਈ ਹੈ ਤਾਂ ਇਹ ਮਨੁੱਖ ਦੇ ਅੰਦਰ ਹੈ। ਲੇਕਿਨ ਇਹ ਇਸ ਨੂੰ ਹਰ ਵਕਤ ਦੂਸ਼ਿਤ ਕਰਕੇ ਰਖਦਾ ਹੈ। ਨਿੰਦਿਆ ਕਰਦਾ ਹੈ, ਚੁਗਲੀਆਂ ਕਰਦਾ ਹੈ, ਈਰਖਾ ਕਰਦਾ ਹੈ, ਧੋਖੇ ਦਿੰਦਾ ਹੈ, ਕਪਟ ਕਰਦਾ, ਛਲ ਕਰਦਾ ਹੈ, ਦੂਸ਼ਿਤ ਕਰ ਦਿੰਦਾ ਹੈ ਇਸ ਮੰਦਰ ਨੂੰ, ਬਾਹਰਲੇ ਮੰਦਰ ਵਾਸਤੇ ਜਾਨ ਦੇ ਦਿੰਦਾ ਹੈ, ਮਰਨ ਵਾਸਤੇ ਤਿਆਰ ਹੋ ਜਾਂਦਾ ਹੈ ਕਿਉਂਕਿ ਇਹਨੂੰ ਗਿਆਨ ਨਹੀਂ ਹੈ ਕਿ ਮੇਰੇ ਅੰਦਰ ਤਾਂ ਉਹ ਮੰਦਰ ਹੈ, ਜਿੱਥੇ ਸਾਰੀ ਸ੍ਰਿਸ਼ਟੀ ਦਾ ਮਾਲਕ ਬੈਠਦਾ ਹੈ ਆ ਕੇ। ਜਾਂਦਾ ਨਹੀਂ ਹੈ, ਪੱਕਾ ਆਸਣ ਹੈ ਉਹਦਾ।

*ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥ ੨॥*
*ਅੰਗ– ੧੦੩੩*

ਗੁਰੂ ਦੇ ਸ਼ਬਦ ਨਾਲ ਖੁਲ੍ਹ ਗਿਆ। ਖੁੱਲ੍ਹਣ 'ਤੇ –

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥ ੩ ॥*
*ਅੰਗ– ੧੦੩੩*

ਸੋ ਇਹ ਮੰਦਰ ਤਾਂ ਸੀ ਵਾਹਿਗੁਰੂ ਦਾ। ਵਾਹਿਗੁਰੂ ਦੀ ਸੱਤਾ ਜਦੋਂ ਪਈ ਨਾ ਇਹਦੇ ਉਤੇ ਇਕ ਵਾਧੂ ਦੀ ਚੀਜ਼ ਬਣ ਗਈ, ਜਿਹਨੂੰ ਜੀਵ ਕਹਿੰਦੇ ਨੇ। ਜੀਵ ਅਸਲੀਅਤ ਨਹੀਂ ਹੈ। ਉਹ ਵਿਚ ਬਣੀ ਹੋਈ ਹੈ। ਇਸ ਜੀਵ ਨੇ ਪੁਆੜਾ ਪਾ ਦਿਤਾ ਸਾਰੀ ਦੁਨੀਆਂ ਦੇ ਅੰਦਰ। ਰੌਲੇ-ਰੱਪੇ ਜਿੰਨੇ ਨੇ ਇਹ ਸਭ ਜੀਵ ਦੇ ਪਾਏ ਹੋਏ ਨੇ। ਇਹ ਅਹੰਭਾਵ ਪੈਦਾ ਹੋ ਗਿਆ ਹਉਮੈ ਹੋਣ ਕਰਕੇ, ਇਹ ਚੀਜ਼ ਆਦਮੀ ਦੇ ਅੰਦਰ ਪ੍ਰਗਟ ਹੋ ਕੇ ਇਹ ਬਾਰ-ਬਾਰ ਜੰਮਦਾ ਹੈ, ਮਰਦਾ ਹੈ, ਆਪ ਦੁਖੀ ਹੁੰਦਾ ਹੈ, ਸੰਸਾਰ ਨੂੰ ਦੁਖੀ ਕਰਦਾ ਹੈ। ਸੋ ਮਹਾਰਾਜ ਕਹਿੰਦੇ –

*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩ ॥*

ਜਿੰਨੀ ਦੇਰ ਤੱਕ ਹਉਮੈ ਦਾ ਬੰਧਨ ਹੈ, ਨਾਮ ਨਹੀਂ ਵਸਦਾ।

*ਨਾਨਕ ਸਤਗੁਰਿ ਮਿਲਿਐ ਹਉਮੈ ਗਈ*
*ਤਾ ਸਚੁ ਵਸਿਆ ਮਨਿ ਆਇ ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ ੪ ॥ ੯॥੧੨ ॥*
*ਅੰਗ– ੫੬੦*

ਪੂਰਾ ਸਮਰੱਥ ਗੁਰੂ ਮਿਲ ਗਿਆ। ਉਹਨੇ 'ਨਾਮ' ਦੇ ਦਿਤਾ। ਹੁਣ ਨਾਮ ਦਾ ਕੰਮ ਕੀ ਹੈ? ਦੋ ਚੀਜ਼ਾਂ ਇਕੱਠੀਆਂ ਨਹੀਂ ਰਹਿੰਦੀਆਂ। ਵਿਰੋਧ ਹੈ ਬੜਾ ਜ਼ਬਰਦਸਤ। ਦੁੱਖ ਜਿਹੜਾ ਹੈ ਸਾਰਾ ਉਹ ਹਉਮੈ ਕਰਕੇ ਹੈ। ਜਿੰਨਾਂ ਸੁੱਖ ਹੈ ਉਹ ਸਾਰਾ ਨਾਮ ਕਰਕੇ ਹੈ। ਹਉਮੈ ਦੇ ਨਾਲ ਜੀਵ ਦੁਖੀ ਹੋਇਆ ਹੈ। ਮਹਾਰਾਜ ਕਹਿੰਦੇ, ਇਨ੍ਹਾਂ ਦੋਹਾਂ ਦਾ ਸਾਥ ਨਹੀਂ ਆਪਸ ਵਿਚ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ ੧ ॥*
*ਅੰਗ– ੫੬੦*

ਕਿਸੇ ਕੰਮ ਨਹੀਂ ਆਉਂਦਾ ਜੀਵਨ। 'ਮੈਂ' ਕਹਿੰਦਾ ਹੈ ਹਰ ਥਾਂ ਦੇ ਉਤੇ –

*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥*
*ਹੁਕਮੁ ਮੰਨਹਿ ਤਾ ਹਰਿ ਮਿਲੈ*
*ਤਾ ਵਿਚਹੁ ਹਉਮੈ ਜਾਇ ॥ ਰਹਾਉ ॥* *ਅੰਗ– ੫੬੦*

ਜੇ ਤੂੰ ਆਪਣੇ ਆਪ ਨੂੰ ਹੁਕਮ 'ਚ ਢਾਲ ਲਵੇਂ ਤਾਂ ਵਾਹਿਗੁਰੂ ਦਾ ਮਿਲਾਪ ਹੋ ਜਾਂਦਾ ਹੈ ਤੇਰੇ ਨਾਲ।

ਦੂਸਰਾ ਜਿਹੜਾ ਰੋਗ ਮਹਾਰਾਜ ਜੀ ਨੇ ਵੈਦ ਨੂੰ ਦੱਸਿਆ, ਕਹਿਣ ਲੱਗੇ, ਵੈਦ ਜੀ! ਤੇਜ਼ ਬੁਖਾਰ ਚੜ੍ਹਿਆ ਰਹਿੰਦੈ ਹਰ ਵਕਤ ਉਹ ਥਰਮਾਮੀਟਰ ਨਾਲ ਨਹੀਂ ਦੇਖਿਆ ਜਾਂਦਾ।

ਕਹਿੰਦਾ, ਮਹਾਰਾਜ! ਉਹ ਕਿਸ ਚੀਜ਼ ਦਾ ਹੈ?

ਕਹਿੰਦੇ, ਉਹ ਤ੍ਰਿਸ਼ਨਾ ਦਾ ਹੈ। ਤ੍ਰਿਸ਼ਨਾ ਅੱਗ ਦੇ ਬਰਾਬਰ ਦਸੀ ਹੈ –

*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥*
*ਅੰਗ – ੯੧੯*

ਉਹ ਕੰਮ ਕੀ ਕਰਦਾ ਹੈ, ਤ੍ਰਿਸ਼ਨਾ ਦੇ ਵਿਚ ਆਦਮੀ ਸੰਸਾਰ ਦੀ ਵਿਉਂਤਬੰਦੀ ਕਰਦਾ ਰਹਿੰਦਾ ਹੈ। ਮੈਨੂੰ ਆਹ ਮਿਲ ਜਾਏ, ਮੈਨੂੰ ਔਹ ਮਿਲ ਜਾਏ। ਇਹਦੇ ਨਾਲ ਕੀ ਹੁੰਦਾ ਹੈ, ਪ੍ਰਮੇਸ਼ਰ ਹਰ ਵਕਤ ਭੁੱਲਿਆ ਰਹਿੰਦਾ ਹੈ ਤੇ ਸੰਸਾਰ ਤੋਂ ਜਾਣਾ ਭੁੱਲ ਜਾਂਦਾ ਹੈ ਕਿ ਮੈਂ ਨਹੀਂ ਜਾਣਾ, ਮੈਂ ਤਾਂ ਇਥੇ ਹੀ ਰਹਿਣਾ ਹੈ। ਤ੍ਰਿਸ਼ਨਾ ਦਾ ਰੋਗ ਐਸਾ ਹੈ ਕਿ ਇਹ ਪੈਸੇ ਨਾਲ ਤਾਂ ਬੁਝਦਾ ਨਹੀਂ। ਸਗੋਂ ਹੋਰ ਜ਼ਿਆਦਾ ਹੋ ਜਾਂਦਾ ਹੈ। ਜਿਵੇਂ ਲੱਕੜੀਆਂ ਦੇ ਵਿਚ ਹੋਰ ਲੱਕੜੀਆਂ ਲਿਆ ਕੇ ਪਾ ਦਿਓ, ਘਿਓ ਪਾ ਦਿਓ। ਹੋਰ ਭਾਂਬੜ ਮੱਚ ਪੈਂਦਾ ਹੈ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਅੰਗ- ੨੧੩*

ਕੋਈ ਵਿਰਲਾ ਪੁਰਸ਼ ਹੈ ਜਿਹੜਾ ਤ੍ਰਿਸ਼ਨਾ ਮਾਰ ਗਿਆ–

*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ੧ ॥ ਅੰਗ- ੨੧੩*

ਕਰੋੜ ਰੁਪਿਆ ਆ ਗਿਆ, ਫੇਰ ਕਹਿੰਦਾ ਹੈ ਲੱਖ ਕਰੋੜ ਆਉਣਾ ਚਾਹੀਦਾ ਹੈ ਇਹ ਤਾਂ ਥੋੜ੍ਹਾ ਹੀ ਹੈ। ਅੱਗੇ ਹੀ ਅੱਗੇ ਵਧਦਾ ਤੁਰਿਆ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿਣ ਲੱਗੇ, ਵੈਦ ਜੀ! ਇਹ ਤ੍ਰਿਸ਼ਨਾ ਵੀ ਨਾਮ ਨਾਲ ਬੁਝਦੀ ਹੈ –

*ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥*
*ਮਹਾ ਸੰਤੋਖੁ ਹੋਵੈ ਗੁਰ ਬਚਨੀ*
*ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥ ੧ ॥ ਰਹਾਉ ॥*
*ਅੰਗ- ੬੮੩*

ਜਦੋਂ ਨਾਮ ਅੰਦਰ ਚੱਲ ਪੈਂਦਾ ਹੈ, ਅਸਲੀਅਤ ਦਾ ਪਤਾ ਲਗ ਜਾਂਦਾ ਹੈ। ਉਸ ਵੇਲੇ ਸੰਤੋਖ ਮਨ ਵਿਚ ਆ ਕੇ ਡੇਰਾ ਲਾ ਲੈਂਦਾ ਹੈ ਤੇ ਜਿਹਦੇ ਮਨ ਵਿਚ ਸੰਤੋਖ ਆ ਗਿਆ, ਉਹ ਪਰਮ ਸੁਖੀ ਹੋ ਜਾਂਦਾ ਹੈ ਬੰਦਾ।

*ਬਿਨਾ ਸੰਤੋਖ ਨਹੀ ਕੋਊ ਰਾਜੈ ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ ਅੰਗ- ੨੭੯*

ਸੋ ਇਸ ਤਰ੍ਹਾਂ ਦੇ ਨਾਲ ਤੀਸਰਾ ਜੋ ਹੈ ਉਹ 'ਈਰਖਾ' ਹੈ। ਈਰਖਾ ਦੀ ਬਿਮਾਰੀ ਸਿਉਂਕ ਹੈ। ਜਿਵੇਂ ਬੂਟਿਆਂ ਨੂੰ ਸਿਉਂਕ ਲਗਦੀ ਹੈ, ਇਸ ਤਰ੍ਹਾਂ ਮਨੁੱਖ ਨੂੰ ਈਰਖਾ ਦੀ ਬਿਮਾਰੀ ਲਗਦੀ ਹੈ। ਇਹ ਸਾਰੇ ਸੈੱਲ ਜਾਲ ਦਿੰਦੀ ਹੈ ਅੰਦਰਲੇ। ਮੱਥਾ ਜਿਹੜਾ ਹੈ ਕਰੂਪ ਹੋ ਜਾਂਦਾ ਹੈ, ਡਰਾਉਣਾ ਹੋ ਜਾਂਦਾ ਹੈ ਕਿਉਂਕਿ ਭਵਾਂ ਉਹਦੀਆਂ ਟੇਢੀਆਂ ਹੋ ਗਈਆਂ। ਹਰ ਵਕਤ ਚਿਹਰਾ ਚੜ੍ਹਿਆ ਰਹਿੰਦਾ ਹੈ, ਕੱਸਿਆ ਰਹਿੰਦਾ ਹੈ ਈਰਖਾ 'ਚ। ਇਹ ਦੂਸਰੇ ਦਾ ਨੁਕਸਾਨ ਹਰ ਵਕਤ ਭਾਲਦਾ ਹੈ। ਮਹਾਰਾਜ ਕਹਿੰਦੇ –

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ- ੩੦੮*

ਉਹਦਾ ਭਲਾ ਹੋ ਹੀ ਨਹੀਂ ਸਕਦਾ। ਇਹ ਸੰਤਾਂ ਦੀ ਸੰਗਤ ਕਰਕੇ ਆਪਣੇ ਆਪੇ ਦਾ ਗਿਆਨ ਹੋਣ ਤੋਂ ਬਾਅਦ–

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥ ਅੰਗ- ੧੨੯੯*

ਐਸੀ ਬਿਰਤੀ ਅੰਦਰ ਪੈਦਾ ਹੁੰਦੀ ਹੈ ਕਿ ਕੋਈ ਬਿਗਾਨਾ ਨਹੀਂ, ਕੋਈ ਵੈਰੀ ਨਹੀਂ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਇਹ ਵੀ ਬਹੁਤ ਵੱਡੀ ਬਿਮਾਰੀ ਹੈ। ਇਹ ਪ੍ਰਮੇਸ਼ਰ ਦਾ ਭਜਨ ਨਹੀਂ ਕਰਨ ਦਿੰਦੀ। ਇਨ੍ਹਾਂ ਸਾਰਿਆਂ ਤੋਂ ਖਤਰਨਾਕ ਬਿਮਾਰੀ, ਜਿਹਨੂੰ ਵਮਨ ਦੀ ਬਿਮਾਰੀ ਕਹਿੰਦੇ ਨੇ, ਮਾਨਸਿਕ ਵਮਨ, ਉਹ ਹੋਇਆ ਕਰਦਾ ਹੈ ਨਿੰਦਾ। ਅਕਾਰਨ ਬਗੈਰ ਕਿਸੇ ਕਾਰਨ ਤੋਂ, ਨਾ ਜਾਣ ਨਾ ਪਹਿਚਾਣ ਨਿੰਦਿਆ ਕਰਨੀ। ਮਹਾਰਾਜ ਕਹਿੰਦੇ, ਸੰਤਾਂ ਦੀ ਨਿੰਦਿਆ ਤਾਂ ਇਕ ਪਾਸੇ ਰਹੀ। ਕਿਸੇ ਦੀ ਵੀ ਨਿੰਦਿਆ ਨਹੀਂ ਕਰਨੀ ਚਾਹੀਦੀ। ਐਸਾ ਫੁਰਮਾਨ ਕਰਦੇ ਨੇ –

*ਧਾਰਨਾ – ਨਿੰਦਾ ਭਲੀ ਕਿਸੇ ਕੀ ਨਾਹੀ,*
*ਮਨਮੁਖ ਲੋਕੀ ਕਰਦੇ ਨੇ।*
*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥*
*ਅੰਗ- ੭੫੫*

ਚਾਰ ਉਂਗਲ ਦੀ ਜ਼ੁਬਾਨ ਕੌੜਾ ਫਲ ਕਿੰਨਾ ਹੈ ਕਿ ਨਰਕਾਂ 'ਚ ਵਾਸਾ ਹੋ ਜਾਂਦਾ ਹੈ। ਇਹੀ ਜ਼ੁਬਾਨ ਜੇ ਵਾਹਿਗੁਰੂ ਦਾ ਨਾਮ ਲਏ, ਹਰੀ ਦਾ ਜਸ ਕਰੇ, ਆਪ ਵੀ ਤਰਦਾ ਹੈ ਤੇ ਕੁਲਾਂ ਨੂੰ ਵੀ ਤਾਰ ਲਿਆ ਕਰਦਾ ਹੈ। ਨਿੰਦਕ ਆਪ ਵੀ ਡੁੱਬਦਾ ਹੈ ਤੇ ਕੁਲਾਂ ਨੂੰ ਵੀ ਡੋਬਦਾ ਹੈ। ਐਸਾ ਰਹਿਤਨਾਮੇ 'ਚ ਆਉਂਦਾ ਹੈ –

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਸ਼ਰਾਬ ਸੱਤ ਕੁੱਲਾਂ ਦਾ ਨਾਸ਼ ਕਰਦੀ ਹੈ, ਭੰਗ ਪੀਣ

ਵਾਲਾ ਆਪਣੇ ਤਨ ਦਾ ਨਾਸ਼ ਕਰਦਾ ਹੈ, ਸੌ ਕੁਲ ਦਾ ਨਾਸ਼ ਤਮਾਕੂ ਪੀਣ ਵਾਲਾ ਆਪਣੀਆਂ ਆਉਣ ਵਾਲੀਆਂ ਨਸਲਾਂ ਦਾ ਕਰਦਾ ਹੈ। ਦੂਰ ਤੱਕ ਇਹ ਬਿਮਾਰੀ ਫੈਲ ਜਾਂਦੀ ਹੈ। ਕਿਤੇ-ਕਿਤੇ ਕੈਂਸਰ ਦੇ ਰੂਪ 'ਚ ਪ੍ਰਗਟ ਹੋ ਜਾਂਦੀ ਹੈ। ਨਿੰਦਾ ਵਾਲੇ ਦੀ ਕੋਈ ਗਿਣਤੀ ਮਿਣਤੀ ਹੀ ਨਹੀਂ ਹੈ।

ਇਸ ਕਰਕੇ ਮਹਾਰਾਜ ਕਹਿੰਦੇ ਕਿੱਡਾ ਭਿਆਨਕ ਰੋਗ ਹੈ-

*ਮਨਮੁਖ ਦੁਬਿਧਾ ਦੁਰਮਤਿ ਬਿਆਪੇ*
*ਜਿਨ ਅੰਤਰਿ ਮੋਹ ਗੁਬਾਰੀ ॥*
*ਸੰਤ ਜਨਾ ਕੀ ਕਥਾ ਨ ਭਾਵੈ*
*ਓਇ ਡੂਬੇ ਸਣੁ ਪਰਵਾਰੀ ॥ ੫ ॥*
*ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ ॥*
*ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥ ੬ ॥*

*ਅੰਗ- ੫੦੭*

ਸਜ਼ਾ ਕੀ ਮਿਲਦੀ ਹੈ? ਉਹਦੀ ਰੁਚੀ ਨਹੀਂ ਹੁੰਦੀ ਸਤਿਸੰਗ 'ਚ। ਚੰਗਾ ਹੀ ਨਹੀਂ ਲਗਦਾ ਉਸਨੂੰ। ਕਿਉਂਕਿ ਅੰਦਰ ਮੈਲ ਨਾਲ ਭਰਿਆ ਪਿਆ ਹੁੰਦਾ ਹੈ, ਕਿਉਂਕਿ ਅੰਦਰ ਰਸ ਨਹੀਂ ਆਉਂਦਾ ਤੇ ਸਤਿਸੰਗ 'ਚ ਉਸਨੂੰ ਚੰਗਾ ਨਹੀਂ ਲਗਦਾ। ਉਹਦੇ ਬਾਰੇ ਐਸਾ ਫੁਰਮਾਨ ਹੈ -

*ਕਾਂਉ ਕਪੂਰ ਨ ਚਖਈ ਦੁਰਗੰਧਿ ਸੁਖਾਵੈ।*
*ਹਾਥੀ ਨੀਰਿ ਨੁਵਾਲੀਐ ਸਿਰਿ ਛਾਰੁ ਉਡਾਵੈ।*
*ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤੁ ਨ ਜਾਵੈ।*
*ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ।*
*ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ।*
*ਅੰਨ੍ਹਾਂ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥*

*ਭਾਈ ਗੁਰਦਾਸ ਜੀ, ਵਾਰ ੩੫/੭*

ਕਹਿਣ ਲੱਗੇ, ਵੈਦ ਜੀ! ਨਰਕਾਂ ਦੇ ਵਿਚ ਵਾਸਾ ਹੋ ਜਾਇਆ ਕਰਦਾ ਹੈ, ਕੋਈ ਪੁੰਨ ਦਾਨ ਕੀਤਾ ਹੋਇਆ ਫਲਿਆ ਨਹੀਂ ਕਰਦਾ। ਜਿਵੇਂ ਤੁਸੀਂ ਕਰੋੜਾਂ ਦੀ ਰਕਮ ਨੂੰ, ਕੋਈ ਮਾਸਟਰ ਸਵਾਲ ਪਾ ਦੇਵੇ, 99.999 ਜ਼ਰਬੈ 99 ਲੱਖ 99 ਹਜ਼ਾਰ, 999 ਜ਼ਰਬੈ 99 ਕਰੋੜ 99 ਲੱਖ। ਲਿਖੀ ਜਾਵੇ, ਸਲੇਟ ਭਰ ਲਏ ਤੇ ਅਖੀਰ ਦੇ ਉਤੇ ਲਿਖ ਦੇਵੇ ਜ਼ਰਬ ਜ਼ੀਰੋ। ਜਿਹੜਾ ਤਾਂ ਚੇਤਨ ਵਿਦਿਆਰਥੀ ਹੈ, ਉਹ ਤਾਂ ਉਸੇ ਵੇਲੇ ਜ਼ੀਰੋ ਮਾਰ ਕੇ ਖੜ੍ਹਾ ਹੋ ਜਾਏਗਾ। ਜਿਹੜਾ ਅਨਜਾਣ ਹੈ ਉਹ ਜ਼ਰਬਾਂ ਦੇ ਵਿਚ ਪੈ ਜਾਏਗਾ। ਅਖੀਰ ਦੇ ਉਤੇ ਉਹਦਾ ਵੀ ਜ਼ੀਰੋ ਆਉਣਾ ਹੈ। ਮਹਾਰਾਜ ਕਹਿੰਦੇ, ਕਿੰਨੇ ਹੀ ਕਰਮ ਧਰਮ ਕਰ ਲੈ। ਜੇ ਨਿੰਦਿਆ ਕਰੀ ਹੈ ਤਾਂ ਫੇਰ ਇਹ ਜ਼ੀਰੋ ਬਣ ਜਾਇਆ ਕਰਦਾ ਹੈ।

*ਜੇ ਓਹੁ ਅਠਸਿਠ ਤੀਰਥ ਨ੍ਹਾਵੈ ॥*
*ਜੇ ਓਹੁ ਦੁਆਦਸ ਸਿਲਾ ਪੂਜਾਵੈ ॥*
*ਜੇ ਓਹੁ ਕੂਪ ਤਟਾ ਦੇਵਾਵੈ ॥*
*ਕਰੈ ਨਿੰਦ ਸਭ ਬਿਰਥਾ ਜਾਵੈ ॥ ੧ ॥*
*ਸਾਧ ਕਾ ਨਿੰਦਕੁ ਕੈਸੇ ਤਰੈ ॥*
*ਸਰਪਰ ਜਾਨਹੁ ਨਰਕ ਹੀ ਪਰੈ ॥ ੧ ॥ ਰਹਾਉ ॥*

*ਅੰਗ- ੮੭੫*

ਸੋ ਮਹਾਰਾਜ ਕਹਿੰਦੇ ਇਸੇ ਤਰ੍ਹਾਂ ਦੀ ਭਿਆਨਕ ਬਿਮਾਰੀ ਚੁਗਲੀ ਹੋਇਆ ਕਰਦੀ ਹੈ, ਚੁਗਲ ਜਿਹੜਾ ਦੂਜੇ ਦਾ ਕੰਮ ਹੁੰਦਾ-ਹੁੰਦਾ ਵਿਗਾੜ ਦਿੰਦਾ ਹੈ। ਆਪਣਾ ਵੀ ਨੁਕਸਾਨ ਕਿੰਨਾ ਹੀ ਕਰਾ ਲਵੇ। ਲੇਕਿਨ ਦੂਸਰੇ ਦਾ ਜ਼ਰੂਰ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਦੇ ਮਾਨਸਿਕ ਰੋਗ ਵੈਦ ਜੀ! ਚਿੰਤਾ ਹੈ, ਆਸਾ ਹੈ, ਅੰਦੇਸਾ ਹੈ, ਕਪਟ ਹੈ, ਛਲ ਹੈ, ਹਿੰਸਾ ਹੈ, ਪੰਜ ਚੋਰ ਨੇ-ਕ੍ਰਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਪੰਜ ਵਿਸ਼ੇ ਨੇ-ਸ਼ਬਦ, ਸਪਰਸ਼, ਰੂਪ, ਰਸ, ਗੰਧ। ਪੰਜ ਇਹਦੇ ਅੰਦਰ ਠੱਗ ਨੇ-ਰਾਜ, ਮਾਲ, ਰੂਪ, ਜਾਤ, ਜੋਬਨ। ਇਸ ਤਰ੍ਹਾਂ ਦੇ ਨਾਲ ਇਹ ਜੀਵ ਬੀਮਾਰ ਹੈ। ਜੀਵ ਦਾ ਜੇ ਮਨ ਬੀਮਾਰ ਹੈ ਸਰੀਰ ਬੀਮਾਰ ਹੋਣਾ ਹੀ ਹੋਣਾ ਹੈ, ਅਵੱਸ਼ ਹੋਣੈ। ਜੇ ਮਨ ਤੰਦਰੁਸਤ ਹੈ, ਮਨ ਤੰਦਰੁਸਤ ਦੇ ਨਾਲ ਜੇ ਸਰੀਰ ਬਿਮਾਰ ਹੈ ਤਾਂ ਵੀ ਰਾਜ਼ੀ ਹੋ ਜਾਏਗਾ।

ਇਥੇ ਜਦੋਂ ਡਾ. ਸਵਾਮੀ ਰਾਮ ਜੀ ਆਏ ਨੇ, ਉਨ੍ਹਾਂ ਨੇ ਡਾਕਟਰਾਂ ਨੂੰ ਇਕ ਹਦਾਇਤ ਕਰੀ ਕਿ ਕਿੰਨੇ ਮਰੀਜ਼ ਆਉਂਦੇ ਨੇ? ਕਹਿੰਦੇ, ਹਜ਼ਾਰਾਂ ਦੀ ਤਾਦਾਦ 'ਚ ਆਉਂਦੇ ਨੇ, ਜਦੋਂ ਰਤਵਾੜਾ ਸਾਹਿਬ ਸਮਾਗਮ ਹੁੰਦਾ ਹੈ। 12000 ਮਰੀਜ਼ ਚਾਰ ਦਿਨਾਂ 'ਚ ਦੇਖਿਆ। ਬਹੁਤ ਗਿਣਤੀ ਵੱਡੀ ਹੈ 12000 ਦੀ। ਸਾਰੇ ਡਾਕਟਰ ਲੱਗੇ ਹੋਏ, ਸਾਡੇ ਵੀ, ਉਨ੍ਹਾਂ ਦੇ ਵੀ। ਉਨ੍ਹਾਂ ਨੇ ਕਿਹਾ ਕਿ ਕਾਰਨ ਦੇਖੋ ਕਿ ਕਿਉਂ ਐਨੇ ਬੀਮਾਰ ਨੇ? ਕਾਰਨ ਇਹ ਨਿਕਲਿਆ ਕਿ 80% ਬੀਮਾਰ ਮਾਨਸਿਕ ਬਿਮਾਰ ਨੇ ਇਨ੍ਹਾਂ 'ਚੋਂ। Under stress (ਮਾਨਸਿਕ ਤਣਾਉ) ਨੇ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਮੈਂ ਇਥੇ ਕਲੀਨਿਕ ਖੋਲ੍ਹ ਦਿੰਦਾ ਹਾਂ, ਉਹ ਯੋਗ ਦੇ ਨਾਲ ਇਨ੍ਹਾਂ ਦੇ ਮਨ ਦੀ ਚਿੰਤਾ ਹਟਾਇਆ ਕਰਨਗੇ।

ਸੋ ਮਨ ਰੋਗੀ ਹੁੰਦਾ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥* *ਅੰਗ- ੧੨੫੬*

ਰੋਗਾਂ ਦਾ ਕਾਰਨ ਹੁੰਦਾ ਹੈ, ਪਹਿਲਾਂ ਮਨ ਚਿੰਤਾ 'ਚ ਆਉਂਦਾ ਹੈ। ਰੋਗ ਲਗ ਜਾਂਦਾ ਹੈ, ਦਵਾਈ ਤਾਂ ਲਗਦੀ ਹੀ ਨਹੀਂ ਹੈ। ਸੋ ਇਸ ਤਰ੍ਹਾਂ ਵੈਦ ਜੀ ਨੇ ਫੇਰ ਪੁੱਛਿਆ ਕਹਿੰਦੇ ਹੇ ਨਾਨਕ! ਇਨ੍ਹਾਂ ਗੱਲਾਂ ਦਾ ਮੈਨੂੰ ਨਹੀਂ ਸੀ ਪਤਾ, ਨਾ ਮੇਰੀਆਂ ਪੁਸਤਕਾਂ 'ਚ ਸੀ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਮਨ ਦੇ ਰਾਜ਼ੀ ਹੋਣ ਨਾਲ ਬੰਦਾ ਰਾਜ਼ੀ ਹੋ ਜਾਂਦਾ ਹੈ। ਇਥੇ ਬੇਅੰਤ ਬਿਮਾਰ ਸਾਡੇ ਕੋਲ ਆਉਂਦੇ ਨੇ। ਪਹਿਲਾਂ ਡਾਕਟਰ ਨਹੀਂ ਸੀਗੇ, ਕਿਉਂਕਿ ਬੀਮਾਰ ਐਨੇ ਵਧ ਗਏ ਕਿ ਸਾਨੂੰ ਕਿੰਨੇ ਹੀ ਡਾਕਟਰ ਰੱਖਣੇ ਪਏ ਨੇ। ਹੋਮਿਓਪੈਥੀ ਦੇ ਵੀ ਆਉਂਦੇ ਨੇ, ਐਲੋਪੈਥਿਕ ਦੇ ਵੀ ਆਉਂਦੇ ਨੇ, ਹੱਡੀਆਂ ਵਾਲੇ ਵੀ

ਆਉਂਦੇ ਨੇ। ਉਨ੍ਹਾਂ ਤੋਂ ਪਹਿਲਾਂ ਦੀ ਗੱਲ ਹੈ ਕਿ ਮੈਂ ਛੇਤੀ ਹੀ ਮੰਨ ਜਾਇਆ ਕਰਦਾ ਸੀ ਕਿ ਦੋ-ਚਾਰ ਵਾਰੀ ਕਿਸੇ ਨੇ ਕਿਹਾ ਕਿ ਮੈਂ ਬਿਮਾਰ ਹਾਂ। ਮੈਂ ਕਹਿਣਾ ਕਿ ਚੰਗਾ ਤੂੰ ਸੇਵਾ ਕਰ, ਇਸ ਸ਼ਬਦ ਦਾ ਪਾਠ ਕਰ। ਉਹਦੇ ਨਾਲ ਕੀ ਹੁੰਦਾ ਸੀ, ਉਸ ਬੰਦੇ ਦੀ 40 ਦਿਨਾਂ ਦੇ ਅੰਦਰ-ਅੰਦਰ ਜਿਹੜੀ ਚਿੰਤਾ ਸੀ ਉਹ ਖਤਮ ਹੋ ਜਾਂਦੀ ਸੀ। ਇਥੇ ਵਾਤਾਵਰਣ ਸ਼ੁੱਧ ਹੈ, ਫਸਲਾਂ 'ਚ ਘੁੰਮ ਲਓ, ਦਰਖਤਾਂ ਥੱਲੇ ਘੁੰਮ ਲਓ, ਖਾਣ ਨੂੰ ਸ਼ੁੱਧ ਮਿਲਦਾ ਹੈ, ਦੁੱਧ ਲਈ ਆਪਣੇ ਡੰਗਰ ਹਨ। ਸ਼ੁੱਧ ਖੁਰਾਕ ਕਰਕੇ ਮਨ ਤਕੜਾ ਹੋ ਜਾਂਦਾ ਸੀ ਪਾਠ ਕਰਕੇ, ਰਾਜ਼ੀ ਹੋ ਕੇ ਚਲੇ ਜਾਂਦੇ ਸੀ। ਇਹੋ ਜਿਹੇ ਕਿ ਆਦਮੀ ਹੈਰਾਨ ਹੋ ਜਾਂਦਾ ਸੀ।

ਜਦੋਂ ਡਾ. ਸਵਾਮੀ ਰਾਮ ਜੀ ਨੇ ਨੀਂਹ ਪੱਥਰ ਰਖਾਇਆ ਜੌਲੀ ਗਰਾਂਟ, ਦੇਹਰਾਦੂਨ ਆਪਣੇ ਮੈਡੀਕਲ ਕਾਲਜ ਦਾ, ਉਥੇ ਬੜੇ ਡਾਕਟਰ ਬੈਠੇ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਦੇਖੋ ਇਲਾਜ ਜਿਹੜਾ ਹੈ ਪ੍ਰਮੇਸ਼ਰ ਨੇ ਆਦਮੀ ਦੇ ਅੰਦਰ ਦਵਾਈ ਰੱਖੀ ਹੋਈ ਹੈ, ਜੇ ਤਾਂ ਇਹਨੂੰ ਦਵਾਈ ਦਾ ਪਤਾ ਲਗ ਜਾਵੇ, ਤਾਂ ਫੇਰ ਇਹ ਰਾਜ਼ੀ ਹੋ ਜਾਂਦਾ ਹੈ। ਜੇ ਦਵਾਈ ਦਾ ਪਤਾ ਨਾ ਲੱਗੇ, ਫੇਰ ਬਾਹਰਲੀਆਂ ਦਵਾਈਆਂ ਖਾਂਦਾ ਹੈ।

ਇਥੇ ਮੈਨੂੰ ਕਹਿੰਦੇ ਨੇ ਕਿ ਜੀ ਬਥੇਰੀਆਂ ਖਾ ਲਈਆਂ ਅਸੀਂ ਤਾਂ ਰਾਜ਼ੀ ਨਹੀਂ ਹੁੰਦੇ। ਐਨੇ ਗਲ ਪੈਂਦੇ ਨੇ। ਮੈਂ ਕਹਿੰਦਾ ਤੁਸੀਂ ਡਾਕਟਰਾਂ ਕੋਲ ਜਾਓ, ਫੇਰ ਕਹਿ ਦਿੰਦੇ ਨੇ ਕਿ ਅਸੀਂ ਤਾਂ ਖਾ ਹਟੇ ਜੀ। ਉਹ ਅਸਲੀ ਦਵਾਈ ਤੱਕ ਨਹੀਂ ਪਹੁੰਚਦੇ। ਮਹਾਰਾਜ ਕਹਿੰਦੇ, ਅੰਦਰ ਪ੍ਰਮੇਸ਼ਰ ਨੇ ਦਵਾਈ ਰੱਖੀ ਹੋਈ ਹੈ।

*ਲਲਾ ਲਾਵਉ ਅਉਖਧ ਜਾਹੂ ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ ॥* *ਅੰਗ- ੨੫੯*

ਇਕ ਖਿਨ ਦੇ ਵਿਚ ਦੁਖ ਦੂਰ ਹੋ ਜਾਂਦਾ ਹੈ -

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਤਾਹਿ ਰੋਗੁ ਸੁਪਨੈ ਨਹੀ ਆਵੈ ॥*
*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ੪੫ ॥* *ਅੰਗ- ੨੫੯*

ਨਾਮ ਦੀ ਦਵਾਈ ਜੇ ਉਹਦੇ ਨਾਲ ਪਿਆਰ ਪੈ ਜਾਵੇ ਤਾਂ ਸੁਪਨੇ ਦੇ ਵਿਚ ਵੀ ਉਹ ਰੋਗੀ ਨਹੀਂ ਹੁੰਦਾ। ਸਾਰਿਆਂ ਦੇ ਅੰਦਰ ਉਹ ਦਵਾਈ ਹੈ। ਲੇਕਿਨ ਗੁਰੂ ਤੋਂ ਬਗੈਰ ਇਹਦਾ ਪਤਾ ਨਹੀਂ ਲਗਦਾ।

ਡਾ. ਚਟਾਨੀ ਵਗੈਰਾ ਸਾਰੇ ਬੈਠੇ ਸੀ। ਮੈਂ ਕਿਹਾ ਦੇਖੋ, ਇਹਦੇ 'ਚ ਤਿੰਨ ਅਸੂਲ ਕੰਮ ਕਰਦੇ ਨੇ। ਅਸੀਂ ਇਹ ਪ੍ਰਤਿਆ ਕੇ ਦੇਖਿਆ ਹੈ। ਇਥੇ ਇਕ ਬੀਬੀ, ਦੋਨੋਂ ਅੱਖਾਂ ਦੀ ਰੋਸ਼ਨੀ ਗਈ ਹੋਈ, ਪੱਥਰੀ ਉਹਦੀ ਕਿਡਨੀ ਦੇ ਵਿਚ, ਰਸੌਲੀ ਉਹਦੇ ਮਿਹਦੇ ਵਿਚ ਤੇ ਬਲੱਡ ਪਰੈਸ਼ਰ 240, ਬਲੱਡ ਸ਼ੂਗਰ 240। ਡਾਕਟਰਾਂ ਨੇ ਕਿਹਾ ਤੇਰਾ ਇਲਾਜ ਨਹੀਂ ਕੋਈ ਵੀ। ਅੱਖਾਂ ਵਾਲਿਆਂ ਨੇ ਕਿਹਾ ਤੇਰੀਆਂ ਨਾੜੀਆਂ ਪਿਚਕ ਗਈਆਂ। ਮੈਂ ਕਿਹਾ ਕਿ ਇਥੇ ਤੈਨੂੰ ਰਹਿ ਕੇ ਸਾਲ ਭਰ ਭਜਨ ਕਰਨਾ ਪੈਣਾ ਹੈ। ਉਹ ਤਿਆਰ ਹੋ ਗਈ ਇਸ ਗੱਲ ਲਈ, ਉਹਨੇ ਭਜਨ ਕਰਿਆ। ਵੀਹ ਦਿਨ 'ਚ ਇਕ ਅੱਖ ਖੁਲ੍ਹ ਗਈ। ਮੈਨੂੰ ਦੇਖ ਕੇ ਕਹਿਣ ਲੱਗੀ, ਵੀਰ ਜੀ! ਤੁਹਾਨੂੰ ਪਛਾਣ ਲਿਆ ਮੈਂ। ਪੜ੍ਹੀ-ਲਿਖੀ ਸੀ। ਉਹ ਹੌਲੀ-ਹੌਲੀ ਪਾਠ ਵੀ ਕਰਦੀ ਰਹੀ। ਉਸ ਤੋਂ ਬਾਅਦ ਨੌਂ ਮਹੀਨੇ ਬਾਅਦ ਪੱਥਰੀ ਵੀ ਨਿਕਲ ਗਈ। ਪੀ.ਜੀ.ਆਈ ਗਈ ਵੀਹ ਦਿਨ ਬਾਅਦ। ਕਹਿੰਦੀ ਮੈਂ ਚੈੱਕ ਕਰਾ ਆਵਾਂ। ਕਾਰਡ ਮੇਰਾ ਹੈਗਾ। ਉਥੇ ਗਈ ਉਹ ਕਹਿੰਦੇ ਬਲੱਡ ਪਰੈਸ਼ਰ ਵੀ ਠੀਕ ਹੈ, ਬਲੱਡ ਸ਼ੂਗਰ ਵੀ ਠੀਕ ਹੈ, ਤਿੰਨੋ ਬਿਮਾਰੀਆਂ ਇਕ ਦਮ ਗਈਆਂ ਵੀਹ ਦਿਨਾਂ 'ਚ। ਜਦੋਂ ਮੈਂ ਅਮਰੀਕਾ ਤੋਂ ਆਇਆ ਕਹਿੰਦੀ, ਵੀਰ ਜੀ ਮੈਂ ਹੁਣ ਕਾਣੀ ਹੀ ਜਾਊਂਗੀ ਇਥੋਂ। ਮੈਂ ਕਿਹਾ, ਨਹੀਂ ਤੂੰ ਭਰੋਸਾ ਰੱਖ। ਇਕ ਜਨਵਰੀ ਨੂੰ ਮੈਂ ਆਇਆ, 20 ਜਨਵਰੀ ਨੂੰ ਖੁਸ਼ ਹੋਈ ਫਿਰੇ ਕਿ ਮੇਰੀ ਦੂਜੀ ਅੱਖ ਦੀ ਵੀ ਰੋਸ਼ਨੀ ਆ ਗਈ। ਉਸ ਤੋਂ ਬਾਅਦ ਰੀੜ ਦੀ ਹੱਡੀ 'ਚ ਕਰੈਕ ਸੀ ਉਸਦੀ। ਉਹਦੇ ਐਕਸਰੇ ਲਏ। ਉਹ ਕਹਿੰਦੇ, ਤੇਰੀ ਰੀੜ ਦੀ ਹੱਡੀ 'ਚ ਤਾਂ ਕਰੈਕ ਹੀ ਨਹੀਂ। ਮਹਾਰਾਜ ਕਹਿੰਦੇ, ਉਹ ਦਵਾਈ ਵਰਤੀ ਗਈ ਨਾਮ ਦੀ। ਨਾਮ ਦੀ ਦਵਾਈ ਨੇ ਰਾਜ਼ੀ ਕਰ ਦਿਤਾ। ਆਦਮੀ ਦੇ ਅੰਦਰ ਪ੍ਰਮੇਸ਼ਰ ਨੇ ਐਸੀ ਸ਼ਕਤੀ ਰੱਖੀ ਹੈ, ਇਹ ਆਪੇ ਹੀ ਰਾਜ਼ੀ ਹੋ ਸਕਦਾ ਹੈ।

ਮੈਂ ਡਾਕਟਰਾਂ ਨੂੰ ਕਿਹਾ ਕਿ ਉਹਦੇ 'ਚ ਤਿੰਨ ਨੇਮ ਨੇ। ਪਹਿਲਾ ਤਾਂ ਇਹ ਜਿਹੜਾ ਬੰਦਾ ਆਉਂਦਾ ਹੈ ਉਹਦੇ ਅੰਦਰ 100% ਵਿਸ਼ਵਾਸ਼ ਹੋਵੇ ਤੇ ਫੇਰ ਮੇਰੇ ਅੰਦਰ ਵੀ 100% ਵਿਸ਼ਵਾਸ਼ ਹੋ ਜਾਏ। ਜੇ ਮੇਰੇ ਅੰਦਰ ਕਮਜ਼ੋਰੀ ਆ ਗਈ ਕਿ ਇਹ ਨਹੀਂ ਹੋਣਾ, ਫੇਰ ਨਹੀਂ ਹੁੰਦਾ। ਫੇਰ ਜਿਹੜਾ ਕੁਛ ਮੈਂ ਦੱਸਿਆ ਉਹਨੂੰ 100% ਕਮਾਵੇ। ਉਹਦੇ 'ਚ ਜੇ ਕਹਿ ਦਿਤਾ ਕਿ ਇਹ ਕੁਛ ਹੋਣਾ ਨਹੀ। ਐਨਾ ਪਾਠ ਨਹੀਂ ਜੀ ਹੋਣਾ, ਫੇਰ ਰਹਿ ਗਿਆ ਕੰਮ ਉਥੇ ਹੀ। ਉਹ ਤਿੰਨੇ ਗੱਲਾਂ ਜੇ ਹੋਣ ਰਾਜ਼ੀ ਹੋ ਜਾਂਦਾ ਹੈ।

ਉਥੇ ਡਾਕਟਰ ਪਾਠਕ ਮੇਰੇ ਤੋਂ ਬਾਅਦ ਬੋਲਣ ਲੱਗੇ। ਕਹਿੰਦਾ, ਅਸੀਂ ਜਾਣਦੇ ਤਾਂ ਸੀ ਪਹਿਲਾਂ ਵੀ, ਕੋਈ ਐਸੀ ਚੀਜ਼ ਹੈ ਆਦਮੀ ਦੇ ਅੰਦਰ ਲੇਕਿਨ ਸਾਨੂੰ ਇਹ ਗੱਲਾਂ ਦਾ ਨਹੀਂ ਸੀ ਪਤਾ। ਜਿਹੜੀਆਂ ਤਿੰਨ ਇਨ੍ਹਾਂ ਨੇ ਦੱਸੀਆਂ ਨੇ। ਅਸੀਂ ਵੀ ਇਹ ਹੁਣ ਕੋਸ਼ਿਸ਼ ਕਰਿਆ ਕਰਾਂਗੇ।

ਕਿਉਂਕਿ ਮਾਨਸਿਕ ਝੰਜਟ ਨੇ ਜਿਹੜੇ ਬੰਦਿਆਂ ਦੇ, ਉਹਨੂੰ ਹੱਲ ਕਰਿਆ ਜਾਵੇ, ਉਹਨੂੰ ਸੋਚਿਆ ਜਾਵੇ। ਸੋ ਜੇ ਮਨ ਮਜ਼ਬੂਤ ਹੈ, ਬਿਮਾਰੀ ਨਹੀਂ ਹੋਇਆ ਕਰਦੀ।

ਸੋ ਸਾਧਸੰਗਤ ਜੀ! ਵੈਦ ਨੇ ਪੁੱਛਿਆ ਕਿ ਕੋਈ ਇਕ ਇਲਾਜ ਵੀ ਹੈ ਸਾਰਿਆਂ ਦਾ? ਮਹਾਰਾਜ ਕਹਿੰਦੇ, ਹਾਂ।

*(ਬਾਕੀ ਪੰਨਾ 20 'ਤੇ)*

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਲਖਬੀਰ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

**1. ਸਤਿਗੁਰ ਬਚਨ ਤੁਮ੍ਾਰੇ ॥ ਨਿਰਗੁਣ ਨਿਸਤਾਰੇ॥**

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਦਾ ਪਾਰ ਉਤਾਰਾ ਕਰਨ ਵਾਸਤੇ ਬਹੁਤ ਸੁਖਾਲਾ ਰਾਹ ਬਣਾ ਦਿਤਾ ਜਿਸ ਦੁਆਰਾ ਕਲਜੁਗ ਦੇ ਭਿਆਨਕ ਸਮੇਂ ਦੇ ਅੰਦਰ ਜਗਿਆਸੂਆਂ ਨੂੰ ਸਤਿਸੰਗ ਦੀ ਬਖਸ਼ਿਸ਼ ਕਰ ਦਿਤੀ। ਜਿਥੇ ਹਰੀ ਦਾ ਕੀਰਤਨ ਹੋਵੇ, ਸਾਧੂ ਦੀ ਸੰਗਤ ਹੋਵੇ, ਇਸ ਤੋਂ ਵੱਡਾ ਸੰਸਾਰ ਦੇ ਅੰਦਰ ਹੋਰ ਕੋਈ ਕਰਮ ਨਹੀਂ ਹੋਇਆ ਕਰਦਾ ਪਰੰਤੂ ਜਿਸ ਦੇ ਭਾਗਾਂ ਵਿਚ ਲਿਖਿਆ ਹੋਵੇ ਉਸ ਨੂੰ ਹੀ ਮਿਲਦਾ ਹੈ। ਕਲਜੁਗ ਵਿਚ ਇਸ ਦਾ ਸਭ ਤੋਂ ਉੱਤਮ ਫਲ ਹੈ। ਗੁਰੂ ਮਹਾਰਾਜ ਜੀ ਨੇ ਬੜੀ ਹੈਰਾਨੀ ਵਾਲੀ ਗੱਲ ਕਹਿ ਦਿਤੀ ਕਿ ਕਈ ਕਰੋੜਾਂ ਜੱਗਾਂ ਦਾ ਫਲ ਪ੍ਰਾਪਤ ਹੁੰਦਾ ਹੈ ਜਿਹੜੇ ਇਕ ਮਨ ਇਕ ਚਿੱਤ ਹੋ ਕੇ ਹਰੀ ਜਸ ਨੂੰ ਸੁਣਦੇ ਤੇ ਗਾਉਂਦੇ ਹਨ। ਜਿਹੜੇ ਸਤਿਗੁਰੂ ਜੀ ਦੇ ਬਚਨਾਂ ਨੂੰ ਹੁਕਮ ਸਮਝ ਕੇ ਮੰਨਦੇ ਹਨ ਤੇ ਉਸ ਅਨੁਸਾਰ ਜੀਵਨ ਢਾਲ ਲੈਂਦੇ ਹਨ, ਉਨ੍ਹਾਂ ਦਾ ਗਾਵਿਆ-ਸੁਣਿਆ ਥਾਂ ਪੈ ਜਾਂਦਾ ਹੈ ਤੇ ਸਮਾਂ ਲੇਖੇ ਵਿਚ ਲੱਗ ਜਾਂਦਾ ਹੈ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥* *ਅੰਗ- ੬੪੨*

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥*
*ਅੰਗ- ੫੪੬*

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥*
*ਅੰਗ- ੬੬੯*

ਸਤਿਸੰਗ ਦੀ ਮਹਿਮਾ ਬਾਰੇ ਧਾਰਮਿਕ ਇਤਿਹਾਸ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਵਾਰ ਸ੍ਰੀ ਰਾਮ ਚੰਦਰ ਜੀ ਦੇ ਰੂਹਾਨੀ ਵਿਦਿਆ ਗੁਰੂ ਰਿਸ਼ੀ ਵਸ਼ਿਸ਼ਟ ਜੀ ਅਤੇ ਸ਼ਸਤਰ ਵਿਦਿਆ ਗੁਰੂ ਰਿਸ਼ੀ ਵਿਸ਼ਵਾਮਿਤਰ ਜੀ ਵਿਚਕਾਰ ਸੰਵਾਦ ਹੋ ਗਿਆ। 'ਵਿਵਾਦ' ਦਾ ਮਤਲਬ ਹੈ ਝਗੜਾ ਜਾਂ ਬਹਿਸ ਪਰ 'ਸੰਵਾਦ' ਵਿਚ ਸ਼ੁਭ ਵਿਚਾਰਾਂ ਦਾ ਅਦਾਨ-ਪ੍ਰਦਾਨ ਹੋਇਆ ਕਰਦਾ ਹੈ। ਰਿਸ਼ੀ ਵਸ਼ਿਸ਼ਟ ਜੀ ਕਹਿਣ ਲੱਗੇ ਤੁਸੀਂ ਤਪ ਬਹੁਤ ਕਰਦੇ ਹੋ ਪਰ ਸਤਿਸੰਗ ਵਿਚ ਸ਼ਰਧਾ ਤੇ ਨਿਮਰਤਾ ਨਾਲ ਬੈਠ ਕੇ ਹਰੀ ਜੱਸ ਸੁਣਨ ਦਾ, ਤਪ ਨਾਲੋਂ ਅਧਿਕ ਫਲ ਹੁੰਦਾ ਹੈ। ਵਿਸ਼ਵਾਮਿਤਰ ਜੀ ਨੇ ਜਵਾਬ ਦਿਤਾ ਕਿ ਤਪ ਕਰਨ ਵਾਸਤੇ ਠੰਡ, ਕੋਰਾ ਸਹਿਣਾ, ਗਰਮੀ, ਧੁੱਪ ਸਹਿਣਾ, ਠੰਡੇ ਪਾਣੀ ਵਿਚ ਖੜ੍ਹਨਾ, ਆਲੇ-ਦੁਆਲੇ ਧੂਣੀਆਂ ਤਾਪਣੀਆਂ, ਜਲਧਾਰੇ ਕਰਨੇ ਤੇ ਪੁੱਠੇ ਲਟਕਣਾ, ਇਤਨਾ ਕੁਝ ਕਰਨਾ ਪੈਂਦਾ ਹੈ। ਇਸ ਦਾ ਮੁਕਾਬਲਾ ਸਤਿਸੰਗ ਨਹੀਂ ਕਰ ਸਕਦਾ। ਜਦੋਂ ਫੈਸਲਾ ਨਾ ਹੋਇਆ ਤਾਂ ਬ੍ਰਹਮਾ ਜੀ ਪਾਸ ਗਏ, ਉਨ੍ਹਾਂ ਨੇ ਸ਼ਿਵ ਜੀ ਪਾਸ ਭੇਜ ਦਿਤਾ ਤੇ ਸ਼ਿਵ ਜੀ ਨੇ ਕਿਹਾ ਕਿ ਵਿਸ਼ਨੂੰ ਜੀ ਪਾਸ ਜਾਓ। ਵਿਸ਼ਨੂੰ ਜੀ ਨੇ ਪ੍ਰਤੱਖ ਦਿਖਾਉਣ ਵਾਸਤੇ ਸ਼ੇਸ਼ਨਾਗ ਕੋਲ ਭੇਜ ਦਿਤੇ। ਜਿਸ ਸ਼ਕਤੀ ਨੇ ਗ੍ਰਹਿਾਂ ਦਾ ਸੰਤੁਲਨ ਕਾਇਮ ਰੱਖਿਆ ਹੋਇਆ ਹੈ ਉਹ ਖਿੱਚ (gravity) 'ਨਾਮ' ਸ਼ਕਤੀ ਹੈ।

*ਨਾਮ ਕੇ ਧਾਰੇ ਖੰਡ ਬ੍ਰਹਿਮੰਡ॥* *ਅੰਗ - ੨੮੪*

ਉਹ ਕਹਿਣ ਲੱਗਿਆ ਕਿ ਮੇਰੀ ਡਿਊਟੀ ਹੈ ਕਿ ਮੈਂ ਦੋ ਹਜ਼ਾਰ ਵਾਰੀ ਵਾਹਿਗੁਰੂ ਦਾ ਨਵਾਂ ਨਾਮ ਉਚਾਰਨ ਕਰਦਾ ਹਾਂ ਤੇ 'ਨਾਮ' ਦੀ ਸ਼ਕਤੀ ਨਾਲ ਖੰਡ-ਬ੍ਰਹਿਮੰਡ ਖੜ੍ਹੇ ਹਨ। ਇਸ ਕਰਕੇ ਮੈਨੂੰ ਤਪਸਿਆ ਦਾ ਫਲ ਦੇਵੋ ਜਿਸ ਨਾਲ ਇਹ ਟਿਕੇ ਰਹਿਣ ਤੇ ਮੈਂ ਤੁਹਾਡੇ ਨਾਲ ਗੱਲ ਕਰ ਸਕਾਂ। ਵਿਸ਼ਵਾਮਿੱਤਰ ਜੀ ਨੇ ਆਪਣਾ ਸਾਰਾ 58 ਹਜ਼ਾਰ ਸਾਲ ਦਾ ਤਪ ਦੇ ਦਿਤਾ ਪਰ ਉਸ ਨਾਲ ਵੀ ਗ੍ਰਹਿ ਡੋਲਣ ਲੱਗ ਪਏ। ਉਸ ਨੇ ਕਿਹਾ ਵਸ਼ਿਸ਼ਟ ਜੀ ਤੁਸੀਂ ਦੇਵੋ, ਉਹ ਕਹਿੰਦੇ ਮੈਂ 4 ਘੜੀ (100) ਮਿੰਟ ਦੇ ਸਤਿਸੰਗ ਦਾ ਫਲ ਦਿੰਦਾ ਹਾਂ ਜਿਸ ਦਾ ਫਲ ਇਹ ਹੋਇਆ ਕਿ ਸਾਰੇ ਬ੍ਰਹਿਮੰਡ ਟਿਕ ਗਏ। ਕਹਿਣ ਲੱਗੇ, ਰਿਸ਼ੀ ਜੀ! ਹੁਣ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਸਤਿਸੰਗ ਦਾ ਫਲ ਤਪ ਨਾਲੋਂ ਜ਼ਿਆਦਾ ਹੁੰਦਾ ਹੈ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜੀ ਇਕ ਬ੍ਰਿਛ ਹੇਠਾਂ ਸਮਾਧੀ ਸਥਿਤ ਹੋ ਕੇ ਬੈਠੇ ਸਨ ਜਿਸ ਦੇ ਲਾਗੇ ਇਕ ਕਬਰਸਤਾਨ ਸੀ। ਭਾਈ ਮਰਦਾਨਾ ਜੀ ਨੇ ਉਥੇ ਦੇਖਿਆ ਕਿ ਹਰ ਇਕ ਕਬਰ ਦੇ ਸਿਰ੍ਹਾਣੇ ਵਲ ਪੱਥਰ ਦੀ ਸਲੇਟ ਉਤੇ ਮਰ ਚੁੱਕੇ ਬੰਦੇ ਦਾ ਨਾਮ ਤੇ ਉਮਰ ਲਿਖੀ ਹੋਈ ਸੀ। ਉਹ ਪੜ੍ਹ ਕੇ ਹੈਰਾਨ ਹੋ ਗਿਆ ਕਿ ਕਿਸੇ ਦੀ ਉਮਰ ਪੰਜ ਸਾਲ, ਕਿਸੇ ਦੀ ਸੱਤ ਸਾਲ ਤੇ ਕਿਸੇ ਦੀ ਦਸ ਸਾਲ ਆਦਿ ਤੇ ਵੱਧ ਤੋਂ ਵੱਧ 15-20 ਸਾਲ। ਸੋਚਿਆ ਕਿ ਇਥੇ ਛੋਟੀ ਉਮਰ ਵਿਚ ਹੀ ਸਭ ਚੜ੍ਹਾਈ ਕਰ ਜਾਂਦੇ ਹਨ। ਉਸ ਨੇ ਮਹਾਰਾਜ ਨੂੰ ਜਾ ਕੇ ਦੱਸਿਆ ਕਹਿੰਦਾ ਸੱਚੇ ਪਾਤਸ਼ਾਹ! ਇਹ ਨਗਰ ਕਿਵੇਂ ਵਧਦਾ-ਫੁਲਦਾ ਹੋਵੇਗਾ ਜਿਨ੍ਹਾਂ ਦੀਆਂ ਉਮਰਾਂ ਐਨੀਆਂ ਘੱਟ ਹਨ? ਗੁਰੂ ਮਹਾਰਾਜ ਕਹਿਣ ਲੱਗੇ ਭਾਈ ਮਰਦਾਨਾ! ਨਗਰ ਵਿਚ ਜਾ ਕੇ ਕਿਸੇ ਸਿਆਣੇ ਪਾਸੋਂ ਪੁੱਛ ਪੜਤਾਲ ਕਰੋ ਅਤੇ ਨਾਲੇ ਤੁਸੀਂ ਪ੍ਰਸ਼ਾਦਾ ਪਾਣੀ ਛੱਕ ਆਓ। ਮਰਦਾਨਾ ਜੀ ਨੇ ਉਥੇ ਪਹੁੰਚ ਕੇ ਦੇਖਿਆ ਕਿ ਦਰਵਾਜ਼ੇ ਦੇ ਬਾਹਰ ਚੌਂਤਰੇ ਉਤੇ ਦੋਵੇਂ ਪਾਸੇ ਬਜ਼ੁਰਗ ਬੈਠੇ ਹਨ ਤੇ ਇਕ ਵਡੇਰੀ ਉਮਰ ਵਾਲੇ ਬਜ਼ੁਰਗ ਦੂਜਿਆਂ ਨੂੰ ਕੁਝ ਸੁਣਾ ਰਹੇ ਸਨ। ਮਰਦਾਨਾ ਜੀ ਨੇ 'ਸਤਿ ਕਰਤਾਰ' ਦਾ ਆਵਾਜ਼ਾ ਦਿਤਾ ਤੇ ਉਨ੍ਹਾਂ ਨੇ ਇਸ ਨੂੰ ਪਰਦੇਸੀ ਜਾਣ ਕੇ ਆਦਰ ਨਾਲ ਕੋਲ ਬਿਠਾ ਲਿਆ। ਉਨ੍ਹਾਂ ਦੇ ਪੁੱਛਣ ਤੇ

ਭਾਈ ਮਰਦਾਨਾ ਜੀ ਨੇ ਆਪਣਾ ਪਰੀਚੈ ਦਿਤਾ ਕਿ ਮੈਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਢਾਡੀ ਹਾਂ। ਮਰਦਾਨਾ ਜੀ ਨੇ ਕਬਰਸਤਾਨ ਬਾਰੇ ਸਵਾਲ ਕੀਤਾ ਕਿ ਤੁਸੀਂ ਤਾਂ ਰੱਬ ਦੀ ਮਿਹਰ ਨਾਲ ਵੱਡੀਆਂ ਉਮਰਾਂ ਵਾਲੇ ਬੈਠੇ ਹੋਂ ਪਰ ਉਥੇ ਉਮਰਾਂ ਐਨੀਆਂ ਘੱਟ ਕਿਉਂ ਲਿਖੀਆਂ ਹੋਈਆਂ ਹਨ? ਵੱਡੇ ਬਜ਼ੁਰਗ ਕਹਿਣ ਲੱਗੇ, ਭਾਈ ਮਰਦਾਨਾ! ਸਾਡਾ ਨਗਰ ਜਗਿਆਸੂਆਂ ਦਾ ਹੈ। ਸੰਸਾਰ ਵਿਚ ਚਾਰ ਕਿਸਮ ਦੇ ਬੰਦੇ ਹੁੰਦੇ ਹਨ। ਪਹਿਲੇ 'ਪਾਮਰ' ਬਿਲਕੁਲ ਨਾਸਤਿਕ, ਜੋ ਨਾ ਰੱਬ ਨੂੰ, ਨਾ ਗੁਰੂ ਨੂੰ, ਨਾ ਕਿਸੇ ਧਰਮ ਗ੍ਰੰਥ ਨੂੰ ਅਤੇ ਨਾ ਹੀ ਸਤਿਸੰਗ ਨੂੰ ਮੰਨਦੇ ਹਨ। ਮਨ ਦੇ ਪਿੱਛੇ ਲੱਗ ਕੇ ਪਸ਼ੂਆਂ ਵਾਂਗੂੰ ਜੀਵਨ ਗੁਜ਼ਾਰ ਕੇ ਚਲੇ ਜਾਂਦੇ ਹਨ। ਦੂਜੇ 'ਭੋਗੀ' ਜੋ ਖਾਣ, ਪੀਣ, ਪਹਿਨਣ ਤੋਂ ਅੱਗੇ ਨਹੀਂ ਸੋਚਦੇ, ਭੋਗਾਂ ਵਿਚ ਪ੍ਰਵਿਰਤ ਹੋ ਕੇ ਜੀਵਨ ਬਿਤਾ ਦਿੰਦੇ ਹਨ। ਤੀਜੇ ਕਿਸਮ ਦੇ 'ਜਗਿਆਸੂ' ਹੁੰਦੇ ਹਨ। ਇਨ੍ਹਾਂ ਦੇ ਮਨ ਵਿਚ ਸ਼ੌਕ ਹੁੰਦਾ ਹੈ ਕਿ ਗੁਰੂ ਵਾਲੇ ਬਣ ਕੇ ਵਾਹਿਗੁਰੂ ਦੀ ਭਗਤੀ ਕਰੀਏ, ਨਾਮ ਜਪੀਏ, ਮਨੁੱਖ ਜਨਮ ਐਵੇਂ ਬਿਰਥਾ ਨਾ ਚਲਾ ਜਾਵੇ, ਕਿਸੇ ਲੇਖੇ ਵਿਚ ਲੱਗ ਜਾਵੇ। ਚੌਥੇ 'ਮੁਕਤ' ਪਦਵੀ ਦੇ ਪੁਰਸ਼ ਹੁੰਦੇ ਹਨ ਜਿਹੜੇ ਰੱਬ ਵਲੋਂ ਭੇਜੇ ਜਾਂਦੇ ਹਨ। ਇਹ ਆਪ ਵੀ ਨਾਮ ਜਪਦੇ ਹਨ ਤੇ ਸੰਸਾਰ ਨੂੰ ਵੀ ਨਾਮ ਜਪਾਉਂਦੇ ਹਨ।

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥*
*ਅੰਗ - ੭੪੯*

ਸਾਡੇ ਨਗਰ ਵਿਚ ਪਾਮਰ ਤੇ ਭੋਗੀ ਬੰਦੇ ਨਹੀਂ ਹਨ, ਕੇਵਲ ਜਗਿਆਸੂ ਹਨ। ਸਾਡੀ ਰੀਤ ਹੈ ਕਿ ਜਦੋਂ ਬੱਚਾ ਪੰਜ ਸਾਲ ਦਾ ਹੋ ਜਾਂਦਾ ਹੈ ਤਾਂ ਮਾਪੇ ਉਸ ਨੂੰ ਪ੍ਰਮੇਸ਼ਰ ਵੱਲ ਲਾ ਦਿੰਦੇ ਹਨ। ਅਸੀਂ ਇਕ ਡਾਇਰੀ ਦਿੰਦੇ ਹਾਂ ਜਿਸ ਵਿਚ ਮਾਂ-ਬਾਪ, ਬੱਚੇ ਨੂੰ ਹਰ ਰੋਜ਼ ਪੁੱਛ ਕੇ ਲਿਖਦੇ ਰਹਿੰਦੇ ਹਨ ਜਿੰਨਾਂ ਸਮਾਂ ਉਸ ਨੇ ਪਾਠ ਕਰਨ ਵਿਚ, ਨਾਮ ਜਪਣ ਵਿਚ ਲਗਾਇਆ ਹੁੰਦਾ ਹੈ। ਜਦੋਂ 18 ਸਾਲ ਦਾ ਹੋ ਜਾਂਦਾ ਹੈ ਤਾਂ ਪੰਚਾਇਤ ਜੁੜ ਕੇ ਡਾਇਰੀ ਵਾਚਦੀ ਹੈ ਤੇ ਦਸਦੀ ਹੈ ਕਿ ਹੁਣ ਤੂੰ ਸਿਆਣਾ ਹੋ ਗਿਆ ਤੇ ਭਜਨ ਦੀ ਡਾਇਰੀ ਆਪ ਲਿਖਿਆ ਕਰ। ਜਦੋਂ ਸਰੀਰ ਦਾ ਅੰਤਮ ਸਮਾਂ ਆਉਂਦਾ ਹੈ ਤਾਂ ਪੰਚਾਇਤ ਨਾਮ ਜਪਣ ਦਾ ਸਮਾਂ ਜੋੜ ਕੇ ਉਸ ਦੀ ਕਬਰ ਦੇ ਸਿਰ੍ਹਾਣੇ ਪੱਥਰ ਤੇ ਲਿਖ ਦਿੰਦੀ ਹੈ। ਇਸ ਦਾ ਮਤਲਬ ਹੈ ਕਿ ਇਸ ਬੰਦੇ ਦੀ ਕੇਵਲ ਐਨੀ ਉਮਰ ਲੇਖੇ ਵਿਚ ਲੱਗੀ ਹੈ ਤੇ ਬਾਕੀ ਦੀ ਸੰਸਾਰਿਕ ਧੰਦਿਆਂ ਵਿਚ ਗੁਜ਼ਰੀ ਹੈ।

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।***
***ਭਾਈ ਵੀਰ ਸਿੰਘ ਜੀ***

ਇਸ ਕਰਕੇ ਜਿਹੜੀ ਆਯੂ ਅਜਾਈਂ ਲੰਘ ਗਈ, ਉਸ ਦਾ ਤਾਂ ਕੋਈ ਲਾਭ ਨਹੀਂ ਸਗੋਂ ਨੁਕਸਾਨ ਹੈ ਪਰ ਜਿਹੜੀ ਵਾਹਿਗੁਰੂ ਦੀ ਯਾਦ ਵਿਚ ਲੰਘ ਜਾਵੇ ਉਹ ਲੇਖੇ ਵਿਚ ਪੈ ਜਾਂਦੀ ਹੈ। ਅਸੀਂ ਹੁਣ ਵਿਚਾਰ ਕਰੀਏ ਕਿ ਵਾਹਿਗੁਰੂ ਦੀ ਯਾਦ ਵਿਚ ਸਾਡੀ ਕਿੰਨੀ ਕੁ ਉਮਰ ਲੰਘ ਗਈ? ਮੰਨ ਲਵੋ, 75 ਸਾਲ ਦੀ ਉਮਰ ਹੈ ਤੇ ਇਸ ਵਿਚ 66 ਕਰੋੜ, 44 ਲੱਖ ਸਵਾਸ ਹੁੰਦੇ ਹਨ। ਪੰਜ ਸਾਲ ਬਚਪਨ ਲੰਘ ਗਿਆ ਕਿਉਂਕਿ ਕੁਝ ਪਤਾ ਨਹੀਂ ਹੁੰਦਾ, 15 ਸਾਲ ਪੜ੍ਹਾਈ ਆਦਿ ਵਿਚ ਨਿਕਲ ਗਏ ਤੇ ਬਾਕੀ ਰਹਿ ਗਏ 55 ਸਾਲ। ਜਵਾਨੀ ਵਿਚ 20 ਸਾਲ ਦੇ ਨੇ ਜੇ ਗੁਰੂ ਧਾਰਨ ਕਰ ਲਿਆ ਹੋਵੇ ਤਾਂ ਪੰਜ ਬਾਣੀਆਂ ਦਾ ਨਿਤਨੇਮ ਕਰਨ ਲਗ ਜਾਂਦਾ ਹੈ। ਪੰਜ ਬਾਣੀਆਂ ਦੇ ਨਿਤਨੇਮ ਨੂੰ ਅੱਧਾ ਘੰਟਾ ਲਗਦਾ ਹੈ, ਜੇ ਹੌਲੀ-ਹੌਲੀ ਕਰੇ ਤਾਂ 40 ਮਿੰਟ ਜਾਂ 50 ਮਿੰਟ ਲਗਦੇ ਹਨ। ਉਸ ਦੇ ਵਿਚ ਇਹ ਪਤਾ ਨਹੀਂ ਲਗਦਾ ਕਿ ਮਨ ਕਿੰਨੀ ਦੇਰ ਟਿਕਿਆ ਹੈ ਕਿਉਂਕਿ ਮਨ ਦੌੜਦਾ ਹੈ। ਜੇ ਟਿਕ ਜਾਵੇ ਤਾਂ ਸਮਾਂ ਲੇਖੇ ਵਿਚ ਲਗ ਜਾਂਦਾ ਹੈ। ਇਕ ਉਹ ਹੁੰਦੇ ਹਨ ਕਿ ਜਿਨ੍ਹਾਂ ਨੇ ਢਾਈ ਘੰਟੇ ਬੈਠ ਕੇ ਨਾਮ ਜਪਣਾ ਹੁੰਦਾ ਹੈ ਤੇ ਸਵਾਸਾਂ ਦਾ ਦਸਵੰਧ ਜ਼ਰੂਰ ਕੱਢਣਾ ਹੁੰਦਾ ਹੈ। ਜੇ ਢਾਈ ਘੰਟੇ ਰੋਜ਼ ਨਾਮ ਜਪੋ ਤਾਂ 75 ਸਾਲ ਵਿਚ ਕੇਵਲ 5 ਸਾਲ 7 ਮਹੀਨੇ ਉਮਰ ਬਣਦੀ ਹੈ ਜੋ ਲੇਖੇ ਵਿਚ ਪੈਂਦੀ ਹੈ ਤੇ ਬਾਕੀ ਦੀ ਉਮਰ ਕਿੱਥੇ ਗਈ? ਇਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੭*

ਝੂਠ-ਕਪਟ ਕਰਦੇ ਹੋਏ, ਬੈਰ-ਬਿਰੋਧ ਕਰਦੇ ਹੋਏ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਿਆ-ਚੁਗਲੀ, ਈਰਖਾ-ਬਖੀਲੀ ਕਰਦੇ ਹੋਏ ਦੀ ਉਮਰ ਲੰਘ ਗਈ ਜੋ ਲੇਖੇ ਵਿਚ ਨਹੀਂ ਪਈ। ਜਦੋਂ ਮਾਂ ਦੇ ਪੇਟ ਵਿਚ ਸੀ, ਉਸ ਵੇਲੇ ਇਸ ਨੇ ਬਚਨ ਕਰਿਆ ਸੀ ਹੇ ਪ੍ਰਭੂ! ਮੈਨੂੰ ਇਸ ਅੱਗ ਵਿਚੋਂ ਕੱਢ ਲੈ, ਮੈਂ 24 ਘੰਟੇ ਤੇਰਾ ਨਾਮ ਜਪਿਆ ਕਰਾਂਗਾ। ਆਵਾਜ਼ ਆਈ ਕਿ ਜੇ ਤੂੰ 24 ਘੰਟੇ ਜਪੇਂਗਾ ਤਾਂ ਮੈਂ ਤੇਰੇ ਸਾਰੇ ਕੰਮ ਕਰਿਆ ਕਰਾਂਗਾ ਪਰ ਤੈਥੋਂ ਹੋਣਾ ਨਹੀਂ। ਤੂੰ 24 ਘੰਟੇ ਦੇ ਦਸਵੰਧ ਦਾ ਸਮਾਂ ਢਾਈ ਘੰਟੇ, ਮੇਰੇ ਲੇਖੇ ਲਾ ਦਿਆ ਕਰੀਂ। ਆਪਣੀ ਕਿਰਤ ਕਮਾਈ ਵਿਚੋਂ ਵੀ ਦਸਵੰਧ ਗੁਰੂ ਦੇ ਲੇਖੇ ਲਾਇਆ ਕਰੀਂ, ਤੇਰੀ ਕਮਾਈ ਵਿਚ ਬਰਕਤ ਪਵੇਗੀ ਤੇ ਵਿਘਨਾਂ ਦਾ ਨਾਸ਼ ਹੋਵੇਗਾ। ਹਰ ਬੰਦਾ ਆਪਣੇ ਆਪ ਨੂੰ ਜਾਣਦਾ ਹੈ ਕਿ ਉਸ ਦਾ ਕਿੰਨਾ ਕੁ ਸਮਾਂ ਲੇਖੇ ਵਿਚ ਲੱਗਦਾ ਹੈ ਤੇ ਕਿੰਨਾ ਬੇਅਰਥ ਲੰਘ ਜਾਂਦਾ ਹੈ। ਜੇਕਰ ਜ਼ੋਰ ਨਾਲ ਇਸ ਪਾਸੇ ਲਾਉਣ ਦੀ ਕੋਸ਼ਿਸ਼ ਕਰਦੇ ਹਾਂ ਫੇਰ ਮਨ ਸਾਥ ਨਹੀਂ ਦਿੰਦਾ, ਮਨ ਦੀ ਹਾਜ਼ਰੀ ਨਾਲ ਹੀ ਸਾਰਾ ਸਮਾਂ ਲੇਖੇ ਵਿਚ ਪੈਂਦਾ ਹੈ।

ਇਕ ਵਾਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਪਾਸ ਦੂਰ ਦੇਸ਼ ਦੀ ਸੰਗਤ ਆਈ ਤੇ ਸਵਾਲ ਕੀਤਾ ਪਾਤਸ਼ਾਹ ਜੀ! ਅਸੀਂ ਸ਼ਾਸਤਰਾਂ ਅਨੁਸਾਰ ਕਰਮ-ਧਰਮ ਵੀ ਕਰਦੇ ਹਾਂ, ਪੁੰਨ-ਦਾਨ ਵੀ ਕਰਦੇ ਹਾਂ, ਤੀਰਥਾਂ ਤੇ ਵੀ ਜਾਂਦੇ ਹਾਂ, ਕਿਰਪਾ ਕਰਕੇ ਸਾਨੂੰ ਤਰਨ ਦਾ ਕੋਈ ਸੌਖਾ ਸਾਧਨ ਦੱਸੋ?

ਮਹਾਰਾਜ ਜੀ ਕਹਿਣ ਲੱਗੇ ਇਹ ਸਾਧਨ ਕਲਜੁਗ

ਵਿਚ ਫਲ ਨਹੀਂ ਦਿੰਦੇ, ਇਨ੍ਹਾਂ ਨੂੰ ਤਾਂ ਜਮ ਰਸਤੇ ਵਿਚ ਹੀ ਲੁੱਟ ਲੈਂਦੇ ਹਨ। ਜੇਕਰ ਜੀਵ ਮਹਾਂਪੁਰਸ਼ਾਂ ਦੇ, ਗੁਰੂਆਂ ਦੇ ਬਚਨਾਂ ਦੀ ਕਮਾਈ ਕਰ ਲਵੇ ਤਾਂ ਉਧਾਰ ਹੋ ਜਾਇਆ ਕਰਦਾ ਹੈ।

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ ॥ ੧ ॥*
*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ੧ ॥ ਰਹਾਉ ॥*

*ਅੰਗ - ੭੪੭*

ਦੂਜਾ ਪੱਖ ਹੈ ਕਿ ਅੰਤ ਸਮੇਂ ਜੇ ਸੰਤਾਂ ਦਾ ਬਚਨ ਭਾਵਨੀ ਨਾਲ ਯਾਦ ਆ ਜਾਵੇ ਤਾਂ ਜਮਦੂਤ ਛੱਡ ਕੇ ਚਲੇ ਜਾਂਦੇ ਹਨ ਜਿਵੇਂ ਅਜਾਮਲ ਨੇ ਅਵਾਜ਼ ਤਾਂ ਪੁੱਤਰ ਨੂੰ ਮਾਰੀ ਸੀ ਪਰ ਧਿਆਨ ਅਸਲੀ 'ਨਾਰਾਇਣ' ਵਲ ਚਲਾ ਗਿਆ ਤੇ ਉਸ ਦਾ ਉਧਾਰ ਹੋ ਗਿਆ। ਕਈਆਂ ਦੇ ਮਨ ਵਿਚ ਆ ਜਾਂਦਾ ਹੈ ਕਿ ਫੇਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਤੇ ਨਾਮ ਜਪਣ ਦੀ ਕੀ ਲੋੜ ਹੈ। ਕਹਿੰਦੇ ਅੰਤ ਵੇਲੇ 'ਵਾਹਿਗੁਰੂ' ਕਹਿ ਦਿਆਂਗੇ, ਛੁਟਕਾਰਾ ਹੋ ਜਾਵੇਗਾ ਪਰ ਇਸ ਤਰ੍ਹਾਂ ਹੋਣਾ ਨਾ-ਮੁਮਕਿਨ ਹੁੰਦਾ ਹੈ। ਇਹ ਸਮਝ ਕੇ ਕਿਸੇ ਸੇਠ ਨੇ ਆਪਣੇ ਚਾਰੋਂ ਪੁੱਤਰਾਂ ਦਾ ਨਾਮ ਰਾਮ, ਕ੍ਰਿਸ਼ਨ, ਨਰਾਇਣ ਤੇ ਗੋਬਿੰਦ ਰੱਖ ਲਿਆ। ਜਦੋਂ ਅੰਤ ਸਮਾਂ ਆਇਆ, ਕੁਝ ਗਿਣਤੀ ਦੇ ਸਵਾਸ ਬਾਕੀ ਸਨ ਤਾਂ ਚਾਰਾਂ ਨੂੰ ਬੁਲਾ ਕੇ ਸਾਮ੍ਹਣੇ ਖੜ੍ਹਾ ਕਰ ਦਿਤਾ ਕਿ ਦੇਖ ਕੇ ਰੱਬ ਯਾਦ ਆ ਜਾਵੇਗਾ। ਕਿਸੇ ਸਿਆਣੇ ਬੰਦੇ ਨੇ ਕਿਹਾ ਕਿ ਸੇਠ ਜੀ ਦੇਖੋ ਸਾਮ੍ਹਣੇ, ਪਛਾਣੋ ਕੌਣ ਖੜ੍ਹੇ ਹਨ? ਸੇਠ ਨੇ ਸਾਰਿਆਂ ਵੱਲ ਦੇਖਿਆ ਤੇ ਕਹਿਣ ਲੱਗਾ ਓਏ ਮੂਰਖੋ! ਤੁਸੀਂ ਸਾਰੇ ਜਣੇ ਦੁਕਾਨ ਸੁੰਨੀ ਛੱਡ ਕੇ ਐਥੇ ਆ ਗਏ ਤੇ ਇਤਨਾ ਕਹਿੰਦੀ ਸਾਰ ਹੀ ਉਸ ਦੇ ਪ੍ਰਾਣ ਨਿਕਲ ਗਏ। ਉਸ ਨੇ ਸੋਚਿਆ ਸੀ ਕਿ ਅੰਤ ਸਮੇਂ ਪ੍ਰਮੇਸ਼ਰ ਦੇ ਨਾਮ ਲੈ ਲਵਾਂਗਾ ਪਰ ਨਹੀਂ ਲੈ ਸਕਿਆ। ਅਜਾਮਲ ਉਤੇ ਤਾਂ ਮਹਾਂਪੁਰਸ਼ਾਂ ਦੀ ਕ੍ਰਿਪਾ ਸੀ ਇਸ ਕਰਕੇ ਉਸ ਨੇ ਅੰਤ ਸਮੇਂ ਨਰਾਇਣ ਨੂੰ ਯਾਦ ਕਰ ਲਿਆ ਸੀ। ਜਿਸ ਨੇ ਨਾਮ ਨੂੰ ਆਪਣਾ ਜੀਵਨ ਬਣਾ ਲਿਆ ਹੋਵੇ ਉਸ ਨੂੰ ਚੇਤੇ ਆਉਂਦਾ ਹੈ ਨਹੀਂ ਤਾਂ ਨਾਮ ਲੈਣਾ ਬਹੁਤ ਔਖਾ ਹੈ।

*ਆਖਾ ਜੀਵਾ ਵਿਸਰੈ ਮਰਿ ਜਾਉ ॥*
*ਆਖਣਿ ਅਉਖਾ ਸਾਚਾ ਨਾਉ ॥* *ਅੰਗ- ੯*

ਕਲਜੁਗ ਵਿਚ ਤੀਰਥ ਨਿਰਮਲ ਨਹੀਂ ਰਹੇ ਕਿਉਂਕਿ ਇਹ ਪਾਪੀ ਲੋਕਾਂ ਦੀ ਮੈਲ ਨਾਲ ਗੰਦੇ ਹੋ ਗਏ ਹਨ। ਤੀਰਥ ਵੀ ਮਹਾਤਮਾ ਦੀ ਧੂੜੀ ਨੂੰ ਲੋਚਦੇ ਹਨ ਕਿ ਕੋਈ ਤੱਤ ਬੇਤਾ ਮਹਾਂਪੁਰਸ਼ ਆਵੇ ਤੇ ਸਾਨੂੰ ਪਵਿੱਤਰ ਕਰੇ। ਪਖੰਡ ਦਾ ਬੋਲ-ਬਾਲਾ ਹੋਣ ਕਰਕੇ ਕੋਈ ਵਿਰਲਾ ਹੀ ਸਾਧੂ ਰਹਿ ਗਿਆ ਹੈ। ਸਾਰਿਆਂ ਤੋਂ ਵੱਡਾ ਤੀਰਥ ਨਾਮ ਹੈ ਤੇ ਦੂਜਾ ਸਤਿਸੰਗ ਰੂਪੀ ਤੀਰਥ ਹੈ ਜਿਸ ਵਿਚ ਹਰੀ ਦੇ ਗੁਣ ਗਾਉਣ ਨਾਲ ਅਨੇਕਾਂ ਪਾਪ ਦੂਰ ਹੁੰਦੇ ਹਨ ਤੇ ਹਿਰਦਾ ਨਿਰਮਲ ਹੋ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਕੇਵਲ ਪੜ੍ਹਨ ਨਾਲ ਗੱਲ ਨਹੀਂ ਬਣਦੀ ਪਰ ਜਿਹੜਾ ਬੁੱਝ ਲਵੇ ਉਹ ਪ੍ਰਾਪਤ ਕਰ ਲੈਂਦਾ ਹੈ। ਜਿਹੜਾ 'ਵਾਹਿਗੁਰੂ' ਅੱਖਰ ਦੇ ਇਸ ਨਾਮ ਦਾ ਜਾਪ ਕਰਦਾ ਹੈ ਉਸ ਦੇ ਸਾਰੇ ਪਾਪ ਕੱਟੇ ਜਾਂਦੇ ਹਨ। ਪਹਿਲੇ ਸਮਿਆਂ ਦੇ ਵਿਚ 'ਰਾਮ' ਅੱਖਰ ਕੇਵਲ ਉੱਚੀ ਜਾਤ ਵਾਲਿਆ ਨੂੰ ਹੀ ਦਿੱਤਾ ਜਾਂਦਾ ਸੀ ਪਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਭ ਵਾਸਤੇ ਸਾਂਝਾ ਕਰ ਦਿਤਾ ਤਾਂਕਿ ਕਲਜੁਗ ਵਿਚ ਸਾਰਿਆਂ ਦਾ ਉਧਾਰ ਹੋ ਜਾਵੇ।

*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ ॥*
*ਸਾਧਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲੁ ਕਰਿ ਲੀਜੈ ॥ ੨ ॥*
*ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ*
*ਇਨ੍ਹ ਪੜਿਆ ਮੁਕਤਿ ਨ ਹੋਈ ॥*
*ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ ੩॥*
*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*
*ਘਟਿ ਘਟਿ ਨਾਨਕ ਮਾਝਾ ॥ ੪ ॥ ੩ ॥ ੫੦ ॥*

*ਅੰਗ- ੭੪੭*

ਗੁਰਬਾਣੀ ਸਤਿਗੁਰੂ ਜੀ ਦੇ ਬਚਨ ਹਨ ਪਰ ਬਚਨ ਕਮਾਉਣਾ ਪੈਂਦਾ ਹੈ ਕਿਉਂਕਿ ਗੁਰਬਾਣੀ ਵਿਚ ਅਥਾਹ ਸ਼ਕਤੀ ਹੈ, ਜਿਹੜਾ ਬਚਨ ਕਮਾ ਲਵੇ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਅਧਿਕਾਰੀ ਦੀ ਅਵਸਥਾ ਭਾਵੇਂ ਕਿੰਨੀ ਵੀ ਔਗੁਣਾਂ ਦੀ ਭਰੀ ਹੋਈ ਕਿਉਂ ਨਾ ਹੋਵੇ ਪਰ ਗੁਰੂ ਮਹਾਰਾਜ ਜੀ ਤਰਸ ਕਰਕੇ ਜੁਗਤੀ ਨਾਲ ਉਧਾਰ ਕਰ ਦਿੰਦੇ ਸਨ। ਇਕ ਵੇਰਾਂ ਸੰਸਾਰ ਦਾ ਉਧਾਰ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਜੀ ਬੰਗਾਲ ਦੀ ਧਰਤੀ ਉਤੇ ਢਾਕੇ ਦੇ ਨੇੜੇ ਪਹੁੰਚੇ ਹੋਏ ਸਨ। ਇਥੇ ਨੂਰ ਸ਼ਾਹ ਜਾਦੂਗਰਨੀ ਸੀ ਜਿਹੜੀ ਬੰਦੇ ਨੂੰ ਜਾਦੂ (ਹਿਪਨੋਟਾਈਜ਼) ਕਰਕੇ ਉਸ ਤੋਂ ਜੋ ਚਾਹੇ ਕਰਵਾ ਲੈਂਦੀ ਸੀ। ਭਾਈ ਮਰਦਾਨਾ ਜੀ ਇਸ ਦੇ ਜਾਲ ਵਿਚ ਫਸ ਗਏ ਸਨ ਤਾਂ ਗੁਰੂ ਮਹਾਰਾਜ ਜੀ ਨੇ ਕੱਢਿਆ ਤੇ ਨਾਲੇ ਨੂਰਸ਼ਾਹ ਨੂੰ ਸੁਮੱਤ ਦੇ ਕੇ ਪ੍ਰਮਾਰਥ ਦੇ ਰਾਹ ਤੇ ਲਾਇਆ। ਉਥੋਂ ਪਤਾ ਲੱਗਾ ਕਿ ਨਗਰ ਲਾਲ ਗੜ੍ਹ ਵਿਚ ਭੂਮੀਆਂ ਨਾਮ ਦਾ ਇਕ ਸਰਦਾਰ ਰਹਿੰਦਾ ਹੈ ਜਿਸ ਦਾ ਜਸ ਤੇ ਦਬ-ਦਬਾ ਆਲੇ ਦੁਆਲੇ ਇਲਾਕੇ ਵਿਚ ਫੈਲਿਆ ਹੋਇਆ ਸੀ। ਗੁਪਤ ਦੁਨੀਆਂ ਵਿਚ ਇਸ ਦਾ ਕੰਮ ਸੀ ਡਾਕੇ ਮਾਰਨਾ ਤੇ ਲੋਕਾਂ ਨੂੰ ਲੁੱਟਣਾ ਪਰ ਸਾਧੂ ਸੰਤਾਂ ਵਾਸਤੇ ਲੰਗਰ ਲਗਾਇਆ ਹੋਇਆ ਸੀ। ਉਸ ਨੇ ਪਿੰਡ ਵਾਲਿਆਂ ਨੂੰ ਤਾੜਨਾ ਕੀਤੀ ਹੋਈ ਸੀ ਕਿ ਅਗਰ ਕੋਈ ਸਾਧੂ-ਸੰਤ ਆਵੇ ਤਾਂ ਮੇਰੇ ਲੰਗਰ ਵਿਚ ਭੇਜਿਆ ਜਾਵੇ। ਜੇ ਕਿਸੇ ਪਿੰਡ ਵਾਲੇ ਨੇ ਭੋਜਨ ਛਕਾਇਆ ਤਾਂ ਮੈਂ ਉਸ ਦਾ ਘਰ-ਘਾਟ ਉਜਾੜ ਦਿਆਂਗਾ। ਨਗਰ ਪਹੁੰਚ ਕੇ ਗੁਰੂ ਮਹਾਰਾਜ ਉਸ ਦੀ ਹਵੇਲੀ ਚਲੇ ਗਏ ਤੇ ਅੱਗੋਂ ਨੌਕਰਾਂ ਨੇ ਆਉ ਭਗਤ ਨਾਲ ਬੁਲਾ ਕੇ ਪਲੰਘ ਤੇ ਬਿਰਾਜਮਾਨ ਕਰ ਦਿਤਾ। ਭੂਮੀਏ ਨੇ ਅਦਬ ਨਾਲ ਨਮਸ਼ਕਾਰ ਕੀਤੀ ਜਦੋਂ ਨੇਤਰਾਂ ਵੱਲ ਦੇਖਿਆ, ਅੰਦਰੋਂ ਉਥਲ-ਪੁਥਲ ਸ਼ੁਰੂ ਹੋ ਗਈ ਜਿਵੇਂ ਪਾਪ ਕੰਬਦੇ ਹਨ। ਮਨ ਵਿਚ ਸੋਚਦਾ ਹੈ ਕਿ ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਹੋਇਆ, ਜਿਹੜਾ ਵੀ ਆਉਂਦਾ ਸੀ ਮੇਰੀ ਸ਼ਲਾਘਾ ਕਰਦਾ ਸੀ ਪਰ ਇਨ੍ਹਾਂ ਦੇ ਦਰਸ਼ਨ ਕਰਕੇ ਪਤਾ ਨਹੀਂ ਮੈਨੂੰ ਡਰ ਕਿਉਂ ਲੱਗਦਾ ਹੈ? ਥੋੜ੍ਹੀ ਦੇਰ ਬਾਅਦ ਪਰਸ਼ਾਦਾ ਲੈ ਕੇ ਆ ਗਿਆ। ਕਹਿੰਦਾ, ਮਹਾਰਾਜ ਛਕਣ ਦੀ ਕ੍ਰਿਪਾਲਤਾ ਕਰੋ। ਮਹਾਰਾਜ ਕਹਿਣ ਲੱਗੇ, ਭਾਈ ਭੂਮੀਆਂ! ਪ੍ਰਸ਼ਾਦਾ ਤਾਂ ਅਸੀਂ ਬਾਅਦ ਵਿਚ

*(ਪੰਨਾ 16 ਦੀ ਬਾਕੀ)*

ਛਕਾਂਗੇ, ਪਹਿਲਾਂ ਸਾਨੂੰ ਇਹ ਦੱਸ ਕਿ ਤੇਰੀ ਕਿਰਤ ਕਿਹੜੀ ਹੈ? ਕਹਿੰਦਾ, ਮਹਾਰਾਜ ਮੈਂ ਸਮਝਿਆ ਨਹੀਂ ਆਪ ਜੀ ਦਾ ਇਸ ਤੋਂ ਕੀ ਭਾਵ ਹੈ? ਮਹਾਰਾਜ ਜੀ ਕਹਿਣ ਲੱਗੇ ਕਿ ਦੋ ਤਰ੍ਹਾਂ ਦੀ ਕਿਰਤ ਹੁੰਦੀ ਹੈ। ਇਕ ਤਾਂ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਹੁੰਦੀ ਹੈ ਜਿਸ ਵਿਚ ਹੋਰ ਕਿਸੇ ਕਿਸਮ ਦੇ ਮਾੜੇ ਅੰਸ ਦੀ ਮਿਲਾਵਟ ਨਹੀਂ ਹੁੰਦੀ। ਦੂਜੀ ਮਾੜੀ ਕਿਰਤ ਹੁੰਦੀ ਹੈ ਜਿਹੜੀ ਲੋਕਾਂ ਤੋਂ ਖੋਹ ਕੇ, ਠੱਗੀਆਂ ਕਰਕੇ ਤੇ ਧੋਖਾ ਦੇ ਕੇ ਕੀਤੀ ਜਾਂਦੀ ਹੈ। ਅਸੀਂ ਤੈਨੂੰ ਇਹ ਪੁੱਛਦੇ ਹਾਂ ਕਿ ਤੂੰ ਕੀ ਕੰਮ ਕਰਦਾ ਹੈਂ ਜਿਸ ਵਿਚੋਂ ਲੰਗਰ ਚਲਦਾ ਹੈ ਤੇ ਸਾਧੂਆਂ ਦੀ ਸੇਵਾ ਹੁੰਦੀ ਹੈ? ਉਸ ਵੇਲੇ ਚੁੱਪ ਕਰ ਗਿਆ, ਦੱਸਣਾ ਚਾਹੁੰਦਾ ਹੈ ਪਰ ਬੋਲ ਬਾਹਰ ਨਹੀਂ ਨਿਕਲਦਾ ਕਿਉਂਕਿ 'ਸੱਚ' ਦੇ ਸਾਮ੍ਹਣੇ ਝੂਠ ਬੋਲਣਾ ਬਹੁਤ ਔਖਾ ਹੁੰਦਾ ਹੈ। ਸਾਧਸੰਗਤ ਜੀ! ਹਰ ਇਕ ਬੰਦੇ ਦੇ ਅੰਦਰ ਪਰਾ ਬਾਣੀ ਤੋਂ ਪਸੰਤੀ ਤੱਕ ਫੁਰਨਾ ਬਣਦਾ ਹੈ, ਇਥੇ ਤੀਕਰ ਸਭ ਦੇ ਅੰਦਰ ਸੱਚ ਹੈ ਪਰ ਮੱਧਮਾ ਤੋਂ ਬੈਖਰੀ ਤੀਕਰ ਪਹੁੰਚਦਿਆਂ ਝੂਠ ਦੀ ਮਿਲਾਵਟ ਹੋ ਜਾਂਦੀ ਹੈ। ਹੁਣ ਸਾਇੰਸ ਨੇ ਵੀ ਸਿੱਧ ਕਰ ਦਿੱਤਾ ਹੈ। ਹਰ ਇਕ ਦੇ ਅੰਦਰ ਸੱਚ ਹੈ ਤੇ ਝੂਠ ਨਿਰਣਾਇਕ (lie detector) ਮਸ਼ੀਨ ਲਾ ਕੇ ਦੇਖ ਲੈਂਦੇ ਹਨ। ਸੋ ਭਾਈ ਭੂਮੀਆਂ ਕਹਿਣ ਲੱਗਾ, ਸੱਚੇ ਪਾਤਸ਼ਾਹ! ਮੈਂ ਸੱਚਮੁੱਚ ਗੁਨਹਗਾਰ ਹਾਂ, ਆਪ ਅੱਗੇ ਝੂਠ ਨਹੀਂ ਬੋਲ ਸਕਦਾ ਤੇ ਨਾ ਹੀ ਕੁਝ ਛੁਪਾ ਸਕਦਾ ਹਾਂ। ਮੈਂ ਚੋਰੀ ਕਰਕੇ, ਡਾਕੇ ਮਾਰ ਕੇ, ਇਕੱਠੇ ਕੀਤੇ ਹੋਏ ਧਨ ਨਾਲ ਲੰਗਰ ਚਲਾ ਕੇ ਆਏ ਗਏ ਸਾਧੂਆਂ ਦੀ ਸੇਵਾ ਕਰਦਾ ਹਾਂ। ਮਹਾਰਾਜ ਕਹਿਣ ਲੱਗੇ ਕਿ ਇਹ ਦੱਸ ਜੇਕਰ ਕਿੱਕਰ ਬੀਜ ਦੇਈਏ ਤਾਂ ਉਸ ਨੂੰ ਅੰਗੂਰਾਂ ਦੇ ਫਲ ਲੱਗ ਜਾਣਗੇ? ਆਖਣ ਲੱਗਾ ਕਿ ਮਹਾਰਾਜ ਇਹ ਤਾਂ ਬਿਲਕੁਲ ਨਹੀਂ ਹੋ ਸਕਦਾ। ਸਤਿਗੁਰੂ ਜੀ ਕਹਿਣ ਲੱਗੇ, ਭੂਮੀਆਂ! ਜ਼ਹਿਰ ਬੀਜ ਕੇ ਅੰਮ੍ਰਿਤ ਦੀ ਆਸ ਰੱਖਣੀ, ਇਹ ਕਿੱਧਰ ਦਾ ਇਨਸਾਫ ਹੈ? ਇਹ ਅਟੱਲ ਅਸੂਲ ਹੈ ਕਿ ਜਿਹੋ ਜਿਹਾ ਕੋਈ ਬੀਜੇਗਾ ਉਸ ਨੂੰ ਉਹੋ ਜਿਹਾ ਫਲ ਪ੍ਰਾਪਤ ਹੋਵੇਗਾ।

*ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥ ੨ ॥*
*ਅੰਗ – ੪੭੪*

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ– ੧੩੪*

ਮਹਾਰਾਜ ਜੀ ਕਹਿਣ ਲੱਗੇ ਕਿ ਪਾਪ ਦੀ ਕਮਾਈ ਦਾ ਅੰਨ੍ਹ ਖੁਆ ਕੇ ਤੇ ਕੱਪੜੇ ਵਸਤਰ ਦੇ ਕੇ ਤੂੰ ਸੰਤਾਂ ਨਾਲ ਧੋਖਾ ਕਰਦਾ ਹੈਂ ਕਿਉਂਕਿ ਇਸ ਨਾਲ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਇਸ ਦਾ ਨਤੀਜਾ ਹੁੰਦਾ ਹੈ ਕਿ ਉਨ੍ਹਾਂ ਦੀ ਭਜਨ ਵਿਚ ਬਿਰਤੀ ਨਹੀਂ ਲੱਗਿਆ ਕਰਦੀ ਕਿਉਂਕਿ ਜਿਸ ਤਰ੍ਹਾਂ ਦਾ ਅੰਨ੍ਹ ਹੋਵੇ ਉਸੇ ਤਰ੍ਹਾਂ ਦਾ ਮਨ ਬਣ ਜਾਇਆ ਕਰਦਾ ਹੈ।

*ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਰੀਤ।*
*ਤਿਸ ਦੇ ਹੱਥੋਂ ਖਾਧਿਆਂ ਵਿਸਰੇ ਹਰਿ ਕੀ ਪ੍ਰੀਤ।*

*(ਰਹਿਤਨਾਮਾ)*

*'ਚਲਦਾ............।'*

ਇਕ ਇਲਾਜ ਹੈ। ਸਰੀਰਕ ਬੀਮਾਰੀਆਂ, ਮਾਨਸਿਕ ਬੀਮਾਰੀਆਂ, ਆਰਥਿਕ ਔਕੜਾਂ, ਦੁਨੀਆਂ ਦੇ ਝੰਜਟ, ਪਰੇਸ਼ਾਨੀਆਂ ਦਾ ਇਲਾਜ ਜੇ ਕੋਈ ਹੈ ਤਾਂ ਇਹ ਹੈ, ਪੜ੍ਹੋ ਸਾਰੇ ਪਿਆਰ ਨਾਲ –

*ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

ਸੋ ਐਨੇ ਬਚਨ ਸੁਣ ਕੇ, ਵੈਦ ਜੀ, ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਤੇ ਢਹਿ ਪਏ। ਪਾਤਸ਼ਾਹ! ਸਾਨੂੰ ਨਹੀਂ ਸੀ ਪਤਾ, ਇਹ ਦਵਾਈ ਕਿਰਪਾ ਕਰਕੇ ਸਾਨੂੰ ਵੀ ਬਖਸ਼ ਦਿਓ। ਉਸ ਵੇਲੇ ਮਹਾਰਾਜ ਜੀ ਨੇ ਵੈਦ 'ਤੇ ਕ੍ਰਿਪਾ ਕੀਤੀ ਤੇ ਜੋ ਦਵਾਈ ਹੈ ਸਾਡੇ ਅੰਦਰ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ– ੨੯੩*

ਉਹ ਅਫੁਰ ਅਵਸਥਾ ਹੈ ਜਿਸ ਥਾਂ ਦੇ ਉਤੇ ਉਹ ਦਵਾਈ ਰੱਖੀ ਹੋਈ ਹੈ। ਐਨਾ ਅਨੰਦ ਹੈ ਉਸ ਥਾਂ ਦੇ ਉਤੇ। ਸੋ ਸਾਡਾ ਜੋ ਮਨੁੱਖ ਦਾ ਫਰਜ਼ ਹੈ, ਉਹ ਇਹ ਹੈ ਕਿ ਅਸੀਂ ਅਰੋਗ ਜੀਵਨ ਬਤੀਤ ਕਰਦੇ ਹਾਂ। 80% ਬਿਮਾਰੀਆਂ ਕੀ 100% ਬਿਮਾਰੀਆਂ ਅਸੀਂ ਆਪਣੇ ਆਪ ਨੂੰ ਆਪੇ ਹੀ ਲਾਉਂਦੇ ਹਾਂ। ਗਲਤ ਵਰਤਦੇ ਹਾਂ, ਸਾਡਾ ਆਚਾਰ ਸ਼ੁੱਧ ਨਹੀਂ, ਵਿਹਾਰ ਸ਼ੁੱਧ ਨਹੀਂ, ਸਾਡੇ ਵਿਚਾਰ ਸ਼ੁੱਧ ਨਹੀਂ ਹਨ। ਅਸੀਂ ਬੇਅੰਤ ਗਲਤੀਆਂ ਕਰਦੇ ਹਾਂ। ਨਿੰਦਿਆਂ, ਚੁਗਲੀ, ਈਰਖਾ 'ਚ ਪਏ ਰਹਿੰਦੇ ਹਾਂ। ਈਰਖਾ ਤਾਂ ਉਵੇਂ ਹੀ ਜਾਲ ਦਿੰਦੀ ਹੈ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ– ੯੩੨*

ਸੋ ਅਸੀਂ ਜਦੋਂ ਪ੍ਰਮੇਸ਼ਰ ਦਾ ਨਾਮ ਜਪਾਂਗੇ, ਸਹੀ ਤਰੀਕੇ ਨਾਲ ਚੱਲੀਏ। ਉਸ ਵੇਲੇ ਸਾਧਸੰਗਤ ਜੀ! ਫੇਰ ਰੋਗੀ ਨਹੀਂ ਹੁੰਦਾ। ਰੋਗ ਆਪ ਆਦਮੀ ਪੈਦਾ ਕਰਦਾ ਹੈ, ਫੇਰ ਉਹ ਬਾਹਰ ਤੁਰਿਆ ਫਿਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਕਰੀ, ਨਾਮ ਦੀ ਦਾਤ ਦਿਤੀ ਤੇ ਸਮਝਾਇਆ ਕਿ ਸਾਰੀਆਂ ਉਲਝਣਾਂ, ਸਾਰੇ ਝੰਜਟ, ਸਾਰੇ ਦੁਖ, ਸਾਰਿਆਂ ਦੀ ਪ੍ਰਮੇਸ਼ਰ ਨੇ ਜੇ ਕੋਈ ਦਵਾਈ ਰੱਖੀ ਹੈ, ਤਾਂ ਉਹ ਆਦਮੀ ਦੇ ਅੰਦਰ ਹੀ ਰੱਖੀ ਹੋਈ ਹੈ। ਉਹ ਹੈ ਪ੍ਰਮੇਸ਼ਰ ਦਾ ਨਾਮ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ...........ਦੇ ਲੰਮੀ ਨਦਰਿ ਨਿਹਾਲੀਐ
## (ਲੰਮੀ ਨਦਰਿ ਦੇ ਪਾਂਧੀ ਪਿਆਰੇ ਮਹਾਂਪੁਰਸ਼ਾਂ ਨੂੰ ਸਮਰਪਿਤ)

*ਭਾਈ ਸੁਖਵਿੰਦਰ ਸਿੰਘ*

ਗੁਰਬਾਣੀ ਅੰਦਰ 'ਨਦਰਿ' ਦਾ ਸੰਕਲਪ ਬਹੁਪੱਖੀ ਸਿਧਾਂਤਾਂ ਦੀ ਰੂਪਮਾਨਤਾ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਨਦਰਿ ਸ਼ਬਦ ਵੱਖ-ਵੱਖ ਰੂਪਾਂ ਵਿਚ ਆਇਆ ਹੈ। ਜਿਵੇਂ ਕਿ -

*ਸਿਖੀ ਸਿਖਿਆ ਗੁਰ ਵੀਚਾਰਿ ॥*
*ਨਦਰੀ ਕਰਮਿ ਲਘਾਏ ਪਾਰਿ ॥* ਅੰਗ- ੪੬੫

*ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥*
ਅੰਗ - ੪੬੫

*ਜੈਸੀ ਨਦਰਿ ਕਰੇ ਤੈਸਾ ਹੋਇ ॥*
*ਵਿਣੁ ਨਦਰੀ ਨਾਨਕ ਨਹੀ ਕੋਇ ॥ ੪ ॥ ੧ ॥ ੩ ॥*
ਅੰਗ - ੬੬੧

*ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥*
*ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥ ੨ ॥*
ਅੰਗ- ੧੨੪੨

*ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥*
*ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥*
ਅੰਗ - ੩੫੭

*ਲਖ ਖੁਸੀਆ ਪਾਤਿਸਾਹੀਆ*
*ਜੇ ਸਤਿਗੁਰੁ ਨਦਰਿ ਕਰੇਇ ॥* ਅੰਗ- ੪੪

*ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥*
*ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥*
ਅੰਗ- ੬੬

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥*
*ਦਰਿ ਮੰਗਨਿ ਭਿਖ ਨ ਪਾਇਦਾ ॥* ਅੰਗ - ੪੭੨

*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*

ਅੰਗ- ੪੭੪

ਇਨ੍ਹਾਂ ਬਹੁਪੱਖੀ ਗੁਰਬਾਣੀ ਦੇ ਪਵਿੱਤਰ ਸਿਧਾਂਤਾਂ ਵਿਚੋਂ ਅਸੀਂ 'ਦੇ ਲੰਮੀ ਨਦਰਿ ਨਿਹਾਲੀਐ' ਤੇ ਵਿਚਾਰ ਸਾਂਝੀ ਕਰਨ ਜਾ ਰਹੇ ਹਾਂ। ਮਨੁੱਖ ਦੀ ਚਾਰ ਹਿੱਸਿਆਂ ਵਿਚ ਕੀਤੀ ਗਈ ਵੰਡ ਵਿਚ ਪਾਮਰ, ਭੋਗੀ, ਜਗਿਆਸੂ ਤੇ ਮੁਕਤ ਆਤਮਾਵਾਂ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਦੀ 'ਨਦਰਿ' ਦਿਸਦੇ ਸੰਸਾਰ ਤਕ ਹੀ ਸੀਮਿਤ ਹੈ। ਦਿਸਦੇ ਸੰਸਾਰ ਵਿਚ ਵੀ ਇਹ ਪੂਰੀ ਤਰ੍ਹਾਂ ਨਾਲ ਨਹੀਂ ਦੇਖ ਸਕਦੇ ਕੇਵਲ ਅੱਖਾਂ ਦੀ ਰੋਸ਼ਨੀ ਹੀ ਸਹਾਰਾ ਬਣਦੀ ਹੈ। ਇਹ ਦੋ ਕਿਸਮ ਦੇ ਬੰਦੇ ਲੋਕ ਦੇ ਸੁਖਾਂ ਤੱਕ ਸੀਮਤ ਹੁੰਦੇ ਹਨ। ਦਿਸਦੇ ਸੰਸਾਰ ਤੋਂ ਨਿਗ੍ਹਾ ਨਹੀਂ ਚੁਕਦੇ। ਇਨ੍ਹਾਂ ਦੀ ਨਦਰਿ ਦਿਸਦੇ ਤੋਂ ਅੱਗੇ ਜਾਣ ਲਈ ਤਿਆਰ ਨਹੀਂ ਹੁੰਦੀ। ਖਾਓ, ਪੀਓ ਐਸ਼ ਕਰੋ। ਇਨ੍ਹਾਂ ਬਾਰੇ ਗੁਰਬਾਣੀ ਦਾ ਫੁਰਮਾਨ ਹੈ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
ਅੰਗ- ੪੫੦

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ੩ ॥*
ਅੰਗ - ੪੬੪

ਇਨ੍ਹਾਂ ਦੀ ਬਿਰਤੀ ਦੁਨਿਆਵੀ ਸੁੱਖਾਂ, ਭੋਗਾਂ, ਵਿਸ਼ਿਆਂ ਵਿਚੋਂ ਹੀ ਨਹੀਂ ਨਿਕਲਦੀ। ਇਸੇ ਅੰਧਕਾਰਮਈ ਜੀਵਨ ਨੂੰ ਸਚਾਈ ਸਮਝ ਬੈਠੇ ਹਨ। ਜੋ ਸਚ ਹੈ ਉਹ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ, ਜੋ ਨਜ਼ਰ ਆਉਂਦਾ ਹੈ ਉਹ ਸੱਚ ਨਹੀਂ। ਇਸ ਤਰ੍ਹਾਂ ਦੀ ਬਿਰਤੀ ਵਾਲੇ ਕਿਸੇ ਗੁਰੂ, ਪੀਰ, ਰਿਸ਼ੀ-ਮੁਨੀ, ਫਕੀਰ, ਆਰਫ ਭਗਤ ਜਨ ਦੇ ਬਚਨ ਸੁਣਨ ਨੂੰ ਤਿਆਰ ਹੀ ਨਹੀਂ ਹੁੰਦੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
ਅੰਗ - ੧੩੭੮

ਤੀਜੀ ਕਿਸਮ ਦੇ ਮਨੁੱਖ ਹਨ ਜਗਿਆਸ਼ੂ ਜਨ ਇਨ੍ਹਾਂ ਦੀ ਗਿਣਤੀ ਪਹਿਲੇ ਤੇ ਦੂਜਿਆਂ ਨਾਲੋਂ ਬਹੁਤ ਘੱਟ ਹੁੰਦੀ ਹੈ। ਰੱਬ ਦੇ ਪਿਆਰਿਆਂ ਦੇ ਬਚਨ ਅਤੇ ਗੁਰਬਾਣੀ ਦੇ ਸਿਧਾਂਤ ਸੁਣ ਸਮਝ ਕੇ ਇਨ੍ਹਾਂ ਦੇ ਅੰਦਰ ਦੀ ਬਿਰਤੀ ਦਿਸਦੇ ਸੰਸਾਰ ਵਿਚੋਂ ਉਪਰ ਉੱਠ ਕੇ ਅਣਦਿਸਦੇ ਵਲ ਵਧਦੀ ਹੈ।

ਦਿਸਦਾ ਸੰਸਾਰ ਇਨ੍ਹਾਂ ਵਾਸਤੇ ਸਾਧਨ ਤਾਂ ਹੋ ਸਕਦਾ ਹੈ ਪਰ ਮੰਜ਼ਿਲ ਨਹੀਂ। ਇਨ੍ਹਾਂ ਦੀ ਮੰਜ਼ਿਲ ਹੋਰ ਹੁੰਦੀ ਹੈ। ਇਨ੍ਹਾਂ ਨੂੰ ਇਹ ਸੋਝੀ ਆ ਗਈ ਹੁੰਦੀ ਹੈ ਕਿ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥* ਅੰਗ - ੪੩

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥* ਅੰਗ - ੨੮੩

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥* ਅੰਗ - ੪੪੧

ਫਿਰ ਇਹ ਮੰਜ਼ਲ-ਏ ਮਕਸੂਦ ਤੱਕ ਪਹੁੰਚਣ ਲਈ ਅਰਦਾਸ ਕਰਦੇ ਹਨ -

*ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥*
*ਅੰਗ - ੫੨੦*

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਅੰਗ- ੫੨੦*

*ਸੇਈ ਪਿਆਰੇ ਮੇਲਿ ਜਿਨਾ ਮਿਲਿਆ ਤੇਰਾ ਨਾਮ ਚਿਤੁ ਆਵੇ।*

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧ ॥*
*ਅੰਗ - ੭੦੧*

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ਅੰਗ - ੭੫੭*

ਕੀਤੀ ਗਈ ਅਰਦਾਸ ਵਿਚੋਂ ਸੋਝੀ ਮਿਲਦੀ ਹੈ ਕਿ-

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥ ਅੰਗ- ੧੧੫੯*

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ੨੭ ॥*
*ਅੰਗ - ੧੩੬੫*

*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥ ੧ ॥*
*ਅੰਗ- ੧੩*

ਐਸੇ ਪ੍ਰਾਣੀ ਗੁਰਬਾਣੀ ਦੇ ਸਿਧਾਂਤ ਸਮਝ ਕੇ ਆਪਣੀ ਮੰਜ਼ਿਲੇ-ਮਕਸੂਦ ਵਲ ਨੂੰ ਵਧਣ ਦੀ ਲੋਚਾ ਰਖਦੇ ਹਨ। ਚੌਥੀ ਕਿਸਮ ਮੁਕਤ ਆਤਮਾਵਾਂ ਦੀ ਹੈ। ਇਨ੍ਹਾਂ ਰੱਬ ਦੇ ਪਿਆਰਿਆਂ ਨੂੰ, ਭਗਤ ਜਨ, ਗੁਰਸਿੱਖ, ਗੁਰਮੁਖ, ਸਾਧੂ, ਸੰਤ, ਬ੍ਰਹਮਗਿਆਨੀ ਇਤਿਆਦਿਕ ਨਾਵਾਂ ਨਾਲ ਸਤਿਕਾਰ ਤੇ ਮਾਣ ਦਿਤਾ ਜਾਂਦਾ ਹੈ। ਜਗਿਆਸੂ ਜਨਾਂ ਨੂੰ ਆਪਣੇ ਧੇਅ, ਮੰਜ਼ਲੇ ਮਕਸੂਦ ਤੱਕ ਪਹੁੰਚਾਉਣ ਲਈ ਇਹ ਮੁਕਤ ਆਤਮਾਵਾਂ ਸਹਾਈ ਹੁੰਦੀਆਂ ਹਨ -

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥ ੧ ॥*
*ਅੰਗ- ੯੨੯*

ਇਨ੍ਹਾਂ ਪਵਿੱਤਰ ਰੂਹਾਂ ਨੂੰ ਵਾਹਿਗੁਰੂ ਜੀ ਆਪ ਸੰਸਾਰ ਮੰਚ ਤੇ ਕਿਸੇ ਖਾਸ ਕਾਰਜਾਂ ਲਈ ਭੇਜਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥*
*ਅੰਗ - ੧੩੭੩*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ - ੭੪੯*

ਟੁੱਟੀਆਂ ਹੋਈਆਂ ਰੂਹਾਂ ਨੂੰ ਰੱਬ ਨਾਲ ਜੋੜਨਾ ਇਨ੍ਹਾਂ ਦਾ ਮੁੱਖ ਕਾਰਜ ਹੁੰਦਾ ਹੈ। ਜੀਅ ਦਾਨ ਦੇ ਕੇ ਰੱਬ ਦੀ ਬੰਦਗੀ ਵਿਚ ਲਾਉਣਾ ਇਨ੍ਹਾਂ ਦੇ ਹਿੱਸੇ ਹੀ ਆਇਆ ਹੈ। ਐਸੀਆਂ ਪਵਿੱਤਰ ਰੂਹਾਂ ਦੇ ਜੀਵਨ ਵਲ ਝਾਤੀ ਮਾਰਦਿਆਂ ਤਿੰਨ ਗੱਲਾਂ ਸਪੱਸ਼ਟ ਨਜ਼ਰ ਆਉਂਦੀਆਂ ਹਨ। ਪਹਿਲੀ ਹੈ ਕਿ ਇਨ੍ਹਾਂ ਦੇ ਪਿਛਲੇ ਜਨਮਾਂ-ਜਨਮਾਂਤਰਾਂ ਦੀ ਕਠਨ ਤਪੱਸਿਆ ਤੇ ਕਮਾਈ ਹੁੰਦੀ ਹੈ। ਦੂਸਰਾ ਇਨ੍ਹਾਂ ਦੀ ਇਸ ਜਨਮ ਵਿਚ ਵੀ ਬਹੁਤ ਕਰੜੀ ਘਾਲਣਾ ਤੇ ਤਤੀਕਸ਼ਾ ਹੁੰਦੀ ਹੈ। ਦ੍ਰਿੜ੍ਹ ਇਰਾਦੇ, ਸੱਚ ਦੇ ਪਾਂਧੀ, ਤਪੱਸਵੀ ਉੱਚਾ ਸੁੱਚਾ ਜੀਵਨ, ਮਿਹਨਤ, ਉੱਦਮ ਅਤੇ ਹੋਰ ਅਨੇਕਾਂ ਗੁਣਾਂ ਦੇ ਧਾਰਨੀ ਹੁੰਦੇ ਹਨ। ਤੀਸਰਾ ਇਨ੍ਹਾਂ ਦੀ ਪਿਛਲੀ ਤਪਸਿਆ ਤੇ ਹੁਣ ਦੀ ਕਮਾਈ, ਮਿਹਨਤ ਤੇ ਪਸੀਜ ਕੇ ਪੂਰਨ ਸਤਿਗੁਰੂ ਬਖਸ਼ਿਸ਼ਾਂ ਕਰਦੇ ਹਨ। ਭਾਵ ਪਿਛਲੀ ਤਪਸਿਆ, ਹੁਣ ਦੀ ਕਮਾਈ ਤੇ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣਦੇ ਹਨ। ਇਨ੍ਹਾਂ ਬਰਕਤਾਂ ਵਿਚੋਂ ਨਿਕਲਦੀ ਹੈ 'ਲੰਮੀ ਨਦਰਿ' 'ਦੇ ਲੰਮੀ ਨਦਰਿ ਨਿਹਾਲੀਐ' ਦੇ ਧਾਰਨੀ ਹੁੰਦੇ ਹਨ। ਸੰਸਾਰ ਮੰਚ 'ਤੇ ਜੀਵਨ ਬਸਰ ਕਰਦੇ ਹੋਏ ਲੰਮੀ ਨਦਰਿ ਆਪ ਰੱਖਣੀ ਹੈ ਤੇ ਜੋ ਵੀ ਪ੍ਰਾਣੀ ਇਨ੍ਹਾਂ ਦੇ ਸੰਪਰਕ ਵਿਚ, ਸੰਗਤ ਵਿਚ ਆਇਆ ਉਸ ਨੂੰ ਵੀ ਲੰਮੀ ਨਦਰਿ ਦੇ ਧਾਰਨੀ ਬਣਾਉਣ ਹਿਤ ਸੁਚੇਤ ਕਰਦੇ ਰਹਿਣਾ ਇਨ੍ਹਾਂ ਦੀ ਜ਼ਿੰਦਗੀ ਦਾ ਪਰਮ ਮਨੋਰਥ ਹੁੰਦਾ ਹੈ। ਇਹ ਸੰਤ ਜਨ ਪਹਿਲਾਂ ਆਪ ਮਿਸਾਲ ਬਣਦੇ ਹਨ।

*ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥*
*ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥*
*ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥*
*ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥*
*ਵਡਿਆਈ ਵਡਾ ਪਾਇਆ ॥ ੭ ॥ ਅੰਗ - ੪੬੭*

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ- ੯੩੮*

ਇਕ ਰਸ ਬਿਰਤੀ ਅਤੇ ਉਪਰੋਕਤ ਜੀਵਨ ਜੁਗਤਿ ਦੇ ਧਾਰਨੀ ਹੁੰਦੇ ਹਨ। ਆਪਣੇ ਮੂਲ ਨੂੰ ਪਛਾਨਣ ਵਾਲੀ ਲੰਮੀ ਨਦਰਿ ਰੱਖਦੇ ਹਨ। ਸਥੂਲ ਅਤੇ ਸੂਖਸਮ ਮਾਇਆ ਤੋਂ ਨਿਰਲੇਪ ਹੁੰਦੇ ਹਨ। ਤਿੰਨਾਂ ਗੁਣਾਂ ਤੋਂ ਉਪਰ ਚੌਥੇ ਪਦ ਵਿਚ ਵਾਸਾ ਹੁੰਦਾ ਹੈ। ਲੰਮੀ ਨਦਰਿ ਵਾਲੇ ਬੇਗਮਪੁਰੇ ਦੇ ਵਾਸੀ ਹੁੰਦੇ ਹਨ। ਇਨ੍ਹਾਂ ਦਾ ਦਵੈਸ਼ ਭਾਵ ਖਤਮ ਹੋ ਚੁੱਕਾ ਹੁੰਦਾ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥*
*ਅੰਗ - ੧੨੯੯*

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*

*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*
*ਅੰਗ- ੬੧੦*

ਇਹੋ ਜਿਹੀਆਂ ਰੱਬੀ ਰੂਹਾਂ 'ਤੇ ਸਮਰੱਥ ਗੁਰੂ ਬਖਸ਼ਿਸ਼ ਕਰਕੇ ਲੰਮੀ ਨਦਰਿ ਬਖਸ਼ ਕੇ ਅਨੇਕਾਂ ਜੀਵਾਂ ਦਾ ਭਲਾ ਇਨ੍ਹਾਂ ਦੇ ਰਾਹੀਂ ਕਰਾਉਂਦੇ ਹਨ। ਜੀਵਾਂ ਦੀ ਪਰਾਲਬਧ ਅਨੁਸਾਰ ਪ੍ਰਮੇਸ਼ਰ ਦੇ ਹੁਕਮ ਵਿਚ ਸਰੀਰ ਧਾਰਨ ਕਰਦੇ ਹਨ ਅਤੇ ਹੁਕਮ ਵਿਚ ਹੀ ਪੰਜ ਭੌਤਿਕ ਸਰੀਰ ਦਾ ਪ੍ਰਤਿਆਗ ਕਰਕੇ ਨਿਜਧਾਮ ਵਿਚ ਸਦਾ-ਸਦਾ ਲਈ ਲੀਨ ਹੋ ਜਾਂਦੇ ਹਨ। ਇਨ੍ਹਾਂ ਦੇ ਸਰੀਰ ਦੇ ਪ੍ਰਤਿਆਗ ਤੋਂ ਬਾਅਦ ਇਨ੍ਹਾਂ ਵਲੋਂ ਕੀਤੇ ਕਾਰਜ ਸਦੀਆਂ ਤੱਕ ਲੋਕਾਈ ਨੂੰ ਰੋਸ਼ਨੀ ਬਖਸ਼ਦੇ ਹਨ। ਪੰਜਾਂ ਤੱਤਾਂ ਵਾਲੇ ਗੁਣ ਇਨ੍ਹਾਂ ਵਿਚ ਸੁਭਾਇਮਾਨ ਹੁੰਦੇ ਹਨ।

*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥*
*ਐਸੀ ਰਹਤ ਰਹਉ ਹਰਿ ਪਾਸਾ ॥*
*ਕਹੈ ਕਬੀਰ ਨਿਰੰਜਨ ਧਿਆਵਉ ॥*
*ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥ ੪ ॥ ੧੮ ॥*
*ਅੰਗ- ੩੨੭*

ਹਵਾ ਵਾਂਗੂੰ ਸਭ ਨੂੰ ਬਰਾਬਰਤਾ ਦੇਣੀ।

*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ ਅੰਗ- ੨੭੨*

ਧਰਤੀ ਵਾਂਗੂੰ ਧੀਰਜੀ ਹੁੰਦੇ ਹਨ -

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ- ੨੭੨*

ਜਲ ਵਾਂਗੂੰ ਨਿਰਮਲਤਾਈ ਇਨ੍ਹਾਂ ਦੇ ਸੁਭਾਅ ਦਾ ਪ੍ਰਮੁੱਖ ਗੁਣ ਹੁੰਦਾ ਹੈ -

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥*
*ਜੈਸੇ ਮੈਲੁ ਨ ਲਾਗੈ ਜਲਾ ॥ ਅੰਗ - ੨੭੨*

ਦੂਜਿਆਂ ਦੀ ਮੈਲ ਦੂਰ ਕਰਨ ਦੀ ਤਾਕਤ ਰਖਦੇ ਹਨ। ਜੀਵਾਂ ਨੂੰ ਮਲ, ਵਿਖਸ਼ੇਪ, ਅਵਰਨ ਵਿਚੋਂ ਲੰਘਾ ਕੇ ਪਰਮ ਪਦ ਤੱਕ ਪਹੁੰਚਾਉਣਾ ਇਨ੍ਹਾਂ ਦੇ ਹਿੱਸੇ ਹੀ ਆਇਆ ਹੈ। ਚਰਨ ਧੂੜ ਵਾਂਗੂੰ ਨਿਰਮਾਣਤਾ ਕਰਕੇ ਇਹ ਸਭ ਤੋਂ ਉੱਚੇ ਮੰਨੇ ਜਾਂਦੇ ਹਨ -

*ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥*
*ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ ਅੰਗ- ੨੬੬*

ਅਕਾਸ਼ ਜਿੰਨੀ ਵਿਸ਼ਾਲਤਾ ਭਾਵ ਸਭ ਨੂੰ ਆਪਣੇ ਕਲਾਵੇ ਵਿਚ ਲੈਣਾ ਇਨ੍ਹਾਂ ਦੀ ਲੰਮੀ ਨਦਰਿ ਦੀ ਨਿਸ਼ਾਨੀ ਹੁੰਦੀ ਹੈ -

*ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥*
*ਜੈਸੇ ਧਰ ਊਪਰਿ ਆਕਾਸੁ ॥ ਅੰਗ - ੨੭੨*

*ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ਅੰਗ-੨੭੨*

ਅੱਗ ਵਾਂਗੂੰ ਨਿੱਘ ਦੇਣਾ, ਇਨ੍ਹਾਂ ਦੇ ਸੁਭਾਅ ਦਾ ਭਾਗ ਹੁੰਦਾ ਹੈ। ਧਰਮ ਦੀ ਗੁਣਾਂ ਦੇ ਅਧਾਰ 'ਤੇ ਕੀਤੀ ਪਰਿਭਾਸ਼ਾ ਵਿਚ ਪੂਰੇ ਹੁੰਦੇ ਹਨ। ਸਤ, ਸੰਤੋਖ, ਧੀਰਜ, ਖਿਮਾ, ਮਿੱਠਾ ਬੋਲਣਾ, ਮਾਫ ਕਰਨਾ, ਪਰਉਪਕਾਰੀ ਜੀਵਨ ਅਨੇਕਾਂ ਗੁਣਾਂ ਦੇ ਧਾਰਨੀ ਹੁੰਦੇ ਹਨ।

ਸਮੁੱਚਾ ਜੀਵਨ ਹੁਕਮ ਦੀ ਕਿਰਿਆ ਅਧੀਨ ਹੁੰਦਾ ਹੈ। ਉਨ੍ਹਾਂ ਦਾ ਆਪਣਾ ਕੋਈ ਫੁਰਨਾ ਨਹੀਂ ਹੁੰਦਾ। ਪ੍ਰਮੇਸ਼ਰ ਦੇ ਹੁਕਮ ਵਿਚ ਕਾਰ ਕਰਦੇ ਹਨ। ਦੁਖੀਆਂ ਦੇ ਦਰਦ ਵੰਡਾਉਂਦੇ, ਦੂਸਰੇ ਦੇ ਦੁੱਖਾਂ ਨੂੰ ਆਪਣਾ ਸਮਝ ਕੇ ਦੂਰ ਕਰਨ ਲਈ ਯਤਨਸ਼ੀਲ ਰਹਿੰਦੇ ਹਨ।

ਇਹੋ ਜਿਹੇ ਉਪਰੋਕਤ ਇਕ ਨਹੀਂ ਅਨੇਕਾਂ ਗੁਣਾਂ ਦੇ ਧਾਰਨੀ ਸਨ ਪਿਆਰੇ ਮਹਾਂਪੁਰਸ਼ ਅਤੇ ਸਤਿਕਾਰਯੋਗ ਮਾਤਾ ਜੀ। ਜੇਕਰ ਆਪ ਜੀਆਂ ਦੇ ਜੀਵਨ ਵਲ ਝਾਤੀ ਮਾਰਨ ਦੀ ਕੋਸ਼ਿਸ਼ ਕਰੀਏ ਤਾਂ ਉਪਰੋਕਤ ਗੁਰਬਾਣੀ ਦੇ ਸਿਧਾਂਤਾਂ ਦੇ ਨਾਲ-ਨਾਲ ਆਪ ਜੀ ਦੇ ਜੀਵਨ ਵਿਚੋਂ 'ਦੇ ਲੰਮੀ ਨਦਰਿ ਨਿਹਾਲੀਐ' ਦਾ ਸਿਧਾਂਤ ਪ੍ਰਤੱਖ ਨਜ਼ਰ ਆਉਂਦਾ ਹੈ। ਆਪ ਜੀ ਦੇ ਜੀਵਨ ਦੇ ਸਮੁੱਚੇ ਸਮੇਂ ਵਿਚ ਇਸ ਲੰਮੀ ਨਦਰਿ ਦਾ ਝਲਕਾਰਾ ਵਜਦਾ ਹੈ।

ਨਗਰ ਧਮੋਟ, ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ ਜਿੱਥੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਅਨੇਕਾਂ ਇਸ ਨਗਰ ਵਿਚ ਸਿੰਘ ਸ਼ਹੀਦ ਹੋਏ ਹਨ। ਦੁਨਿਆਵੀ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਅਨੇਕਾਂ ਹਸਤੀਆਂ ਨੂੰ ਇਸ ਧਰਤੀ ਨੇ ਆਪਣੀ ਗੋਦ ਵਿਚ ਨਿੱਘ ਦਿਤਾ। ਇਸੇ ਹੀ ਪਾਵਨ ਨਗਰ ਵਿਚ ਆਪ ਜੀ ਦਾ ਜਨਮ 17 ਜੂਨ 1918 ਨੂੰ ਸਤਿਕਾਰਯੋਗ ਜਥੇਦਾਰ ਬਾਬਾ ਕਰਤਾਰ ਸਿੰਘ ਅਤੇ ਮਾਤਾ ਇੰਦ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ।

ਘਰ ਵਿਚ ਸਿੱਖੀ ਵਿਰਾਸਤ ਪਹਿਲਾਂ ਹੀ ਮੌਜੂਦ ਸੀ। ਨਾਮ ਬਾਣੀ ਦਾ ਪਹਿਰਾ ਘਰ ਦੇ ਹਰ ਜੀਅ ਦੇ ਜ਼ਿਹਨ ਵਿਚ ਸੀ। ਉਸੇ ਨਾਮ ਬਾਣੀ ਵਾਲੇ, ਸ਼ਾਨੀ ਮੱਤੇ ਵਿਰਸੇ ਦਾ ਅਸਰ ਆਪ ਜੀ 'ਤੇ ਹੋਣਾ ਸੁਭਾਵਿਕ ਹੀ ਸੀ। ਬਚਪਨ ਤੋਂ ਆਪ ਜੀ ਨੂੰ ਨਾਮ ਬਾਣੀ ਦੀ ਲਗਨ ਸੱਚੀ-ਸੁੱਚੀ ਕਿਰਤ ਕਰਨ ਅਤੇ ਵੰਡ ਛਕਣ ਦੀ ਸੋਝੀ ਸੀ। ਮੁੱਢਲੀ ਪੜ੍ਹਾਈ ਦੌਰਾਨ ਆਪ ਜੀ ਵਲੋਂ (ਜਗਤ ਜੂਠ) ਤਮਾਕੂ ਸ਼ਬਦ ਕਾਪੀ ਤੇ ਨਾ ਲਿਖਣਾ ਕਿ ਇਸ ਨੂੰ ਬੋਲਣ ਤੇ ਲਿਖਣ ਨਾਲ ਜਿਹਬਾ ਅਪਵਿੱਤਰ ਹੋ ਜਾਂਦੀ ਹੈ। ਇਹ ਇਕ 'ਲੰਮੀ ਨਦਰਿ' ਦੀ ਨਿਸ਼ਾਨੀ ਸੀ। ਭਾਵੇਂ ਇਸ ਦੇ ਫਲਸਰੂਪ ਅਧਿਆਪਕ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਬਚਪਨ ਤੋਂ ਜਵਾਨੀ ਵਲ ਵਧਦੇ ਹਰ ਕਦਮ ਵਿਚ ਲੰਮੀ ਨਦਰਿ ਸੀ। ਕਈ-ਕਈ ਘੰਟੇ ਨਾਮ ਵਿਚ ਜੁੜ ਕੇ ਸਮਾਧੀ ਸਥਿਤ ਰਹਿਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਨਾ, ਆਸਾ ਜੀ ਦੀ ਵਾਰ ਦਾ ਕੀਰਤਨ,

ਅੰਮ੍ਰਿਤ ਵੇਲੇ ਜਾਗ ਕੇ ਕਰਨਾ। ਇਸ ਸਿੱਖੀ ਵਿਰਾਸਤ ਨਾਲ ਆਪ ਜੀ ਜੁੜੇ ਹੋਏ ਸੀ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨਾਲ ਪਹਿਲੀ ਮਿਲਣੀ ਦੌਰਾਨ ਉਨ੍ਹਾਂ ਵਲੋਂ ਕੀਤੇ ਭਵਿੱਖਤ ਬਚਨ-'ਸੁਹਾਗਣ ਨੂੰ ਅੱਜ ਸੁਹਾਗਣ ਪਹਿਲੀ ਵਾਰ ਮਿਲੀ ਹੈ' ਵੀ ਲੰਮੀ ਨਦਰਿ ਦਾ ਹੀ ਸੂਚਕ ਹੈ। ਪੜ੍ਹਾਈ ਉਪਰੰਤ ਫੌਜ ਦੀ ਸਰਵਿਸ ਵਿਚ ਫੌਜੀਆਂ ਦੇ ਸਮਾਨ ਦੀ ਖਰੀਦੋ ਫਰੋਖਤ ਦੌਰਾਨ ਅੱਧੇ ਦਿਨ ਦੀ ਛੁੱਟੀ ਵੀ ਨਹੀਂ ਲਈ ਕਿਉਂਕਿ ਆਪ ਜੀ ਨੂੰ ਪਤਾ ਸੀ ਕਿ ਉਨ੍ਹਾਂ ਦੇ ਅੱਧੇ ਦਿਨ ਦੀ ਛੁੱਟੀ ਲੈਣ ਨਾਲ, ਗਲਤ ਸਮਾਨ ਦਾ ਆਰਡਰ ਪਾਸ ਹੋ ਜਾਣਾ ਹੈ ਜਿਸ ਵਿਚ ਲੱਖਾਂ ਰੁਪਏ ਦਾ ਘਪਲਾ ਸੀ। ਇਹ ਸੀ ਲੰਮੀ ਨਦਰਿ ਅਤੇ ਗੁਰਬਾਣੀ ਦੇ ਇਸ ਸਿਧਾਂਤ ਦੀ ਪੂਰਤੀ -

*ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥*
*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ਅੰਗ- ੪੭੨*

ਸੈਕਟਰੀਏਟ ਵਿਚ ਸਰਵਿਸ ਦੌਰਾਨ, ਹੜ੍ਹਾਂ ਦੇ ਮਹਿਕਮੇ ਦੀ ਜ਼ਿੰਮੇਵਾਰੀ ਸਮੇਂ ਅਗਾਊਂ ਸੂਚਨਾ ਦੇ ਕੇ ਲੋਕਾਂ ਨੂੰ ਜਾਣੂ ਕਰਾਉਣਾ ਕਿ ਹੜ੍ਹ ਦੀ ਮਾਰ ਤੋਂ ਕਿਵੇਂ ਬਚਣਾ ਹੈ। ਸੋਕੇ ਦੇ ਸਮੇਂ ਬਿਨਾਂ ਜਾਤੀ ਭੇਦ ਭਾਵ ਤੋਂ ਸਾਰੇ ਨਗਰਾਂ ਦੇ ਟੋਭੇ ਪਾਣੀ ਨਾਲ ਭਰ ਦੇਣੇ ਇਹ ਇਕ ਸੁੱਘੜ ਸੁਚੱਜੇ, ਲੰਮੀ ਨਦਰਿ ਦੇ ਪਾਂਧੀ ਦੇ ਹਿੱਸੇ ਹੀ ਆ ਸਕਦਾ ਹੈ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

ਜੀਵਨ ਦੇ ਸਾਰੇ ਪੜਾਅ ਦੌਰਾਨ ਆਪ ਜੀ ਨੇ ਇਸ ਸਮੁੱਚੀ ਕਾਇਨਾਤ ਨੂੰ ਪ੍ਰਮੇਸ਼ਰ ਦਾ ਰੂਪ ਸਮਝ ਕੇ ਸੇਵਾ ਕੀਤੀ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਅੰਗ - ੪੬੩*

ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੀ ਤਾਂਘ ਆਪ ਜੀ ਨੂੰ ਬਚਪਨ ਤੋਂ ਹੀ ਸੀ। ਸਿੰਧ, (ਪਾਕਿਸਤਾਨ) ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਬਹੁਤ ਹੀ ਚੜ੍ਹਦੀ ਕਲਾ ਵਿਚ ਕੀਤਾ। ਉਸ ਸਮੇਂ ਮਾਤਾ ਜੀ ਵਲੋਂ ਅਨੇਕਾਂ ਬੀਬੀਆਂ ਨੂੰ ਗੁਰਮੁਖੀ ਸਿਖਾ ਕੇ ਬਾਣੀ ਪੜ੍ਹਨ ਲਾਇਆ। ਉਨ੍ਹਾਂ ਲੋਕਾਂ ਨੂੰ ਜਾਤ-ਪਾਤ ਤੋਂ ਉਪਰ ਉਠ ਕੇ ਨਸ਼ਿਆਂ ਦਾ ਤਿਆਗ ਕਰਵਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਯੂ.ਪੀ ਵਿਚ ਕਿਸਾਨੀ (ਫਾਰਮਿੰਗ) ਦੌਰਾਨ ਆਪ ਜੀ ਨੇ ਅਨੇਕਾਂ ਜੀਵਾਂ ਦਾ ਭਲਾ ਕੀਤਾ। ਮਾੜੀਆਂ ਅਲਾਮਤਾਂ ਵਿਚ ਗ੍ਰਸੇ ਪੰਜਾਬੀਆਂ ਨੂੰ ਨਸ਼ਿਆਂ, ਚੋਰੀਆਂ ਆਦਿ ਤੋਂ ਨਿਜਾਤ ਦਿਵਾ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਜੀਵਨ ਜੁਗਤਿ ਗੁਰਮਤਿ ਅਨੁਸਾਰ ਦ੍ਰਿੜ੍ਹ ਕਰਵਾਈ। ਜਿਸ ਦਾ ਸਬੂਤ ਅੱਜ ਯੂ.ਪੀ ਵਿਚ ਤਰਾਈ ਦੇ ਇਲਾਕੇ ਨੂੰ ਮਿਨੀ ਪੰਜਾਬ ਕਰਕੇ ਜਾਣਿਆ ਜਾਂਦਾ ਹੈ। ਕਿਸਾਨੀ ਦੇ ਨਾਲ-ਨਾਲ ਗੁਰਮਤਿ ਦਾ ਪ੍ਰਚਾਰ ਦੀਵਾਨਾਂ ਦੀ ਲੜੀ ਜਾਰੀ ਰੱਖਣੀ, ਇਹ ਲੰਮੀ ਨਦਰਿ ਹੀ ਸੀ ਕਿ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ- ੧੨੪੫*

ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਸਿੱਖੀ ਦੇ ਤਿੰਨ ਸੁਨਹਿਰੀ ਅਸੂਲ ਆਪ ਜੀ ਦੇ ਸਮੁੱਚੇ ਜੀਵਨ ਵਿਚ ਪ੍ਰਤੱਖ ਰੂਪਮਾਨ ਹੋ ਰਹੇ ਹਨ। ਯੂ.ਪੀ ਦੇ ਫਾਰਮ ਵੇਚਣ ਤੋਂ ਬਾਅਦ ਆਪ ਚੰਡੀਗੜ੍ਹ ਆਏ। ਇਥੇ ਆ ਕੇ ਰੋਪੜ ਜ਼ਿਲੇ ਦੇ ਪਿੰਡਾਂ ਅਤੇ ਚੰਡੀਗੜ੍ਹ ਦੇ ਨਾਲ ਲਗਦੇ ਇਲਾਕਿਆਂ ਦੇ ਵਿਚ ਦਿਨ ਰਾਤ ਇਕ ਕਰਕੇ ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ। ਪਛੜੇ ਹੋਇਆਂ ਨੂੰ, ਆਖਰੀ ਦਰਜੇ ਵਾਲਿਆਂ ਨੂੰ ਪਹਿਲੀ ਕਤਾਰ ਤੇ ਖੜ੍ਹਾ ਕੀਤਾ। ਇਸੇ ਪ੍ਰਚਾਰ ਦੇ ਦੌਰਾਨ ਗੁਰਮਤਿ ਪ੍ਰਚਾਰ ਦਾ ਕੇਂਦਰ 'ਰਤਵਾੜਾ ਸਾਹਿਬ' 29 ਜੁਲਾਈ 1986 ਨੂੰ ਹੋਂਦ ਵਿਚ ਆਇਆ।

ਟਰੱਸਟ ਦੀ ਸਥਾਪਨਾ ਕਰਕੇ ਸਾਰਾ ਪ੍ਰਬੰਧ ਟਰੱਸਟੀਆਂ (ਸੰਗਤ) ਦੇ ਹਵਾਲੇ ਕੀਤਾ। ਇਹ ਸਾਰਾ ਕੁਝ ਆਪ ਜੀ ਦੀ ਲੰਮੀ ਨਦਰਿ ਸੀ ਕਿ ਆਉਣ ਵਾਲੇ ਸਮੇਂ ਵਿਚ ਇਸ ਸੰਸਥਾ ਰਾਹੀ ਪਰਉਪਕਾਰ ਦੇ ਕਾਰਜ ਚੜ੍ਹਦੀ ਕਲਾ ਵਿਚ ਹੁੰਦੇ ਰਹਿਣ। ਸਾਰੇ ਸਮੇਂ ਦੌਰਾਨ ਸਤਿਕਾਰਯੋਗ ਬੀਜੀ ਨੇ ਆਪ ਜੀ ਦਾ ਸਾਥ ਬਾਖੂਬੀ ਨਿਭਾਇਆ।

ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ 24 ਘੰਟੇ ਦੇ ਗੁਰੂ ਕੇ ਲੰਗਰ, ਸਕੂਲ, ਕਾਲਜ, ਆਤਮ ਮਾਰਗ ਮੈਗਜ਼ੀਨ, ਰੂਹਾਨੀ ਪੁਸਤਕਾਂ, ਆਡੀਓ ਸੀਡੀਜ਼, ਵੀਡੀਓ ਸੀਡੀਜ਼ ਤੇ ਅਨੇਕਾਂ ਪਰਉਪਕਾਰੀ ਕਾਰਜ ਹੋਏ। ਗੁਜਰਾਤ ਦੇ ਭੁਚਾਲ ਦੌਰਾਨ, ਪੰਜਾਬ 'ਚ ਆਏ ਹੜ੍ਹਾਂ ਦੌਰਾਨ ਲੋਕਾਈ ਦੀ ਸਹਾਇਤਾ, ਸੇਵਾ ਰੂਪ 'ਚ ਕੀਤੀ ਗਈ। ਚਾਹੜ ਮਾਜਰੇ ਨਗਰ ਵਿਚ (ਰਤਵਾੜਾ ਸਾਹਿਬ ਦੀ ਜੂਹ ਵਿਚ) ਮੁਸਲਮਾਨ ਵੀਰਾਂ ਲਈ ਅੱਲਾਹ ਨੂੰ ਅਕੀਦਾ ਭੇਟ ਕਰਨ ਹਿਤ ਮਸਜਿਦ ਦਾ ਨਿਰਮਾਣ ਕਰਵਾ ਕੇ ਦਿਤਾ। ਡਾ. ਸਵਾਮੀ ਰਾਮ ਜੀ ਵਲੋਂ ਦੇਹਰਾਦੂਨ (ਜੌਲੀ ਗਰਾਂਟ) ਵਿਖੇ ਇਕ ਵੱਡੇ ਹਸਪਤਾਲ ਦੀ ਸ਼ਿਲਾ ਨਿਆਸ ਆਪ ਜੀ ਵਲੋਂ ਕਰਵਾਈ ਗਈ। ਉਪਰੋਕਤ ਜਨ ਸਮੂੰਹ ਦੇ ਕਾਰਜਾਂ ਉਪਰੰਤ ਸੰਸਥਾ ਦੀ ਵਾਗਡੋਰ ਮੁਖੀ ਦੇ ਤੌਰ 'ਤੇ ਨਿਰਖੇ-ਪਰਖੇ ਪਰਮ ਸੇਵਕ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਮੈਂਬਰਾਂ ਨੂੰ ਸੌਂਪ ਕੇ ਆਪ ਜੀ 31 ਅਕਤੂਬਰ 2001 ਨੂੰ ਪੰਜ ਭੌਤਿਕ ਸਰੀਰ ਦਾ ਪ੍ਰਤਿਆਗ ਕਰਕੇ ਸਦਾ ਲਈ ਪ੍ਰਮੇਸ਼ਰ ਵਿਚ ਲੀਨ ਹੋ ਗਏ। ਪਿਆਰੇ ਦੇ ਪਿਆਰ ਵਿਚ ਸਤਿਕਾਰਯੋਗ ਮਾਤਾ ਜੀ ਵੀ 1 ਨਵੰਬਰ 2013 ਨੂੰ ਪੂਰੇ 12 ਸਾਲ ਬਾਅਦ ਬ੍ਰਹਮਲੀਨ ਹੋ ਗਏ। ਭਾਵੇਂ ਸਰੀਰ ਕਰਕੇ ਇਹ ਪਵਿੱਤਰ ਆਤਮਾਵਾਂ ਸਾਥੋਂ ਉਹਲੇ ਹੋ ਗਈਆਂ ਹਨ ਪਰ ਉਨ੍ਹਾਂ ਦੀ 'ਲੰਮੀ ਨਦਰਿ' ਸਾਡੇ ਸਾਰਿਆਂ 'ਤੇ ਹੈ। ਉਹ ਅੱਜ ਵੀ

*(ਬਾਕੀ ਪੰਨਾ 47 'ਤੇ)*

# ਸਾਸਿ ਸਾਸਿ ਸਿਮਰਹੁ ਗੋਬਿੰਦ

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ, 'ਸਤਿਨਾਮੁ ਸ੍ਰੀ ਵਾਹਿਗੁਰੂ।'

ਸਾਡਾ ਜੀਵਨ ਜੋ ਚਲ ਰਿਹਾ ਹੈ, ਆਪਣੇ ਅੰਦਰ ਅਸੀਂ ਝਾਤ ਮਾਰੀਏ ਕਿ ਅਸੀਂ ਕਿੱਥੇ ਖੜ੍ਹੇ ਹਾਂ। ਸਾਨੂੰ ਨਹੀਂ ਪਤਾ ਲਗਦਾ। ਪਰ ਗੁਰਬਾਣੀ ਦੀ ਕਸਵੱਟੀ ਦੇ ਉਤੇ ਲਾ ਕੇ ਪਤਾ ਲਗਦਾ ਹੈ ਕਿ ਸਾਡਾ ਜੋ ਜੀਵਨ ਹੈ –

*ਨਾਮ ਬਿਹੂਨ ਜੀਵਨ ਕਉਨ ਕਾਮ ॥ ਅੰਗ- ੧੮੮*

ਇਹ ਕਿਸ ਕੰਮ ਦਾ ਹੈ। ਭਾਵੇਂ ਅਸੀਂ, ਆਪੋ-ਆਪਣਾ ਸਾਡਾ ਜੋ ਕੰਮ ਹੈ, ਉਸ ਦੇ ਵਿਚ ਸਾਨੂੰ ਬੜੀ ਮੁਹਾਰਤ ਹਾਸਲ ਹੈ। ਪਰ ਉਹ ਕੰਮ ਤਾਂ ਕਿਸੇ ਕੰਮ ਦੇ ਨਹੀਂ ਹਨ –

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥ ਅੰਗ- ੧੨*

ਸਾਧੂਆਂ ਦੀ ਸੰਗਤ ਕਰਕੇ ਸਾਨੂੰ ਜੀਵਨ ਦੇ ਮਨੋਰਥ ਦਾ ਪਤਾ ਲਗਦਾ ਹੈ। 'ਵਾਹਿਗੁਰੂ' ਇਕ ਧੁਨ ਹੈ, ਅਵਾਜ਼ ਹੈ, (sound) ਹੈ। ਉਹ ਅਵਾਜ਼ ਅੰਦਰ ਸੁਣਦੀ ਹੈ, ਪਰ ਸਾਡੇ ਬਾਹਰਲੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹੋਣ ਕਰਕੇ, ਇਹ ਕੰਨ ਬਾਹਰਲੀਆਂ ਅਵਾਜ਼ਾਂ ਸੁਣਦੇ ਨੇ, ਅੱਖਾਂ ਬਾਹਰ ਨੂੰ ਦੇਖਦੀਆਂ ਨੇ। ਦਿੱਬਯ ਨੇਤਰ, ਸ਼ਿਵ ਨੇਤਰ, ਤੀਜਾ ਨੇਤਰ ਕਿਹਾ ਹੈ –

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧ ॥*
*ਅੰਗ- ੫੭੭*

ਉਹ ਅੱਖਾਂ ਹੀ ਹੋਰ ਹੁੰਦੀਆਂ ਨੇ। ਜਿਨ੍ਹਾਂ ਦੇ ਨਾਲ ਉਸ ਪਿਆਰੇ ਦਾ ਦੀਦਾਰ ਹੁੰਦਾ ਹੈ। ਉਹ ਅੱਖਾਂ ਕਿਵੇਂ ਪ੍ਰਾਪਤ ਹੋਣ, ਕਿਉਂਕਿ –

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਭਾਈ ਗੁਰਦਾਸ ਜੀ, ਵਾਰ ੨੭/੯*
*ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਅੰਗ- ੧੩੯*

ਇਹ ਅੱਖਾਂ ਤਾਂ ਆਪਾਂ ਸਾਰੇ ਹੀ ਦੇਖਦੇ ਹਾਂ। ਪਰ ਇਹ ਅੱਖਾਂ ਆਪਣੇ-ਬੇਗਾਨੇ ਵੇਖਦੀਆਂ ਹਨ, ਪਰਾਏ ਰੂਪ ਨੂੰ ਵੇਖਦੀਆਂ ਹਨ। ਅੱਖਾਂ ਦੇ ਨਾਲ ਵੇਖਣ ਨਾਲ ਹੀ 84% ਅਸਰ ਸਰੀਰ ਕਬੂਲਦਾ ਹੈ। 14% ਸੁਣਨ ਦੇ ਨਾਲ, 1% ਨਾਸਕਾ ਦੇ ਨਾਲ, 1% ਸਪਰਸ਼ ਦੇ ਨਾਲ। ਇਸ ਤਰ੍ਹਾਂ ਅੱਖਾਂ ਦੇ ਨਾਲ ਹੀ ਸਾਰਾ ਸਬੰਧ ਹੈ ਕਿਉਂਕਿ –

*ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥*
*ਅੰਗ- ੭੫੭*

ਜਦੋਂ ਤੱਕ ਅਸੀਂ ਦ੍ਵੈਤ ਦੇ ਵਿਚ ਹਾਂ, ਸਾਨੂੰ ਆਪਣਿਆਂ ਨਾਲ ਰਾਗ ਹੋ ਜਾਂਦਾ ਹੈ, attachment (ਪਕੜ) ਹੋ ਜਾਂਦੀ ਹੈ, ਜਿਹੜੇ ਬੇਗਾਨੇ ਹਨ ਉਨ੍ਹਾਂ ਨਾਲ ਦ੍ਵੈਸ਼ ਹੋ ਜਾਂਦੀ ਹੈ। ਪਰ ਇਹ ਸਾਕਾਰ ਮੰਡਲ ਦੀਆਂ ਬਾਤਾਂ ਹਨ ਤੇ ਸਾਕਾਰ ਮੰਡਲ 'ਚੋਂ ਨਿਕਲਣ ਵਾਸਤੇ ਜ਼ਿੰਦਗੀ ਦੇ ਵਿਚ ਸਮ, ਦਮ ਅਪਨਾਉਣੇ ਪੈਂਦੇ ਨੇ। ਸਮ ਤੇ ਦਮ ਇਕ ਸਰੀਰਕ ਗੁਣ ਧਾਰਨ ਕੀਤੇ ਜਾਣਾ ਹੈ ਤੇ ਇਕ ਮਾਨਸਿਕ ਤੌਰ 'ਤੇ ਉਹ ਗੁਣ ਧਾਰਨ ਕਰਨੇ ਹਨ ਜਿਹਨੂੰ ਸਮ ਤੇ ਦਮ ਕਿਹਾ ਹੈ। ਇਸ ਕਰਕੇ –

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ- ੪*

ਮਹਾਂਪੁਰਸ਼ਾਂ ਕੋਲ ਜੁਗਤੀਆਂ ਹੁੰਦੀਆਂ ਹਨ। ਜੁਗਤੀ ਦੇ ਨਾਲ ਮੁਕਤੀ ਕਰਾ ਦਿੰਦੇ ਹਨ। ਜਦੋਂ ਇਹ ਅੱਖਾਂ ਦੇਖਦੀਆਂ ਹਨ –

*ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥*
*ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥*
*ਅੰਗ- ੧੨੮੮*

ਇਸ ਕਰਕੇ ਇਨ੍ਹਾਂ ਨੇਤਰਾਂ ਨੂੰ ਇਕ ਮਰਿਆਦਾ ਦੇ ਵਿਚ ਲਿਆਉਣਾ ਹੈ ਕਿਉਂਕਿ –

*ਪਰ ਧਨ ਪਰ ਦਾਰਾ ਪਰਹਰੀ ॥*
*ਤਾ ਕੈ ਨਿਕਟਿ ਬਸੈ ਨਰਹਰੀ ॥ ੧ ॥ ਅੰਗ- ੧੨੬੩*

ਪਰਾਏ ਤਨ ਤੇ ਪਰਾਏ ਧਨ 'ਤੇ ਦ੍ਰਿਸ਼ਟੀ ਜਾਵੇ ਉਹ ਤਾਂ –

*ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ ਅੰਗ- ੧੪੫*

ਸਾਧੂ ਦਾ ਦੀਦਾਰ ਸਾਕਾਰ ਮੰਡਲ 'ਚੋਂ ਨਿਕਲਣ ਵਾਸਤੇ ਹੁੰਦਾ ਹੈ। ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਨਾਲ ਹੀ ਅੰਦਰ ਕਿੰਨੀ ਤਬਦੀਲੀ ਆ ਜਾਂਦੀ ਹੈ। ਜਦੋਂ ਤਕ ਕੋਈ ਕਿੱਲੀ ਨਹੀਂ, ਧਿਆਨ ਟਿਕਾਉਣ ਦਾ ਕੋਈ ਟਿਕਾਣਾ ਹੀ ਨਹੀਂ ਫੇਰ ਕੱਪੜਾ ਕਿਸ 'ਤੇ ਟੰਗੀਏ। ਕੋਈ ਸੈਂਟਰਲ ਪੁਆਇੰਟ ਚਾਹੀਦਾ ਹੈ, ਮਨ ਨੂੰ ਇਕਾਗਰ ਕਰਨ ਵਾਸਤੇ। ਪਹਿਲੇ ਮਹਾਤਮਾ ਮੂਲਧਾਰ ਤੋਂ ਸ਼ੁਰੂ ਕਰਾਉਂਦੇ, ਬੜੇ ਲੰਮੇ ਚੱਕਰ ਹੁੰਦੇ। ਪਰ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਮਹਾਂਪੁਰਸ਼ਾਂ ਨੇ ਆਗਿਆ ਚੱਕਰ, ਜਿੱਥੇ ਅੱਖਾਂ ਤੇ ਨੱਕ ਦੀ ਜੜ੍ਹ ਹੈ, ਇਸ ਜਗ੍ਹਾ ਤੋਂ ਸ਼ੁਰੂ ਕਰਾਇਆ ਤੇ ਉਹ ਸਤਿਪੁਰਸ਼, ਉਨ੍ਹਾਂ ਦਾ ਜਿਹੜਾ ਧਿਆਨ ਹੈ, ਸਾਕਾਰ ਦਾ। ਇਸ ਸਾਕਾਰ ਮੰਡਲ 'ਚੋਂ ਨਿਕਲਣ ਵਾਸਤੇ ਹੈ –

*ਅਕਾਲ ਮੂਰਤਿ ਹੈ ਸਾਧ ਸੰਤਨ ਕੀ*
*ਠਾਹਰ ਨੀਕੀ ਧਿਆਨ ਕਉ ॥ ੧ ॥ ਅੰਗ- ੧੨੦੮*

ਧਿਆਨ ਠਹਿਰਾਉਣ ਦਾ ਇਕ ਸਾਧਨ ਹੈ। ਇਹ

ਨਹੀਂ ਕਿ ਬੁੱਤ ਪ੍ਰਸਤੀ ਹੈ। ਬੁੱਤ ਪ੍ਰਸਤ ਤਾਂ ਅਸੀਂ ਹਾਂ ਹੀ। ਵੇਖ ਲਓ ਸਾਡੀ ਪੁੱਤਰਾਂ ਦੇ ਨਾਲ ਪ੍ਰੀਤ ਹੈ, ਅਸੀਂ ਪੁੱਤਰ ਪ੍ਰਸਤ ਹਾਂ। ਸਾਡੀ ਜਾਇਦਾਦ ਨਾਲ ਪ੍ਰੀਤ ਪਈ ਹੋਈ ਹੈ, ਜਾਇਦਾਦ ਪ੍ਰਸਤ ਹਾਂ। ਧਨ, ਦੌਲਤ ਦੇ ਨਾਲ ਪ੍ਰੀਤ ਹੈ ਇਸ ਵਿਚ ਗ੍ਰਸਤ ਹਾਂ -

*ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥ ਅੰਗ- ੧੮੦*

*ਊਚੇ ਮੰਦਰ ਸੁੰਦਰ ਨਾਰੀ ॥*
*ਰਾਮ ਨਾਮ ਬਿਨੁ ਬਾਜੀ ਹਾਰੀ ॥ ਅੰਗ - ੬੫੯*

ਹੁਣ ਇਹ ਵੇਖ-ਵੇਖ ਤੂੰ ਬਾਜੀ ਹਾਰਦਾ ਜਾਵੇਂਗਾ। ਹੁਣ ਇਹ ਹੈ ਤਾਂ ਸਾਡੇ ਹੱਥ ਹੀ -

*ਸੋ ਸੇਵਕੁ ਜੋ ਲਾਇਆ ਸੇਵ ॥*
*ਤਿਨ ਹੀ ਪਾਏ ਨਿਰੰਜਨ ਦੇਵ ॥*
*ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਅੰਗ - ੧੧੫੯*

ਹੁਣ ਗੁਰੂ ਨੂੰ ਮਿਲ ਕੇ ਉਹ ਬਜਰ ਕਪਾਟ ਖੁਲ੍ਹਣੇ, ਸਨ ਪਰ ਅਸੀਂ ਇਸ ਪਾਸੇ ਵੱਲ ਨੂੰ ਚੱਲੇ -

*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*
*ਘਟ ਭੀਤਰਿ ਤੂ ਦੇਖੁ ਬਿਚਾਰਿ ॥*
*ਕਹਤ ਕਬੀਰੁ ਜੀਤਿ ਕੈ ਹਾਰਿ ॥ ਅੰਗ- ੧੧੫੯*

ਭਾਵੇਂ ਬਾਜੀ ਜਿੱਤ ਲੈ, ਭਾਵੇਂ ਹਾਰ ਜਾਏ।

ਹੁਣ ਜੇ ਬੱਚਾ ਪੜ੍ਹਦਾ ਨਹੀਂ ਉਹ ਫੇਲ੍ਹ ਆਪੇ ਹੀ ਹੋ ਜਾਣਾ ਹੈ। ਮਿਹਨਤ ਕਰੇ, ਉਹ ਪਾਸ ਆਪੇ ਹੀ ਹੋ ਜਾਵੇਗਾ। ਗੁਰਬਾਣੀ -

*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥*
*ਅੰਗ- ੧੧੫੯*

ਕਿੰਨੀ ਤਰ੍ਹਾਂ ਦੇ ਨਾਲ ਗੁਰਬਾਣੀ ਪੁਕਾਰ-ਪੁਕਾਰ ਕੇ ਕਹਿ ਰਹੀ ਹੈ ਪਰ ਅਸੀਂ ਸਾਕਾਰ ਮੰਡਲ ਦੇ ਵਿਚ ਫਸੇ ਬੈਠੇ ਹਾਂ ਇਨ੍ਹਾਂ 'ਚੋਂ ਨਿਕਲ ਨਹੀਂ ਸਕਦੇ, ਆਤਮਿਕ ਤੌਰ ਤੇ ਉੱਚੇ ਉਠ ਨਹੀਂ ਸਕਦੇ।

ਬੱਚੇ ਨੂੰ ਮੇਲੇ ਦੇ ਵਿਚ ਬਹੁਤ ਸੋਹਣਾ ਲਗਦਾ ਹੈ, ਜਦੋਂ ਉਸ ਨੇ ਆਪਣੇ ਪਿਤਾ ਦੀ ਉਂਗਲ ਫੜੀ ਹੋਵੇ, ਜੇ ਉਂਗਲ ਛੁਟ ਜਾਵੇ ਤਾਂ ਉਹ ਰੋਂਦਾ ਹੈ, ਦੁਖੀ ਹੁੰਦਾ ਹੈ। ਇਸੇ ਤਰ੍ਹਾਂ ਦੇ ਨਾਲ ਇਹ ਸਾਕਾਰ ਮੰਡਲ 'ਚੋਂ ਮਹਾਂਪੁਰਸ਼ ਕਿਵੇਂ ਕੱਢਦੇ ਨੇ। ਜਦੋਂ ਅਸੀਂ ਉਨ੍ਹਾਂ ਦੀ ਸੰਗਤ ਕਰਦੇ ਹਾਂ ਦਿਲਾਂ ਦੇ ਸੌਦੇ ਹੋ ਜਾਂਦੇ ਹਨ, ਪਿਆਰ ਪੈ ਜਾਂਦਾ ਹੈ, ਉਹ ਸਦਾ ਹੀ ਅਮਰ ਹਨ।

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ- ੨੭੩*

ਇਥੇ ਆ ਕੇ ਸਾਨੂੰ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਹੁੰਦੀ ਹੈ, ਯਾਦ ਆਉਂਦੀ ਹੈ। ਉਸ ਪਿਆਰੇ ਦੀ ਯਾਦ ਇਬਾਦਤ ਬਣ ਜਾਂਦੀ ਹੈ। ਉਨ੍ਹਾਂ ਦਾ ਧਿਆਨ ਆਉਣ ਦੇ ਨਾਲ ਹੀ, ਜਦੋਂ ਤੁਸੀਂ ਮਨ ਬਣਾਇਆ ਕਿ ਸਤਿਸੰਗਤ ਵਿਚ ਜਾਣਾ ਹੈ, ਤੁਹਾਡੇ ਜੀਵਨ ਦੀ ਰੌ ਰੁਮਕੀ। ਇਹ ਇਕ ਤਰ੍ਹਾਂ ਦੇ ਨਾਲ ਕਿੰਨੇ ਸਾਧਨ ਕਰਕੇ ਵੀ ਮੰਤਰ ਨਹੀਂ ਚਲਦਾ, ਅਭਿਆਸ ਨਹੀਂ ਹੁੰਦਾ। ਆਪਣੇ ਆਪ ਮਨ ਇਸ ਪਾਸੇ ਵਲ ਲਗ ਜਾਂਦਾ ਹੈ। ਆਕਰਸ਼ਣ ਸ਼ਕਤੀ ਹੈ, ਸਤਿਪੁਰਸ਼ਾਂ ਦੀ vibration ਹੈ।

ਗੁਰ ਮੂਰਤਿ ਗੁਰ ਸਬਦੁ ਹੈ। ਜਿਹੜਾ ਸ਼ਬਦ ਹੈ ਉਹ ਹੈ ਅਵਾਜ਼। ਹੁਣ ਉਸ ਦਾ ਧਿਆਨ ਕਿਵੇਂ ਹੋਵੇ। ਤਿੰਨ ਤਰ੍ਹਾਂ ਦਾ ਧਿਆਨ ਜਿਨ੍ਹਾਂ ਦੇ ਅਨੁਭਵ 'ਚ ਆਇਆ, ਅਨੁਭਵੀ ਮਹਾਂਪੁਰਸ਼ਾਂ ਨੇ ਸਾਨੂੰ ਦਰਸਾਇਆ, ਇਕ ਪ੍ਰਤੀਕ ਧਿਆਨ ਹੈ। ਕਿਸੇ ਨੂੰ ਆਪਾਂ ਪ੍ਰਤੀਕ ਮੰਨ ਲਿਆ। ਪਿਆਰੇ ਦਾ ਧਿਆਨ ਆਉਣ ਦੇ ਨਾਲ, ਕਿਉਂਕਿ ਉਨ੍ਹਾਂ ਦੇ ਜੋ ਗੁਣ ਹਨ ਉਹ ਗੁਣ ਸਾਡੇ ਵਿਚ ਪ੍ਰਵੇਸ਼ ਕਰ ਜਾਂਦੇ ਹੈ। ਇਕ ਇਸ਼ਕ ਹਕੀਕੀ ਹੈ, ਇਕ ਇਸ਼ਕ ਮਜਾਜ਼ੀ ਹੈ। ਦੁਨਿਆਵੀ ਇਸ਼ਕ ਦੇ ਵਿਚ ਜਿਹੜਾ ਇਸ਼ਕ ਮਜਾਜ਼ੀ ਹੈ। ਉਸ ਦੇ ਵਿਚ ਵੀ-'ਰਾਂਝਾ ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ।' ਭਾਈ ਗੁਰਦਾਸ ਜੀ ਮਿਸਾਲਾਂ ਦੇ ਕੇ ਸਮਝਾਉਂਦੇ ਨੇ -

*ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ।*
*ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।*
*ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।*
*ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।*
*ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।*
*ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥*
*ਭਾਈ ਗੁਰਦਾਸ ਜੀ, ਵਾਰ ੨੭/੧*

ਇਹ ਮਿਸਾਲਾਂ ਨੇ ਇਸ਼ਕ ਮਜਾਜੀ ਦੀਆਂ। ਉਹਦੇ ਵਿਚ ਵੀ ਉਨ੍ਹਾਂ ਦੇ ਜ਼ਿਹਨ ਵਿਚ ਯਾਦ ਵਸ ਗਈ ਆਪਣੇ ਪਿਆਰੇ ਦੀ। ਕਹਿੰਦੇ, ਹੁਣ ਮੈਨੂੰ ਹੀਰ ਨਾ ਆਖੋ, ਮੈਂ ਰਾਂਝਾ-ਰਾਂਝਾ ਕਰਦੀ ਆਪੇ ਰਾਂਝਾ ਬਣ ਗਈ। ਦੂਜੇ ਪਾਸੇ ਤਾਂ ਹਕੀਕਤ ਹੈ, ਹਕੀਕੀ ਹੈ -

*ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥*
*ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥ ੧ ॥*
*ਅੰਗ - ੪੮੮*

ਐਸ਼ਾ ਇਸ਼ਕ, ਐਸਾ ਪਿਆਰ, ਉਸ ਪਿਆਰ 'ਚ ਜਿਹਦਾ ਧਿਆਨ ਧਰੋ, ਉਸੇ ਦਾ ਹੀ ਰੂਪ ਬਣ ਜਾਂਦੇ ਹਨ। ਪ੍ਰਮੇਸ਼ਰ ਨਾਲ ਇਕ ਹੋ ਗਏ, ਅਭੇਦ ਅਵਸਥਾ ਪ੍ਰਾਪਤ ਹੋ ਗਈ। ਅੱਜ ਵੀ ਮਹਾਂਪੁਰਸ਼ ਕਿਤੇ ਨੀਂ ਗਏ -

*ਸਾ ਰਸਨਾ ਜਲਿ ਜਾਉ.........॥ ਅੰਗ- ੫੫੦*
*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- ੭੪੯*

ਜੇ ਰਸਨਾ ਕਹੇ ਕਿ 'ਗੁਰ ਮੂਆ' ਕਹਿੰਦੇ, ਉਹ ਰਸਨਾ ਹੀ ਜਲ ਜਾਵੇ। ਕਿਉਂਕਿ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ- ੨੭੩*

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਅੰਗ- ੫੨੦*

ਇਹ ਅੰਤਸ਼ਕਰਣ ਚਾਰ ਦਾ ਜੋੜ ਹੈ-ਮਨ, ਚਿੱਤ, ਬੁੱਧ, ਅਹੰਭਾਵ। ਮਨ ਬੁੱਧ ਨੂੰ ਪ੍ਰੇਰਦਾ ਹੈ, ਬੁੱਧ ਚਿੱਤ ਨੂੰ ਤੇ ਅਹੰਭਾਵ ਦੇ ਵਿਚ ਆ ਕੇ ਅਸੀਂ ਭੁੱਲ ਹੀ ਗਏ ਕਿ ਅਸੀਂ ਕੌਣ ਹਾਂ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ- ੯੯੯*

ਅਸੀਂ ਇਸ ਸਰੀਰ ਦੇ ਸਬੰਧ ਕਰਕੇ ਸਭ ਕੁਝ ਹੀ ਭੁੱਲ ਗਏ ਹਾਂ। ਹੁਣ ਜੇ ਅਸੀਂ ਗੱਡੀ 'ਚ ਜਾ ਰਹੇ ਹਾਂ, ਉਸ ਗੱਡੀ ਨੂੰ ਹੀ ਕਹਿਣ ਲੱਗ ਜਾਈਏ ਕਿ ਮੈਂ ਗੱਡੀ ਹਾਂ, ਮਕਾਨ 'ਚ ਰਹਿੰਦੇ ਹਾਂ, ਮਕਾਨ ਨੂੰ ਹੀ ਕਹਿਣ ਲੱਗ ਜਾਈਏ ਕਿ ਮੈਂ ਆਹ ਮਕਾਨ ਹਾਂ। ਆਪਣੇ ਆਪ ਨੂੰ ਭੁੱਲ ਜਾਣਾ ਕਿ ਮੈਂ ਕੀ ਹਾਂ। ਅਸੀਂ ਅੱਜ ਭੁੱਲੇ ਬੈਠੇ ਹਾਂ। ਮਹਾਂਪੁਰਸ਼ ਅਨੁਭਵੀ ਆਤਮਾ ਜੋ ਪਰਮ ਆਪੇ 'ਚ ਸਥਿਤ ਹੋ ਗਏ। ਉਹ ਸਾਨੂੰ ਉਸ ਜਗ੍ਹਾ 'ਤੇ ਲਿਜਾਣਾ ਚਾਹੁੰਦੇ ਨੇ ਜਿੱਥੇ ਦੇਸ਼ ਹੈ ਉਨ੍ਹਾਂ ਦਾ, ਸਤਿ ਚਿਤ ਤੇ ਅਨੰਦ। ਇਕ ਹੋਰ ਮਹਾਂਪੁਰਸ਼ਾਂ ਨੇ ਨਾਲ ਜੋੜਿਆ 'ਪ੍ਰਿਅ' ਕਿ ਉਹ ਪਿਆਰ ਦਾ ਦੇਸ਼ ਹੈ -

*ਬੇਗਮ ਪੁਰਾ ਸਹਰ ਕੋ ਨਾਉ ॥ ਅੰਗ- ੩੪੫*

ਇਸ ਕਰਕੇ ਸਮਰੱਥ ਗੁਰੂ ਦੇ ਧਿਆਨ 'ਚ ਜਦੋਂ ਅਸੀਂ ਬੈਠਦੇ ਹਾਂ ਤਾਂ ਉਹ ਧਿਆਨ ਸਾਕਾਰ ਮੰਡਲ 'ਚੋਂ ਉੱਚਾ ਚੁੱਕਦਾ ਹੈ। ਕਿੱਥੇ ਪਹੁੰਚਾ ਦਿੰਦਾ ਹੈ? ਉਹ ਫੇਰ ਪ੍ਰਤੀਕ ਧਿਆਨ ਤੋਂ ਐਸੇ ਧਿਆਨ ਦੇ ਵਿਚ ਪਹੁੰਚ ਜਾਂਦੇ ਹਨ ਕਿ ਉਹ ਧਿਆਨ ਇਕ ਐਸਾ ਧਿਆਨ ਹੈ, ਜਿਹਦੇ ਵਿਚ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਉਹਦੇ ਵਿਚ ਜਾ ਕੇ ਸੰਪਤ ਧਿਆਨ ਨੂੰ ਕਿਹਾ ਹੈ, ਜਿੱਥੇ ਜਾ ਕੇ ਜਿਹਦਾ ਧਿਆਨ ਧਰੋ ਉਸੇ ਦਾ ਹੀ ਰੂਪ ਬਣ ਜਾਂਦੇ ਹਨ।

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ ੧੧ ॥*
*ਅੰਗ- ੧੩੬੫*

ਚੰਦਨ ਦੇ ਕੋਲ ਕੋਈ ਬਨਸਪਤੀ ਹੈ, ਉਸ ਦੇ ਵਿਚ ਸੁਗੰਧੀ ਚੰਦਨ ਭਰ ਦਿੰਦਾ ਹੈ, ਪਰ ਇਕ ਬਾਂਸ ਹੈ -

*ਕਬੀਰ ਬਾਂਸੁ ਬਡਾਈ ਬੂਡਿਆ*
*ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ ੧੨ ॥*
*ਅੰਗ- ੧੩੬੫*

ਬਾਂਸ ਇਕ ਦੂਜੇ ਦੇ ਨਾਲ ਖਹਿ ਕੇ ਆਪਣਾ ਆਪ ਸਾੜ ਲੈਂਦਾ ਹੈ। ਹੁਣ ਕਸੂਰ ਕਿਸਦਾ ਹੋਇਆ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*
*ਅੰਗ - ੧੩੭੨*

ਕਸੂਰ ਗੁਰੂ ਦਾ ਨਹੀਂ, ਕਸੂਰ ਤਾਂ ਸਾਡਾ ਹੈ। ਕਿਉਂਕਿ ਅਸੀਂ ਉਨ੍ਹਾਂ ਦੀ ਬ੍ਰਹਿਮੰਡੀ ਸੋਚ, ਉਸ ਉਪਰ ਪਹਿਰਾ ਨਹੀਂ ਦਿੰਦੇ। ਮਹਾਂਪੁਰਸ਼ ਜਦੋਂ ਸਮਾਗਮ ਕਰਿਆ ਕਰਦੇ ਸਤਿਕਾਰਯੋਗ ਸਚਖੰਡਵਾਸੀ ਮਹਾਂਪੁਰਸ਼ ਜਿਨ੍ਹਾਂ ਨੂੰ ਨਾਮਧਾਰੀ ਸਤਿਕਾਰ ਸਹਿਤ ਸਤਿਗੁਰੂ ਜਗਜੀਤ ਸਿੰਘ ਜੀ ਕਰਕੇ ਯਾਦ ਕਰਦੇ ਨੇ, ਉਹ ਵੀ ਰਤਵਾੜਾ ਸਾਹਿਬ ਆ ਕੇ ਨਤਮਸਤਕ ਹੁੰਦੇ। ਸੰਸਾਰ ਭਰ ਦੇ ਪ੍ਰਸਿੱਧ ਸੁਆਮੀ, ਹੋਰ ਸਾਧੂ ਸੰਤ ਮਹਾਂਪੁਰਸ਼ਾਂ ਦੇ ਪਿਆਰ ਵਿਚ ਰਤਵਾੜਾ ਸਾਹਿਬ ਦੀ ਧਰਤੀ 'ਤੇ ਆ ਕੇ ਨਤਮਸਤਕ ਹੁੰਦੇ। ਕਿਉਂਕਿ ਮਹਾਂਪੁਰਸ਼ ਉਥੇ ਪਹੁੰਚੇ ਹੋਏ ਸਨ - ਪ੍ਰਤੀਕ ਧਿਆਨ ਤੋਂ ਸੰਪਤ ਧਿਆਨ, ਸੰਪਤ ਧਿਆਨ ਤੋਂ ਉਪਰ ਅਹੰਗ੍ਰਹਿ ਧਿਆਨ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ੧ ॥*
*ਅੰਗ- ੨੭੨*

ਐਸੇ ਲੱਛਣ, ਉਹ ਇਹ ਨਹੀਂ ਕਿ ਜੋ ਗਿਆਨੀ ਕਹਿ ਰਿਹਾ ਹੈ ਉਹ ਗਲਤ ਹੈ। ਡਾ. ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗਿਆਨੀ ਗਿਆਨ ਦੀ ਬਾਤ ਕਰਦਾ ਹੈ। ਗਿਆਨ ਦਿਮਾਗ ਦੀ ਖੋਜ ਹੈ। ਜੋ ਦਿਲ ਦੇ ਨਾਲ ਦਿਲ ਦੇ ਸੌਦੇ ਹਨ, ਗਿਆਨੀ ਕਹੇਗਾ ਕਿ 'ਗੁਰ ਮੂਰਤਿ ਗੁਰ ਸਬਦਿ ਹੈ' ਠੀਕ ਹੈ। ਇਕ ਅੰਤਮ ਸਟੇਜ ਹੈ ਅਹੰਗ੍ਰਹਿ ਧਿਆਨ ਦੀ। ਜਿੱਥੇ ਜਾ ਕੇ ਉਸ ਸ਼ਬਦ 'ਚ ਲੀਨ ਹੋ ਜਾਣਾ। ਸ਼ਬਦ ਦੀ ਧੁਨਕਾਰ 'ਚ -

*ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥*
*ਅੰਗ- ੧੯੬*

ਹੁਣ ਗਿਆਨੀ ਗਿਆਨ ਦੀ ਬਾਤ ਕਰੇਗਾ। ਗਿਆਨ ਦੇ ਵਿਚ ਤਰਕ ਹੈ ਵਿਤਰਕ ਹੈ, ਉਹ ਤਰਕ ਕਰਕੇ ਸ਼ੰਕਾ ਪੈਦਾ ਕਰ ਦਿੰਦਾ ਹੈ ਕਿ ਇਹ ਬੁੱਤ ਪ੍ਰਸਤ ਹੈ, ਇਹ ਇਸ ਤਰ੍ਹਾਂ ਦੇ ਨਾਲ ਹੈ। ਗਿਆਨ ਜੋ ਹੈ ਜਿਹੜੇ ਵੇਦਾਂਤ ਪੜ੍ਹਦੇ ਨੇ ਉਨ੍ਹਾਂ ਨੂ ਮਾਇਆ ਮੋਹ ਲੈਂਦੀ ਹੈ, ਕਿੰਨੇ-ਕਿੰਨੇ ਤਪੀਏ ਤਪ ਕਰਨ ਵਾਲੇ, ਤਪ ਤੋਂ ਗਿਰ ਗਏ। ਚਰਿੱਤਰ ਡਿੱਗ ਗਿਆ। ਉਹ ਮਾਇਆ 'ਚ ਗੁਲਤਾਨ ਹੋ ਗਏ। ਉਹ ਇਥੇ ਆ ਕੇ ਰੁਕ ਗਏ ਕਿ 'ਅਹੰ ਬ੍ਰਹਮ ਅਸਮੀ' ਕਿ ਮੈਂ ਹੀ ਬ੍ਰਹਮ ਹਾਂ ਤੇ ਆਤਮਾ ਅਮਰ ਹੈ। ਆਤਮਾ ਨੂੰ ਕੋਈ ਦੋਸ਼ ਨਹੀਂ। ਸਰੀਰ ਭੋਗਦਾ ਹੈ ਆਪਣੇ ਭੋਗ, ਪਰ ਇਹ ਤਾਂ ਇਕ ਰੋਗ ਖੜ੍ਹਾ ਕਰ ਲਿਆ, ਹਉਮੈ ਰੋਗ ਇਸ

ਕਰਕੇ ਇਹ ਗਿਆਨ ਜਿਹੜਾ ਹੈ, ਭਗਤੀ ਸਹਿਤ ਗਿਆਨ। ਇਕੱਲਾ ਗਿਆਨ ਹੈ ਉਹਨੂੰ ਮਾਇਆ ਮੋਹ ਲਏਗੀ। ਭਗਤੀ ਜਿਵੇਂ ਇਹ ਹੈ ਇਸਤ੍ਰੀ, ਇਸਤ੍ਰੀ-ਇਸਤ੍ਰੀ ਨੂੰ ਮੋਹ ਨਹੀਂ ਸਕਦੀ। ਗਿਆਨ ਪੁਰਸ਼ ਹੈ ਇਨ੍ਹਾਂ ਦੋਨਾਂ ਦੀ ਖਿੱਚ ਹੈ, ਇਸ ਕਰਕੇ ਭਗਤੀ ਸਹਿਤ ਗਿਆਨ, ਰਸੀਏ ਪੁਰਸ਼ ਦਾ ਰਸਮਈ ਜੀਵਨ ਦੂਸਰੇ ਦੇ ਜੀਵਨ 'ਚ ਰਸ ਭਰ ਦਿੰਦਾ ਹੈ। ਇਸ ਕਰਕੇ ਸਤਿਪੁਰਸ਼ ਸਾਨੂੰ ਇਸ ਜਗ੍ਹਾ 'ਤੇ ਲਿਜਾਉਣਾ ਚਾਹੁੰਦੇ ਨੇ ਜਿਸ ਦੇਸ਼ 'ਚ ਉਹ ਨਿਵਾਸ ਰਖਦੇ ਹਨ -

*ਬੈਕੁੰਠ ਨਗਰੁ ਜਹਾ ਸੰਤ ਵਾਸਾ ॥* *ਅੰਗ- ੭੪੨*

ਉਹ ਨਗਰੀ ਬੈਕੁੰਠ ਹੈ। ਇਸ ਕਰਕੇ -

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥* *ਅੰਗ- ੩੪੫*

ਹੁਣ ਦੁਖ ਕਿੱਥੋਂ ਆ ਗਏ। ਦੁੱਖ ਤਾਂ ਆਹ ਜਿਹੜੀ ਸੰਸਾਰ ਦੀ ਰਚਨਾ ਹੈ, ਪ੍ਰਮੇਸ਼ਰ ਨੇ ਕਿਵੇਂ ਬਣਾਈ। ਇਹ ਆਪਣੇ ਰਹਿਣ ਵਾਸਤੇ ਆਹ ਰਚਨਾ ਰਚੀ। ਇਹ ਜਿਹੜੀ ਰਚਨਾ ਹੈ, ਬੜੀ ਅਜੀਬ ਰਚਨਾ ਹੈ। ਅਦਭੁਤ ਰਚਨਾ ਹੈ। ਇਹ ਉਸ ਰਾਮ ਨੇ ਬਣਾਈ ਹੈ।

*ਇਕਨ੍ਾ ਹੁਕਮਿ ਸਮਾਇ ਲਏ ਇਕਨ੍ਾ ਹੁਕਮੇ ਕਰੇ ਵਿਣਾਸੁ ॥*
*ਇਕਨ੍ਾ ਭਾਣੈ ਕਢਿ ਲਏ ਇਕਨ੍ਾ ਮਾਇਆ ਵਿਚਿ ਨਿਵਾਸੁ ॥*
*ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥*
*ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥*
*ਅੰਗ- ੪੬੩*

ਹੁਣ ਸਿੱਧ ਪੁਰਸ਼, ਬੜੇ ਸਾਧਨ ਸੰਪੰਨ, ਵੱਡੇ-ਵੱਡੇ ਪ੍ਰਾਣਾਯਾਮੀ, ਯੋਗੀ ਜਨ ਉਹ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸਵਾਲ ਕਰਦੇ ਨੇ ਕਿ ਹੇ ਗੁਰੂ ਨਾਨਕ! ਆਪ ਨੇ ਤਾਂ ਕਿਹਾ ਹੈ ਕਿ ਮੈਂ ਇਨ੍ਹਾਂ ਨੂੰ ਪਾਰ ਲਾਵਾਂਗਾ। ਕਿਵੇਂ ਪਾਰ ਲਗ ਸਕਦੇ ਨੇ? ਗ੍ਰਿਹਸਤ 'ਚ ਤਾਂ ਝਮੇਲੇ ਨੇ, ਗ੍ਰਿਹਸਤ ਵਿਚ ਤਾਂ ਕਿੰਨੇ ਵਿਘਨ ਪੈਂਦੇ ਨੇ।

ਪਾਤਸ਼ਾਹ ਕਹਿਣ ਲੱਗੇ ਕਿ ਇਹਨੂੰ ਗੁਰਮੁਖਾਂ ਦੀ ਸੰਗਤ, ਸਾਧੂਆਂ ਦੀ ਸੰਗਤ ਪਾਰ ਲਾਵੇਗੀ -

*.........ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ - ੯੪*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥* *ਅੰਗ - ੮੨੭*

ਉਹ ਜਿਹੜੀ ਮੂਰਤ ਹੈ ਸਾਧੂ ਦੀ, ਉਹ ਪਾਰ ਲਾਉਂਦੀ ਹੈ। ਹੁਣ ਸਿੱਧਾਂ ਦਾ ਸਵਾਲ ਸੀ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥* *ਅੰਗ- ੯੪੬*

ਪਾਤਸ਼ਾਹ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* *ਅੰਗ- ੯੪੬*

ਦੁਖੀ ਹੋ ਰਿਹਾ ਹੈ। ਕਿੰਨਾ ਦੁਖੀ ਹੈ? -

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ ੮੧ ॥*
*ਅੰਗ- ੧੩੮੨*

ਸਾਰਾ ਸੰਸਾਰ ਹੀ ਦੁਖੀ ਹੈ, ਕਿਉਂਕਿ ਨਾਮ 'ਚ ਸਥਿਤੀ ਨਹੀਂ ਜਿੱਥੇ ਪਰਮ ਅਨੰਦ, ਪਰਮ ਸ਼ਾਂਤੀ ਹੈ। ਇਸ ਵਿਧੀ ਨੂੰ ਅਸੀਂ ਅਪਣਾਉਂਦੇ ਨਹੀਂ। ਜੋ ਜੁਗਤੀ ਹੈ, ਇਸ ਕਰਕੇ ਉਹ ਮੁਕਤ ਅਵਸਥਾ ਜਿੱਥੇ ਜਾ ਕੇ ਮੁਕਤੀ ਹੈ, ਉਹ ਸਾਨੂੰ ਪ੍ਰਾਪਤ ਨਹੀਂ ਹੋ ਰਹੀ। ਅਸੀਂ ਵਿਸ਼ਵਾਸ਼ ਤੋਂ ਹੀਣੇ, ਸਾਡੇ ਅੰਦਰ ਭਰੋਸਾ ਨਹੀਂ। ਤਿੰਨ ਇਨਸਾਨ ਸਦਾ ਹੀ ਦੁਖੀ ਰਹਿੰਦੇ ਨੇ। ਇਕ ਤਾਂ ਅਗਿਆਨੀ, ਦੂਜਾ ਸ਼ਰਧਾ ਤੋਂ ਹੀਣਾ, ਤੀਸਰਾ ਸ਼ੰਕਾਵਾਨ ਜਿਹੜਾ ਸ਼ੱਕ ਕਰੇ, ਸ਼ੰਕਾ ਕਰੇ। ਇਹ ਤਿੰਨ ਇਨਸਾਨ ਇਸ ਕਾਰਨ ਦੁਖੀ ਹਨ। ਸੁਖੀ ਕੌਣ ਹੈ? -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ੧ ॥* *ਅੰਗ- ੯੫੪*

ਹੁਣ ਦੂਸਰੇ ਪਾਸੇ ਵੇਖੀਏ ਅਸੀਂ ਰੋਗੀ ਵੀ ਹਾਂ। ਕਿਉਂਕਿ ਅਸੀਂ ਸੁਖ ਰਹਿਣੇ ਹੋ ਗਏ। ਜਿਹੜੀ ਮਰਿਆਦਾ ਹੈ, ਉਹ ਸਾਰੀ ਹੀ ਉਲਟਾ ਦਿਤੀ ਹੈ। ਕੁਦਰਤ ਤੋਂ ਦੂਰ ਹੋ ਕੇ ਦੁਖੀ ਹੋ ਰਹੇ ਹਾਂ। ਵਾਤਾਵਰਣ ਦੂਸ਼ਿਤ ਹੋਇਆ ਪਿਆ ਹੈ। ਜਿਹੜਾ ਸੁਰਮਾ ਸਤਿਗੁਰੂ ਪਾਉਂਦੇ ਨੇ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਇਸੇ ਤਰ੍ਹਾਂ ਦੇ ਨਾਲ ਜੇ ਅਸੀਂ ਸਦੀਵੀ ਕਾਲ, ਸਦਾ ਵਾਸਤੇ ਹੀ ਸ਼ਰਧਾ 'ਚ ਆ ਕੇ ਨਾਮ ਨਾਲ, ਬਾਣੀ ਨਾਲ ਜੁੜ ਜਾਈਏ, ਵਿਸ਼ਵਾਸ਼ ਲੈ ਆਈਏ। ਜਿਵੇਂ ਬੇਨਤੀ ਕੀਤੀ ਕਿ ਪ੍ਰਤੀਕ ਧਿਆਨ, ਫੇਰ ਸੰਪਤ ਧਿਆਨ, ਉਸ ਤੋਂ ਬਾਅਦ ਹੈ ਅਹੰਗ੍ਰਹਿ ਧਿਆਨ। ਉਹ ਧਿਆਨ ਨਹੀਂ ਉਹ ਤਾਂ ਇਕ ਗਿਆਨ ਹੈ, ਬ੍ਰਹਮ ਗਿਆਨ ਹੈ। ਉਹ ਫੇਰ ਸਾਰੇ ਪਾਸੇ ਹੀ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ*

ਫੇਰ ਉਹ ਪਿਆਰ ਹੀ ਪਿਆਰ ਹੈ। ਹੁਣ ਜੋਗੀਆਂ ਦੇ ਅੰਦਰ ਤਾਂ ਪਿਆਰ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਇਸ ਕਰਕੇ ਉਹ ਹਠ ਨਾਲ ਸਭ ਕਰਦੇ ਸਨ ਪਰ -

*ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥*
*ਅੰਗ- ੫੯੩*

ਸਾਧਨ ਸੰਪੰਨ ਸਨ। ਸਾਧਨ ਤਾਂ ਬੜੇ ਕੀਤੇ ਉਨ੍ਹਾਂ ਨੇ-

*ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥*
*ਅੰਗ- ੧੩੪੩*

ਸਾਰੇ ਪ੍ਰਾਣਾਯਾਮ ਕੀਤੇ ਪਰ ਉਹਦੇ ਵਿਚ ਠੀਕ ਹੈ

ਸਰੀਰ ਦਾ ਸ਼ੁੱਧੀਕਰਣ ਹੈ। ਸ਼ਾਂਤੀ ਤਾਂ 'ਨਾਮ' ਦੇ ਵਿਚ ਹੈ। ਜਿਹੜੇ ਇਸ ਤਰ੍ਹਾਂ ਦੇ ਨਾਲ -

*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥*
*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ ੩ ॥*
*ਅੰਗ - ੪੬੯*

ਇਸ ਕਰਕੇ ਕੋਈ ਪਤਾ ਨਹੀਂ ਕਿ ਕਿੱਥੇ ਜਾ ਕੇ ਬਾਜ਼ੀ ਹਾਰ ਜਾਈਏ। ਇਸ ਕਰਕੇ 'ਨਾਮ' 'ਚ ਸਥਿਤੀ ਹੋਵੇ, ਜਦੋਂ 'ਨਾਮ' 'ਚ ਸਥਿਤ ਹੋ ਗਏ। ਫੇਰ ਤਾਂ ਇਹ ਆ ਜਾਂਦਾ ਹੈ ਕਿ -

*ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥*
*ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥*
*ਰਾਖਹੁ ਕੰਧ ਉਸਾਰਹੁ ਨੀਵਾਂ ॥*
*ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨ ॥*
*ਬੰਕੇ ਬਾਲ ਪਾਗ ਸਿਰਿ ਡੇਰੀ ॥*
*ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥ ੩ ॥*
*ਊਚੇ ਮੰਦਰ ਸੁੰਦਰ ਨਾਰੀ ॥*
*ਰਾਮ ਨਾਮ ਬਿਨੁ ਬਾਜੀ ਹਾਰੀ ॥ ੪ ॥ ਅੰਗ- ੬੫੯*

ਇਸ ਕਰਕੇ ਨਾਮ ਤੋਂ ਬਗੈਰ ਸਾਰਾ ਸੰਸਾਰ ਦੁਖੀ ਹੈ। ਸਾਰਾ ਸੰਸਾਰ ਰੋਗੀ ਹੈ -

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ- ੬੮੭*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਕੋਹਲੂ ਦੀ ਲੀਰ ਨੂੰ ਕਿੰਨੀ ਵਾਰੀ ਧੋ ਲਓ ਨਹੀਂ ਉੱਜਲ ਹੋ ਸਕਦੀ। ਇਸ ਕਰਕੇ ਇਕ ਸਾਧਨ ਹੈ ਕਿ ਸਾਧੂਆਂ ਦੇ ਅਸਥਾਨ 'ਤੇ ਜਾ ਕੇ ਸੇਵਾ ਕਰਕੇ, ਸਿਮਰਨ ਕਰਕੇ, ਸਤਿਸੰਗ ਕਰਕੇ ਸਾਨੂੰ ਜੀਵਨ ਦੀ ਸੋਝੀ ਮਿਲਦੀ ਹੈ ਕਿ ਇਸ ਤਰ੍ਹਾਂ ਦੇ ਨਾਲ ਸਾਧੂਆਂ ਦੇ ਦਰਸਾਏ ਰਸਤੇ 'ਤੇ ਚੱਲੀਏ ਤੇ ਇਸ ਨੂੰ ਅਪਣਾਈਏ। ਇਹ ਹੈ, 'ਗੁਰਮੁਖ ਗਾਡੀ ਰਾਹ ਚਲਾਇਆ।' ਇਸ ਤਰ੍ਹਾਂ ਦੇ ਨਾਲ ਇਹ ਹਾਈ ਵੇ ਹੈ, ਕੋਈ ਰੁਕਾਵਟ ਨਹੀਂ ਰਹਿੰਦੀ ਰਸਤੇ 'ਚ। ਫੇਰ ਇਹ ਸਿੱਧਾ ਤੇ ਸਪਸ਼ਟ 'ਆਤਮ ਮਾਰਗ' ਹੈ, ਇਸ ਵਿਚ ਫੇਰ ਕੋਈ ਰੁਕਾਵਟ ਨਹੀਂ ਬਣਦੀ। ਸਰੀਰ ਦੀਆਂ ਬਿਆਧੀਆਂ ਹਨ -

*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ਅੰਗ- ੧੪੯*

ਇਹ ਹੈ ਕਿ ਜੇ ਦੁੱਖ ਆ ਗਿਆ ਉਹ ਸਦਾ ਦੁੱਖ ਨਹੀਂ ਰਹਿੰਦਾ, ਸੁੱਖ 'ਚ ਤਬਦੀਲ ਹੋ ਜਾਂਦਾ ਹੈ। ਸੁੱਖ ਦੁਖ 'ਚ, ਇਸ ਕਰਕੇ ਦੁੱਖ ਹੀ ਦਾਰੂ ਬਣਦਾ ਹੈ। ਐਸੇ ਪਾਵਨ ਅਸਥਾਨ 'ਤੇ ਆ ਕੇ ਫੇਰ ਸਾਨੂੰ ਸੂਝ ਪ੍ਰਾਪਤੀ ਹੋ ਜਾਂਦੀ ਹੈ ਤੇ ਪਿਆਰ ਵਾਲੇ ਸ਼ਰਧਾ ਰੂਪ ਝੋਲੀ ਲੈ ਕੇ, ਇਹਦੇ ਵਿਚ ਉਹ ਨਾਮ ਦੀ ਦਾਤ ਪਾ ਕੇ ਜਾਂਦੇ ਹਨ, ਉਹ ਨਾਮ ਹੈ ਤਾਂ ਅੰਦਰ ਹੀ ਤੇ ਨਾਮ 'ਚ ਕਿਵੇਂ ਸਥਿਤ ਹੋਣਾ ਹੈ। ਇਹ ਪਤਾ ਲਗ ਜਾਂਦਾ ਹੈ, ਸਾਧੂ ਦਰਸਾ ਦਿੰਦੇ ਨੇ ਤੱਤ ਗਿਆਨ। ਇਸ ਕਰਕੇ ਮਹਾਂਪੁਰਸ਼ਾਂ ਨੇ ਜੁਗਤ ਦਰਸਾਈ ਹੈ ਕਿ ਕਿਵੇਂ ਤੁਸੀਂ ਸੁਖੀ ਰਹਿ ਸਕਦੇ ਹੋਂ। ਕਿਉਂਕਿ ਸਤਿਪੁਰਸ਼ ਚਾਹੁੰਦੇ ਨੇ ਕਿ ਜਿਵੇਂ ਅਸੀਂ ਪਰਮ ਆਪੇ 'ਚ ਲੀਨ ਹੋਏ, ਸਤਿ ਚਿਤ ਤੇ ਅਨੰਦ ਵਿਚ ਵਾਸਾ ਹੋਇਆ। ਇਸੇ ਤਰ੍ਹਾਂ ਇਹ ਲੋਕਾਈ ਵੀ ਸੁਖੀ ਹੋ ਜਾਵੇ ਕਿਉਂਕਿ ਉਹ ਸੁਖ ਦੇਖਣਾ ਚਾਹੁੰਦੇ ਨੇ ਕਿ ਸਾਰਾ ਸੰਸਾਰ ਸੁਖੀ ਹੋਵੇ। ਸਤਿਪੁਰਸ਼ਾਂ ਨੇ ਕਿਹਾ ਕਿ ਚਿੰਤਾ ਨਾ ਕਰੋ ਇਸ ਦੀ ਜਗ੍ਹਾ 'ਤੇ ਚਿੰਤਨ ਕਰੋ। ਜੀਵਨ ਜਾਚ ਸਾਧੂ ਸਿਖਾਉਂਦੇ ਨੇ ਕਿ ਪਿਆਰਿਓ! ਕੁਦਰਤ ਨਾਲ ਪਿਆਰ ਕਰੋ। ਮਹਾਂਪੁਰਸ਼ ਸਾਰੀ ਕਾਇਨਾਤ ਨੂੰ ਪਿਆਰ ਕਰਦੇ ਨੇ। ਉਨ੍ਹਾਂ ਨੂੰ ਇਹ ਨਜ਼ਰ ਆਉਂਦਾ ਹੈ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ- ੧੪੨੦*

ਸਤਿਪੁਰਸ਼ਾਂ ਦੀ ਦਰਸਾਈ ਜੁਗਤ ਨੂੰ ਅਪਨਾਅ ਕੇ ਅਸੀਂ ਸੁਖੀ ਹੋ ਜਾਂਦੇ ਹਾਂ ਕਿਉਂਕਿ ਉਹ ਜੁਗਤ ਹੈ ਜਿਹਦੇ ਨਾਲ ਮੁਕਤ ਅਵਸਥਾ ਪ੍ਰਾਪਤ ਹੋਣੀ ਹੈ, ਸਾਰੇ ਦੁਖ ਦੂਰ ਹੋਣੇ ਨੇ। ਚਿੰਤਨ ਕਰੋ।

*ਚਿੰਤਾ ਛਡਿ ਅਚਿੰਤੁ ਰਹੁ ........॥ ਅੰਗ- ੫੧੭*

ਪਰ -

*ਚਿੰਤਤ ਹੀ ਦੀਸੈ ਸਭੁ ਕੋਇ ॥*
*ਚੇਤਹਿ ਏਕੁ ਤਹੀ ਸੁਖੁ ਹੋਇ ॥ ਅੰਗ- ੯੩੨*

ਜਦੋਂ ਉਸ 'ਚ ਸਥਿਤੀ ਹੋ ਗਈ ਫੇਰ ਬੜਾ ਸੁਖਾਲਾ ਰਸਤਾ ਹੈ ਇਹ। ਫੇਰ ਅੱਗੇ ਉਨ੍ਹਾਂ ਦੀ ਮੌਜ। ਅੱਗੇ ਫੇਰ ਉਨ੍ਹਾਂ ਦੀ ਡਿਊਟੀ ਬਣ ਜਾਂਦੀ ਹੈ ਆਪਣੇ ਬਿਰਦ ਬਾਣੇ ਦੀ ਆਪ ਲਾਜ ਰਖਦੇ ਹਨ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ॥ ਅੰਗ- ੨੯੫*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*
*ਅੰਗ- ੪੦੩*

# ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥

**(ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ)**

ਮਾਂ ਦੀਆਂ ਅਸੀਸਾਂ ਵਰਗੀ ਦੁਨੀਆਂ ਵਿਚ ਕੋਈ ਸ਼ੈ ਨਹੀਂ। ਮਾਂ ਦਾ ਪਿਆਰ ਸਵਰਗ ਤੋਂ ਵੀ ਮਿੱਠਾ ਤੇ ਸੁਖਾਵਾਂ ਹੁੰਦਾ ਹੈ। ਜਿਨ੍ਹਾਂ ਪ੍ਰੇਮੀਆਂ ਨੇ ਪਿਆਰੇ ਮਹਾਂਪੁਰਸ਼ਾਂ (ਸੰਤ ਵਰਿਆਮ ਸਿੰਘ ਜੀ) ਅਤੇ ਉਨ੍ਹਾਂ ਦੇ ਜੀਵਨ-ਸਾਥੀ (ਸਤਿਕਾਰਯੋਗ ਬੀਜੀ ਮਾਤਾ ਰਣਜੀਤ ਕੌਰ ਜੀ) ਦਾ ਰੱਜਵਾਂ ਪਿਆਰ ਮਾਣਿਆ ਹੈ, ਉਹ ਕਿੰਨੇ ਭਾਗਸ਼ੀਲ ਹਨ। ਇਨ੍ਹਾਂ ਮਹਾਨ ਹਸਤੀਆਂ ਦਾ ਸਾਰਾ ਜੀਵਨ ਪਰਉਪਕਾਰਾਂ ਦੀ ਲੰਮੀ ਦਾਸਤਾਨ ਹੈ। ਪ੍ਰਭੂ-ਪਿਆਰ ਅਤੇ ਨਾਮ ਸਿਮਰਨ ਵਿਚ ਜੁੜੀਆਂ ਰੂਹਾਂ ਸੁਭਾਵਿਕ ਹੀ ਪਰਉਪਕਾਰੀ ਹੁੰਦੀਆਂ ਹਨ -

*ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਅੰਗ- ੨੬੩*

ਐਸੇ ਪਰਉਪਕਾਰੀ ਜੀਵ ਜਨਮ ਮਰਣ ਦੇ ਗੇੜ ਵਿਚ ਨਹੀਂ ਹੁੰਦੇ। ਉਹ ਵਿਸ਼ੇਸ਼ ਰੱਬੀ ਸੰਦੇਸ਼ ਅਨੁਸਾਰ ਸੰਸਾਰ ਵਿਚ ਆ ਕੇ ਕਿਰਿਆਸ਼ੀਲ ਹੁੰਦੇ ਹਨ। ਉਨ੍ਹਾਂ ਦੇ ਜੀਵਨ ਦਾ ਇਕੋ ਆਦਰਸ਼ ਹੁੰਦਾ ਹੈ - ਵੱਧ ਤੋਂ ਵੱਧ ਮਨੁੱਖਤਾ ਨੂੰ ਨਾਮ-ਸਿਮਰਨ ਵਿਚ ਜੋੜਨਾ ਤੇ ਹਰੀ-ਪ੍ਰਭੂ ਨਾਲ ਮਿਲਾਪ ਪ੍ਰਾਪਤ ਕਰਨ ਵਿਚ ਸਹਾਇਕ ਸਿੱਧ ਹੋਣਾ। ਐਸਾ ਹੀ ਗੁਰਬਾਣੀ ਦਾ ਪਵਿੱਤਰ ਸੰਦੇਸ਼ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- ੭੪੯*

ਸਤਿਕਾਰਯੋਗ ਬੀਜੀ ਰਣਜੀਤ ਕੌਰ ਜੀ ਦਾ ਜਨਮ ਅਗਸਤ 8, 1918 ਨੂੰ ਪਿੰਡ ਦਾਊਦਪੁਰ (ਨੇੜੇ ਖੰਨਾ) ਜ਼ਿਲਾ ਲੁਧਿਆਣੇ ਵਿਖੇ ਸੰਤ ਹੀਰਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਸੰਤ ਹੀਰਾ ਸਿੰਘ ਜੀ, ਬਖਸ਼ੀ ਹੋਈ ਰੂਹ, ਨਾਮ-ਰਸੀਏ, ਗੁਰੂ ਪਿਆਰ ਵਾਲੇ ਗੁਰਸਿੱਖ ਸਨ ਜਿਨ੍ਹਾਂ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਬਹੁਤ ਸਮਾਂ ਨਿੱਘੀ ਸੰਗਤ ਮਾਣੀ। ਭਾਈ ਸਾਹਿਬ ਆਪ ਜੀ ਨੂੰ ਸੰਤ ਪਦ ਨਾਲ ਸੰਬੋਧਨ ਕਰਿਆ ਕਰਦੇ ਸਨ। ਬੀਜੀ ਦੇ ਮਾਤਾ ਜੀ ਵੀ ਬਖਸ਼ੀ ਹੋਈ ਰੂਹ ਸਨ। ਹਰ ਵੇਲੇ ਸਿਮਰਨ ਵਿਚ ਜੁੜੇ ਰਹਿੰਦੇ ਤੇ ਘਰ ਆਉਣ ਵਾਲੇ ਗੁਰੂ ਪ੍ਰੇਮੀਆਂ ਦੀ ਆਉ ਭਗਤ ਨੂੰ ਸੁਭਾਗ ਸਮਝ ਕੇ ਸੇਵਾ ਵਿਚ ਲੱਗੇ ਰਹਿੰਦੇ। ਬੀਜੀ ਦੇ ਪਿਤਾ ਜੀ ਸੰਤ ਹੀਰਾ ਸਿੰਘ ਜੀ ਨੂੰ ਇਸ ਗੱਲ ਦਾ ਪਹਿਲਾਂ ਹੀ ਗਿਆਨ ਸੀ ਕਿ ਉਨ੍ਹਾਂ ਦੇ ਗ੍ਰਹਿ ਸਪੁੱਤਰੀ ਨੇ ਜਨਮ ਲੈਣਾ ਹੈ ਜਿਸ ਦਾ ਸੰਜੋਗ ਧਮੋਟ ਵਾਸੀ ਜਥੇਦਾਰ ਸ. ਕਰਤਾਰ ਸਿੰਘ ਦੇ ਸਪੁੱਤਰ (ਅਰਥਾਤ ਸੰਤ ਵਰਿਆਮ ਸਿੰਘ ਜੀ) ਨਾਲ ਹੋਣਾ ਧੁਰੋਂ ਹੀ ਲਿਖਿਆ ਹੋਇਆ ਹੈ। ਮਾਤਾ ਜੀ ਨੇ ਇਸ ਦਰਗਾਹੋਂ ਹੋਏ ਹੁਕਮ ਦੇ ਸੰਜੋਗ ਨੂੰ ਬੜੇ ਪਿਆਰ, ਸਤਿਕਾਰ ਅਤੇ ਸੇਵਾ ਭਾਵ ਨਾਲ ਨਿਭਾਇਆ।

ਮਾਤਾ ਜੀ ਦੀ ਅਣਥੱਕ ਸੇਵਾ ਦਾ ਸਫਰ 1937 ਵਿਚ ਓਦੋਂ ਸ਼ੁਰੂ ਹੋਇਆ ਜਦੋਂ ਬਾਬਾ ਜੀ ਸਤਿਕਾਰਯੋਗ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਆਗਿਆ ਅਨੁਸਾਰ ਨਵਾਬਸ਼ਾਹ ਸਿੰਧ ਪਧਾਰੇ। ਦੂਰ-ਦੂਰ ਤਕ ਗੁਰਮਤਿ ਦੀਵਾਨ ਸਜਾ ਕੇ ਆਪ ਜੀ ਨੇ ਸਿੰਧ ਦੀਆਂ ਸੰਗਤਾਂ ਨੂੰ ਨਾਮ-ਬਾਣੀ ਨਾਲ ਜੋੜਿਆ, ਫੋਕੇ ਕਰਮ-ਕਾਂਡਾਂ ਤੋਂ ਮੁਕਤ ਕੀਤਾ, ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਉਪਦੇਸ਼ ਰਾਹੀਂ ਸੱਚ ਦਾ ਜੀਵਨ ਜੀਉਣ ਦਾ ਸੁਨੇਹਾ ਘਰ-ਘਰ ਪਹੁੰਚਾਇਆ। ਮਾਤਾ ਜੀ ਨੇ ਇਸ ਕਾਰਜ ਵਿਚ ਤਨ, ਮਨ ਨਾਲ ਸੇਵਾ ਕਰਦਿਆਂ ਬੀਬੀਆਂ ਨੂੰ ਗੁਰਬਾਣੀ ਪੜ੍ਹਨੀ ਤੇ ਲਿਖਣੀ ਸਿਖਾਈ। ਜਿਸ ਸਮੇਂ ਬਾਬਾ ਜੀ ਚੰਡੀਗੜ੍ਹ ਸਕੱਤਰੇਤ ਵਿਚ ਨੌਕਰੀ ਕਰਦੇ ਸਨ ਤਾਂ ਸੈਕਟਰ 19 ਚੰਡੀਗੜ੍ਹ ਦੇ ਗੁਰਦਵਾਰਾ ਸਾਹਿਬ ਵਿਖੇ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਦੇ ਲਗਾਤਾਰ ਦੀਵਾਨ ਸਜਦੇ। ਆਪ ਜੀ ਦਾ ਨਿਵਾਸ ਬਾਬਾ ਜੀ ਦੇ ਗ੍ਰਹਿ ਵਿਖੇ ਹੁੰਦਾ। ਇਸ ਦੌਰਾਨ ਬੀਜੀ ਨੇ ਸੰਤ ਮਹਾਰਾਜ ਜੀ, ਸੇਵਕਾਂ ਅਤੇ ਸਾਧਸੰਗਤ ਦੀ ਰੱਜ ਕੇ ਸੇਵਾ ਕੀਤੀ।

ਇਸ ਤੋਂ ਵੀ ਵੱਡੀ ਸੇਵਾ ਦਾ ਅਵਸਰ ਓਦੋਂ ਮਿਲਿਆ ਜਦ ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਦੀ ਆਗਿਆ ਦਾ ਪਾਲਨ ਕਰਦਿਆਂ ਆਪ ਜੀ ਯੂ.ਪੀ ਦੇ ਫਾਰਮ ਹਾਊਸ ਵਿਖੇ ਖੇਤੀ ਕਰਨ ਚਲੇ ਗਏ। ਤਰਾਈ ਦੇ ਇਲਾਕੇ ਵਿਚ ਵਸੇ ਸਿੱਖ ਪਰਿਵਾਰ ਜੰਗਲਾਂ ਨੂੰ ਸਾਫ ਕਰਦਿਆਂ, ਜੰਗਲੀ ਜਾਨਵਰਾਂ ਨਾਲ ਭਿੜਦਿਆਂ, ਲੜਾਕੇ ਸੁਭਾਅ ਵਾਲੇ, ਸਿੱਖੀ ਤੋਂ ਦੂਰ, ਨਸ਼ਈ ਤੇ ਐਬੀ ਹੋ ਚੁੱਕੇ ਸਨ। ਬਾਬਾ ਜੀ ਅਤੇ ਬੀਜੀ ਨੇ ਦਿਨ ਰਾਤ ਇਕ ਕਰਕੇ ਲਗਾਤਾਰ ਗੁਰਮਤਿ ਦੀਵਾਨ ਸਜਾਏ। ਗੁਰੂ ਜੀ ਦੇ ਪਵਿੱਤਰ ਸੰਦੇਸ਼ ਘਰ-ਘਰ ਪਹੁੰਚਾਏ ਅਤੇ ਬੀਜੀ ਦੀ ਇਸ ਅਣਥੱਕ ਸੇਵਾ ਸਦਕਾ ਇਨ੍ਹਾਂ ਪਰਿਵਾਰਾਂ ਨੇ ਪੂਰਨ ਤੌਰ ਤੇ ਮੁੜ ਸਿੱਖੀ ਵਿਚ ਪ੍ਰਵੇਸ਼ ਕੀਤਾ। ਬੀਜੀ ਦੀ ਇਹ ਬਹੁਤ ਵੱਡੀ ਸੇਵਾ ਸੀ ਜਿਸਨੂੰ ਇਲਾਕਾ ਸਦਾ ਯਾਦ ਰਖੇਗਾ।

ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਆਗਿਆ ਲੈ ਕੇ ਬਾਬਾ ਜੀ ਫਾਰਮ ਵੇਚ ਕੇ ਮੁੜ ਚੰਡੀਗੜ੍ਹ, ਮੁਹਾਲੀ ਆ ਗਏ। ਕੁਝ ਵਰ੍ਹੇ ਮੋਹਾਲੀ ਦੀਵਾਨ ਸਜਦੇ ਰਹੇ ਅਤੇ ਗੁਰੂ ਕ੍ਰਿਪਾ ਸਦਕਾ ਜੁਲਾਈ 1986 ਵਿਚ ਰਤਵਾੜਾ ਸਾਹਿਬ ਹੋਂਦ ਵਿਚ ਆਇਆ ਜੋ ਗੁਰਮਤਿ ਪ੍ਰਚਾਰ ਤੇ ਪ੍ਰਸਾਰ ਦਾ

*(ਬਾਕੀ ਪੰਨਾ 53 'ਤੇ)*

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
## ਸੰਸਥਾ ਬਾਰੇ ਜਾਣਕਾਰੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਹੋਏ ਪੰਜ ਪਿਆਰੇ ਤੇ ਉਨ੍ਹਾਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਵਰੋਸਾਏ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੀ ਸੰਪਰਦਾਇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਦੀ, ਰਾੜਾ ਸਾਹਿਬ ਸੰਪਰਦਾਇ ਨਾਲ ਆ ਰਲਦੀ ਹੈ ਜਿਸਦੇ ਮੁਖੀ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਅਤੇ ਉਨ੍ਹਾਂ ਤੋਂ ਵਰੋਸਾਏ ਹੋਏ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਜਿਨ੍ਹਾਂ ਨੇ ਦੇਸ਼-ਵਿਦੇਸ਼ ਵਿਚ ਗੁਰਮਤਿ ਦੇ ਪ੍ਰਚਾਰ ਹਿਤ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਕਾਇਮ ਕਰਕੇ ਸੰਨ 1986 ਵਿਚ ਰਤਵਾੜਾ ਸਾਹਿਬ ਵਿਖੇ ਰਤਵਾੜਾ ਸਾਹਿਬ ਵਿਖੇ ਗੁਰਦੁਆਰਾ ਈਸ਼ਰ ਪ੍ਰਕਾਸ਼, ਸਥਾਪਿਤ ਕੀਤਾ। ਆਤਮ ਮਾਰਗ ਮੈਗਜ਼ੀਨ, ਧਾਰਮਿਕ ਪੁਸਤਕਾਂ, ਆਡੀਓ-ਵੀਡੀਓ ਕੈਸਟਾਂ ਰਾਹੀਂ ਅਤੇ ਰਤਵਾੜਾ ਸਾਹਿਬ ਹਫਤਾਵਾਰੀ ਦੀਵਾਨ ਅਤੇ ਦੂਰ-ਨੇੜੇ ਦੇ ਪਿੰਡਾਂ ਅਤੇ ਪਛੜਿਆਂ ਇਲਾਕਿਆਂ ਵਿਚ ਗੁਰਮਤਿ ਦੀਵਾਨ ਲਗਾ ਕੇ ਗੁਰਮਤਿ ਨੂੰ ਘਰ-ਘਰ ਪਹੁੰਚਾਇਆ ਜੋ ਨਿਰੰਤਰ ਜਾਰੀ ਹੈ। ਉੱਚ ਵਿਦਿਆ ਤੇ ਧਾਰਮਿਕ ਵਿਦਿਆ ਲਈ, ਸਕੂਲ ਤੇ ਕਾਲਜ ਸਥਾਪਿਤ ਕੀਤੇ ਅਤੇ ਪਿੰਡਾਂ ਦੀਆਂ ਲੋੜਵੰਦ ਗਰੀਬ ਬੱਚੀਆਂ ਲਈ ਸਿਲਾਈ-ਕਢਾਈ ਦਾ ਸਕੂਲ ਸਥਾਪਿਤ ਕੀਤਾ। ਇਸ ਤੋਂ ਇਲਾਵਾ ਬਜ਼ੁਰਗਾਂ ਲਈ ਬਿਰਧ ਆਸ਼ਰਮ ਤੇ ਬੀਮਾਰਾਂ ਦੇ ਇਲਾਜ ਲਈ ਹਸਪਤਾਲ ਕਾਇਮ ਕੀਤਾ। ਸਾਰੇ ਅਦਾਰੇ ਤੇ ਸੇਵਾਵਾਂ ਸਾਰੇ ਮੈਂਬਰਾਂ ਤੇ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ ਮੌਜੂਦਾ ਚੇਅਰਮੈਨ, ਬਾਬਾ ਲਖਬੀਰ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਭਲੀਭਾਂਤ ਤਰੱਕੀ ਦੇ ਰਾਹ ਤੇ ਚੱਲ ਰਹੀਆਂ ਹਨ।

'ਵਿਸ਼ਵ ਗੁਰਮਤਿ ਰੂਹਾਨੀ' ਇਨ੍ਹਾਂ ਤਿੰਨਾਂ ਸ਼ਬਦਾਂ ਦੇ ਬੜੇ ਡੂੰਘੇ ਭਾਵ ਬਣਦੇ ਹਨ ਵਿਸ਼ਵ ਭਾਵ ਸਾਰੀ ਸ੍ਰਿਸ਼ਟੀ ਸ਼ਬਦ ਦੇ ਆਸਰੇ ਖੜ੍ਹੀ ਹੈ ਤੇ ਚਲ ਰਹੀ ਹੈ। ਸੰਸਾਰ ਇਸ ਸ਼ਬਦ ਨੂੰ 'ਗੁਰੂ' ਧਾਰਨ ਕਰਕੇ 'ਗੁਰਮਤਿ' ਵਿਚ ਆ ਜਾਵੇ। ਫਿਰ ਆਤਮਿਕ ਤੌਰ ਤੇ ਸੁਖੀ ਹੋ ਜਾਵੇਗਾ। ਇਸੇ ਕਰਕੇ ਮਹਾਂਪੁਰਸ਼ਾਂ ਨੇ ਇਸ ਦਾ ਨਾਮ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰੱਖਿਆ ਹੈ।

## ਸੰਸਥਾ ਦੇ ਉਦੇਸ਼

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਰਾਹੀਂ ਪ੍ਰੇਰਣਾ ਦੇ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਦੇ ਲੜ ਲਾਉਣਾ।
2. ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਨਿਰੂਪਣ ਕਰਨ ਲਈ, ਧਾਰਮਿਕ ਵਿਦਿਆ ਅਤੇ ਗੁਰਮਤਿ ਸੰਗੀਤ (ਕੀਰਤਨ) ਲਈ ਵਿਦਿਆਲੇ ਖੋਲ੍ਹਣਾ।
3. ਸਿੱਖ ਇਤਿਹਾਸ ਅਤੇ ਸਮੂਹ ਮਹਾਂਪੁਰਸ਼ਾਂ ਦੇ ਜੀਵਨ ਤੇ ਹੋਰ ਧਰਮਾਂ ਦੇ ਅਧਿਐਨ ਸਬੰਧੀ ਵਿਦਿਅਕ ਅਦਾਰਾ ਸਥਾਪਿਤ ਕਰਨਾ।
4. ਵਿਦਿਆ ਅਤੇ ਖੇਡਾਂ ਦੇ ਖੇਤਰ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ। ਉੱਚ ਦਰਜੇ ਦੀ ਵਿਦਿਆ ਲਈ ਸਕੂਲ ਅਤੇ ਕਾਲਜ ਖੋਲ੍ਹਣੇ।
5. ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਹਰਿਆਲੀ ਭਰਪੂਰ ਕਰਨਾ, ਰੁੱਖ ਲਗਾਣੇ।
6. ਗਰੀਬ, ਅਪਾਹਜ, ਬੇਸਹਾਰਾ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਵਰਗਾਂ ਲਈ ਲੋੜੀਂਦੀ ਸਹਾਇਤਾ ਦੇਣਾ।
7. ਲੋੜਵੰਦ ਪਰਿਵਾਰਾਂ ਦੇ ਬੱਚੇ-ਬੱਚੀਆਂ ਦੀਆਂ ਸ਼ਾਦੀਆਂ ਲਈ ਆਰਥਿਕ ਸਹਾਇਤਾ ਤੇ ਲੋੜੀਂਦੀਆਂ ਵਸਤਾਂ ਦਾ ਪ੍ਰਬੰਧ ਕਰਨਾ।
8. ਮਰੀਜ਼ਾਂ ਦੇ ਸੁਚੱਜੇ ਇਲਾਜ ਲਈ ਆਧੁਨਿਕ ਤਕਨੀਕ ਨਾਲ ਲੈਸ ਹਸਪਤਾਲ ਸਥਾਪਿਤ ਕਰਨਾ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਲੋੜਵੰਦਾਂ ਲਈ ਫਰੀ ਦਵਾਈਆਂ ਅਤੇ ਡਾਕਟਰੀ ਸਹਾਇਤਾ ਦਾ ਪ੍ਰਬੰਧ ਕਰਨਾ।
9. ਕੁਦਰਤੀ ਆਫਤਾਂ ਭੁਚਾਲ , ਹੜ੍ਹ ਆਦਿ ਸਮੇਂ ਲੋੜਵੰਦਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ।
10. ਭਰੂਣ ਹੱਤਿਆ ਦੇ ਘੋਰ ਪਾਪ ਤੋਂ ਬਚਣ ਲਈ ਸਮਾਜ ਨੂੰ ਗੁਰਮਤਿ ਸਿਧਾਂਤਾਂ ਰਾਹੀਂ ਜਾਗਰੂਕ ਕਰਕੇ ਇਸਨੂੰ ਠੱਲ੍ਹ ਪਾਉਣੀ।
11. ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਤੋਂ ਛੁਟਕਾਰਾ ਦਿਵਾ ਕੇ ਉਹਨਾਂ ਨੂੰ ਸਿੱਖੀ ਦੇ ਅਮੀਰ ਵਿਰਸੇ ਨਾਲ ਜੋੜਨਾ।
12. ਦੇਸ਼ ਤੇ ਵਿਦੇਸ਼ ਵਿਚ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਸਿੱਖੀ ਵਿਰਸੇ ਨਾਲ ਜੋੜਨਾ।
13. ਰੁਜ਼ਗਾਰ ਪੱਖੋਂ ਆਤਮ ਨਿਰਭਰ ਬਣਨ ਲਈ ਵੱਖ-ਵੱਖ ਕਿੱਤਾਮਈ ਕੋਰਸਾਂ ਦੀ ਫਰੀ ਸਿਖਲਾਈ ਦੇਣੀ।

# ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ (1918-2001)
## ਬਾਨੀ-ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਆਪ ਜੀ ਦਾ ਜਨਮ ਪਿੰਡ ਧਮੋਟ, ਜ਼ਿਲਾ ਲੁਧਿਆਣਾ (ਪੰਜਾਬ) ਦੇ ਇਕ ਆਮ ਕਿਸਾਨ ਪਰਿਵਾਰ ਵਿਚ ਹੋਇਆ। ਪੂਰਬਲੇ ਜਨਮਾਂ ਦੀਆਂ ਕਮਾਈਆਂ ਤੇ ਸੰਸਕਾਰਾਂ ਸਦਕਾ ਆਪ ਜੀ ਨੇ ਪੰਜ ਸਾਲ ਦੀ ਉਮਰ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਲਿਆ। 18 ਸਾਲ ਦੀ ਉਮਰ ਤੱਕ ਆਪ ਪੜ੍ਹਾਈ ਲਿਖਾਈ ਅਤੇ ਘਰੇਲੂ ਕੰਮ ਕਰਦੇ ਹੋਏ ਵੀ ਵੱਧ ਤੋਂ ਵੱਧ ਸਮਾਂ ਨਾਮ ਸਿਮਰਨ ਵਿਚ ਬਿਤਾਉਂਦੇ ਸੀ। ਇਸੇ ਕਰਕੇ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਆਪ ਜੈਸੇ ਅਮੋਲਕ ਹੀਰੇ ਨੂੰ ਪਹਿਲੀ ਮਿਲਣੀ ਵਿਚ ਹੀ ਪਰਖ ਕੇ ਇਹ ਬਚਨ ਕੀਤਾ ਸੀ 'ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ।' ਉਨ੍ਹਾਂ ਦੇ ਹੁਕਮ ਤੇ ਸਹਿਜ ਵਿਚ ਰਹਿ ਕੇ ਆਪ ਜੀ ਨੇ ਸਾਰਾ ਜੀਵਨ ਬਤੀਤ ਕੀਤਾ। ਭਰ ਜੁਆਨੀ ਵਿਚ ਸਿੰਧ ਵਿਖੇ ਗੁਰਮਤਿ ਪ੍ਰਚਾਰ ਕੀਤਾ, ਫੇਰ ਸੈਕਟਰੀਏਟ ਸਰਵਿਸ ਕੀਤੀ ਅਤੇ ਚੰਡੀਗੜ੍ਹ ਦੀਵਾਨ ਸਜਾਂਦੇ ਰਹੇ। ਮਹਾਂਪੁਰਸ਼ਾਂ ਦਾ ਹੁਕਮ ਪਾ ਕੇ ਯੂ.ਪੀ ਵਿਚ ਫਾਰਮ ਆਬਾਦ ਕੀਤਾ ਤੇ ਖੇਤੀ-ਬਾੜੀ ਕਰਦੇ ਹੋਏ ਨਾਲ-ਨਾਲ ਕਥਾ-ਕੀਰਤਨ ਦੁਆਰਾ ਗੁਰਮਤਿ ਉਪਦੇਸ਼ ਦੇ ਕੇ ਲੱਖਾਂ ਪ੍ਰਾਣੀਆਂ ਨੂੰ ਨਸ਼ੇ, ਚੋਰੀਆਂ ਤੋਂ ਹਟਾ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਸ਼ਬਦ' ਗੁਰੂ ਦੇ ਲੜ ਲਾਇਆ। ਜਿਥੇ ਕਿਤੇ ਵੀ ਆਪ ਨੇ ਕੰਮ ਕੀਤਾ, ਆਪਣੀ ਮਿਸਾਲ ਕਾਇਮ ਕਰ ਦਿਤੀ। ਜੇ ਸਿੰਧ ਵਿਚ ਰਹੇ ਤਾਂ ਉਥੇ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਸਭ ਨਾਲ ਇਕੋ ਜਿਹਾ ਪਿਆਰ ਭਰਿਆ ਵਰਤਾਰਾ ਕੀਤਾ, ਜੇ ਸੈਕਟਰੀਏਟ ਸਰਵਿਸ ਕੀਤੀ ਤਾਂ ਦਿਨ-ਰਾਤ ਤਨਦੇਹੀ ਨਾਲ ਦਫਤਰੀ ਕੰਮ ਨੂੰ ਨਿਬੇੜਿਆ ਤਾਂਕਿ ਗਰੀਬ ਲੋਕਾਂ ਨਾਲ ਕੋਈ ਧੱਕਾ ਨਾ ਹੋਵੇ ਜਿਸ ਦੇ ਫਲਸਰੂਪ ਆਪ ਜੀ ਨੂੰ ਕਮਿਸ਼ਨਰ ਫਲੈਚਰ ਵਲੋਂ ਸਪੈਸ਼ਲ ਸਨਮਾਨ ਪੱਤਰ ਦਿਤਾ ਗਿਆ। ਇਸ ਤੋਂ ਪਹਿਲਾਂ ਜਦੋਂ ਪਟਿਆਲੇ ਫੌਜ ਵਿਚ ਸਰਵਿਸ ਕੀਤੀ ਉਥੇ ਵੀ ਰਿਸ਼ਵਤ ਲੈਣ ਤੋਂ ਨਾਂਹ ਕਰਕੇ ਸੱਚ 'ਤੇ ਪਹਿਰਾ ਦਿਤਾ ਜਿਸ ਤੋਂ ਅਫਸਰਾਂ ਨੂੰ ਵੀ ਚੰਗੀ ਸਿਖਿਆ ਪ੍ਰਾਪਤ ਹੋਈ। ਜੇ ਯੂ.ਪੀ ਫਾਰਮਿੰਗ ਦਾ ਕੰਮ ਕੀਤਾ ਤਾਂ ਨਾਲ-ਨਾਲ ਦਿਨ ਰਾਤ ਗੁਰਮਤਿ ਦੀਵਾਨ ਲਗਦੇ ਜਿਸ ਵਿਚ ਆਪ ਆਪਣੀ ਟਰੈਕਟਰ-ਟਰਾਲੀ ਦੁਆਰਾ ਸੰਗਤਾਂ ਨੂੰ ਲੈ ਕੇ ਜਾਂਦੇ ਸਨ। ਇਸੇ ਕਰਕੇ ਸੰਤ ਮਹਾਰਾਜ ਰਾੜਾ ਸਾਹਿਬ ਵਾਲੇ ਜਦੋਂ ਯੂ.ਪੀ ਦੇ ਦੀਵਾਨਾਂ ਵਿਚ ਆਪ ਦੇ ਫਾਰਮ 'ਤੇ ਚਰਨ ਪਾਉਣ ਆਏ ਤਾਂ ਆਪ ਦਾ ਨਾਮ ਲੈ ਕੇ ਬਚਨ ਕੀਤਾ ਕਿ 'ਵਰਿਆਮ ਸਿੰਘ! ਫਕੀਰੀ ਤੇਰੀ, ਫਕੀਰੀ ਤੇਰੀ, ਫਕੀਰੀ ਤੇਰੀ।'' ਭਾਵ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਪੂਰਨ ਸੰਤ ਵੀ ਹੋ। ਸੰਤ ਮਹਾਰਾਜ ਜੀ ਦਾ ਹੁਕਮ ਪਾ ਕੇ ਤੁਰੰਤ ਹੀ ਫਾਰਮ ਵੇਚ ਦਿਤਾ ਤੇ 1978 ਵਿਚ ਚੰਡੀਗੜ੍ਹ ਆ ਗਏ ਜਿਥੇ ਆਲੇ-ਦੁਆਲੇ ਰੋਪੜ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਪਹਿਲਾ ਦੀਵਾਨ, ਪਿੰਡ ਸਾਰੰਗਪੁਰ (ਚੰਡੀਗੜ੍ਹ) ਵਿਚ ਲਾਇਆ। ਫੇਰ ਮੁੜ ਕੇ ਪਿੱਛੇ ਨਹੀਂ ਦੇਖਿਆ ਤੇ ਪਿੰਡ-ਪਿੰਡ ਤੇ ਘਰ-ਘਰ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਜਦੋਂ ਰੋਪੜ ਜ਼ਿਲੇ ਦੇ ਪ੍ਰੇਮੀ ਆ ਕੇ ਕਹਿੰਦੇ ਕਿ ਸਾਡਾ ਜ਼ਿਲਾ ਪਛੜਿਆ ਹੈ ਤਾਂ ਆਪ ਬਚਨ ਕਰਦੇ ਕਿ ਰੋਪੜ ਸਿੱਖੀ ਵਿਚ ਸਭ ਤੋਂ ਅੱਗੇ ਹੋਵੇਗਾ।

ਇਥੇ ਦੇਸ਼ ਵਿਚ ਹੀ ਨਹੀਂ, ਅਮਰੀਕਾ, ਕੈਨੇਡਾ, ਇੰਗਲੈਂਡ, ਵਿਚ ਵੀ ਪ੍ਰਚਾਰ ਕਰਕੇ ਅਨੇਕਾਂ ਪ੍ਰਾਣੀਆਂ ਨੂੰ 'ਸ਼ਬਦ ਗੁਰੂ' ਦੇ ਲੜ ਲਾਇਆ। ਆਪ ਜੀ ਨੇ ਮਿਸਾਲ ਕਾਇਮ ਕੀਤੀ ਤੇ ਕਦੀ ਵੀ ਕਿਸੇ ਗੁਰੂ ਘਰ ਤੋਂ ਮਾਇਕ ਸਿਰੋਪਾ ਸਵੀਕਾਰ ਨਹੀਂ ਕੀਤਾ। ਜੋ ਸਹਿਜ ਸੁਭਾਅ ਮਾਇਆ ਆਈ ਉਸ ਨੂੰ ਸੰਗਤਾਂ ਦੇ ਭਲੇ ਲਈ ਤੇ ਗੁਰੂ ਕੇ ਲੰਗਰ ਵਾਸਤੇ ਖਰਚ ਕੀਤਾ। ਆਪ ਜੀ 31 ਅਕਤੂਬਰ 2001 ਵਿਚ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੀਆਂ ਸਾਰੀਆਂ ਸੇਵਾਵਾਂ ਬਾਬਾ ਲਖਬੀਰ ਸਿੰਘ ਜੀ ਨੂੰ ਸੌਂਪ ਕੇ ਪੰਜ ਭੂਤਕ ਸਰੀਰ ਤਿਆਗ ਕੇ ਸਚਖੰਡ ਜਾ ਬਿਰਾਜੇ ਗਏ।





# ਮਾਤਾ ਰਣਜੀਤ ਕੌਰ ਜੀ
## (1918-2013)

ਆਪ ਜੀ ਦਾ ਜਨਮ ਪਿੰਡ ਦਾਊਦਪੁਰ, ਜ਼ਿਲਾ ਲੁਧਿਆਣਾ ਸੰਤ ਹੀਰਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਜੋ ਬਹੁਤ ਬੰਦਗੀ ਵਾਲੇ ਸਨ ਤੇ ਜਿਨ੍ਹਾਂ ਨੂੰ ਗੁਰਮੁਖ ਪਿਆਰੇ ਮਹਾਂਪੁਰਸ਼ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਪ੍ਰਾਪਤ ਸੀ। ਮਾਤਾ ਜੀ ਦੇ ਜਨਮ ਤੋਂ ਪਹਿਲਾਂ ਦੀ ਗੱਲ ਹੈ ਕਿ ਸੰਤ ਮਹਾਰਾਜ ਜੀ ਦੇ ਪਿਤਾ ਸਤਿਕਾਰਯੋਗ ਬਾਬਾ ਕਰਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਅਖੰਡਪਾਠ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੰਤ ਹੀਰਾ ਸਿੰਘ ਜੀ ਵੀ ਆਏ ਸਨ। ਉਥੇ ਉਨ੍ਹਾਂ ਨੇ ਭਵਿੱਖਤ ਬਚਨ ਕੀਤਾ ਕਿ ਸਾਡੇ ਗ੍ਰਹਿ ਵਿਖੇ ਇਕ ਬੱਚੀ ਨੇ ਜਨਮ ਲੈਣਾ ਹੈ ਤੇ ਤੁਹਾਡੇ ਗ੍ਰਹਿ ਇਕ ਬੱਚੇ ਨੇ ਜਨਮ ਲੈਣਾ ਹੈ, ਉਨ੍ਹਾਂ ਦੋਵਾਂ ਦਾ ਧੁਰ ਦਾ ਸੰਜੋਗ ਹੈ। ਉਹ ਬੰਦਗੀ ਵਾਲੇ ਹੋਣਗੇ ਤੇ ਸਿੱਖੀ ਦਾ ਪ੍ਰਚਾਰ ਕਰਨਗੇ। ਸੋ ਬੀਜੀ ਸਹਿਜ ਸੁਭਾਅ ਹੀ ਗੁਰਸਿੱਖੀ ਦੇ ਸੁਨਹਿਰੀ ਅਸੂਲਾਂ ਦੇ ਧਾਰਨੀ ਸਨ। ਸਾਰੀ ਸੰਗਤ ਉਨ੍ਹਾਂ ਨੂੰ ਪਿਆਰ ਨਾਲ 'ਬੀਜੀ' ਕਹਿ ਕੇ ਸੰਬੋਧਤ ਕਰਦੀ ਸੀ।

ਆਪ ਜੀ ਨੇ ਸੰਤ ਮਹਾਰਾਜ ਜੀ ਦਾ ਹਰ ਖੇਤਰ ਵਿਚ ਪੂਰਾ-ਪੂਰਾ ਸਾਥ ਦਿਤਾ ਤੇ ਬਚਨ ਕੀਤਾ ਕਿ ਤੁਸੀਂ 'ਭਗਤੀ ਕਰੋ' ਮੈਂ ਕਦੀ ਵੀ ਵਿਘਨਕਾਰੀ ਨਹੀਂ ਬਣਾਂਗੀ। ਜੇ ਆਪ ਸਿੰਧ ਗਏ ਤਾਂ ਉਥੇ ਬਜ਼ੁਰਗਾਂ ਅਤੇ ਬੱਚਿਆਂ ਨੂੰ ਗੁਰਮੁਖੀ ਸਿਖਾ ਕੇ, ਸੰਥਿਆ ਦੇ ਕੇ ਗੁਰਬਾਣੀ ਦਾ ਪਾਠ ਕਰਨ ਦੇ ਯੋਗ ਬਣਾਇਆ। ਜੇ ਯੂ.ਪੀ ਫਾਰਮ ਤੇ ਰਹੇ ਉਥੇ ਫਾਰਮ ਤੇ ਰਹਿ ਕੇ ਜਿਥੇ ਖੇਤੀਬਾੜੀ ਵਿਚ ਸਾਥ ਦਿਤਾ ਉਥੇ ਗੁਰਮਤਿ ਪ੍ਰਚਾਰ ਵਿਚ ਵੀ ਬੀਬੀਆਂ ਭਾਈਆਂ ਨੂੰ ਦੀਵਾਨ ਵਿਚ ਬੈਠਣ ਤੇ ਕੀਰਤਨ ਉਪਦੇਸ਼ ਸੁਨਣ ਦੇ ਢੰਗ ਸਿਖਾਏ। ਬੀਬੀਆਂ ਨੂੰ ਫਜ਼ੂਲ ਵਹਿਮਾਂ ਤੋਂ ਹਟਾ ਕੇ ਗੁਰਬਾਣੀ ਤੇ ਭਰੋਸਾ ਕਰਨ ਦੀ ਪ੍ਰੇਰਨਾ ਦਿੰਦੇ। ਇਸੇ ਤਰ੍ਹਾਂ ਜਦੋਂ ਚੰਡੀਗੜ੍ਹ ਆਏ ਤਾਂ ਉਥੇ ਵੀ ਸੰਗਤਾਂ ਨੂੰ ਨਸ਼ਿਆਂ, ਤਮਾਕੂ ਆਦਿ ਦੇ ਤਿਆਗ ਕਰਨ, ਮੜ੍ਹੀਆਂ-ਮਸਾਣੀਆਂ ਨੂੰ ਪੂਜਣ ਤੋਂ ਵਰਜ ਕੇ ਨਾਮ-ਬਾਣੀ ਦੀ ਪ੍ਰੇਰਨਾ ਦੇ ਕੇ ਗੁਰੂ ਘਰ ਨਾਲ ਜੋੜਿਆ।

ਆਪ ਜੀ ਪਿਆਰ ਦੀ ਮੂਰਤ ਤੇ ਸੰਗਤ ਲਈ ਪ੍ਰੇਰਨਾ ਦਾ ਸਰੋਤ ਸਨ। ਜੋ ਗਲਤ ਦਿਸਦਾ ਉਸ ਨੂੰ ਮਿੱਠੀ ਤਾੜਨਾ ਵੀ ਕਰ ਦਿਆ ਕਰਦੇ ਸਨ। ਸੰਤ ਮਹਾਰਾਜ ਜੀ ਦੇ ਸਰੀਰ ਤਿਆਗਣ ਤੋਂ ਬਾਅਦ ਵੀ ਉਹ ਮਿਸ਼ਨ ਦੇ ਕਾਰਜਾਂ ਨੂੰ ਆਪਣੀ ਸੁਚੱਜੀ ਸੇਧ ਦੇ ਕੇ ਅੱਗੇ ਤੋਰਦੇ ਰਹੇ ਤਾਂਕਿ ਸੰਤ ਮਹਾਰਾਜ ਦਾ ਚਲਾਇਆ ਮਿਸ਼ਨ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ। 1 ਨਵੰਬਰ 2013 ਨੂੰ ਆਪਣੇ ਪੰਜ ਭੂਤਕ ਸਰੀਰ ਦਾ ਤਿਆਗ ਕਰਕੇ ਉਹ ਸਚਖੰਡ ਦੇ ਵਾਸੀ ਬਣ ਗਏ। ਸੰਗਤ ਹਮੇਸ਼ਾ ਉਨ੍ਹਾਂ ਵੱਲੋਂ ਮਿਲਦੇ 'ਮਾਵਾਂ' ਵਾਲੇ ਪਿਆਰ ਨੂੰ ਸਲਾਹੁੰਦੀ ਤੇ ਤਰਸਦੀ ਹੈ।



## ਟਰੱਸਟ ਦੇ ਮੌਜੂਦਾ ਚੇਅਰਮੈਨ

# ਬਾਬਾ ਲਖਬੀਰ ਸਿੰਘ ਜੀ

ਆਪ ਜੀ ਦਾ ਜਨਮ ਜ਼ਿਲਾ ਸਿਆਲਕੋਟ ਦੇ ਇਕ ਆਮ ਕਿਸਾਨ ਪਰਿਵਾਰ ਵਿਚ ਹੋਇਆ ਤੇ ਦੇਸ਼ ਦੀ ਵੰਡ ਮਗਰੋਂ ਜ਼ਿਲਾ ਗੁਰਦਾਸਪੁਰ ਦੇ ਪਿੰਡ ਜਾਂਡਲਾ ਵਿਖੇ ਵਸ ਗਏ। ਮੁੱਢਲੀ ਵਿਦਿਆ ਆਪ ਜੀ ਨੇ ਇਥੋਂ ਹੀ ਪ੍ਰਾਪਤ ਕੀਤੀ। ਉਪਰੰਤ ਸਾਰਾ ਪਰਿਵਾਰ ਯੂ.ਪੀ ਚਲਾ ਗਿਆ ਜਿਥੇ ਖੇਤੀਬਾੜੀ ਕਰਦਿਆਂ ਗੁਰਮਤਿ ਦੇ ਸੁਨਿਹਰੀ ਅਸੂਲਾਂ ਦੀ ਪਾਲਣਾ ਕਰਦੇ ਹੋਏ ਸੇਵਾ-ਸਿਮਰਨ ਤੇ ਨਿਤਨੇਮ ਵਿਚ ਲਿਵਲੀਨ ਰਹਿੰਦੇ। ਉਥੇ ਹੀ ਆਪ ਦਾ ਮਿਲਾਪ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਨਾਲ ਹੋਇਆ ਤੇ ਉਨ੍ਹਾਂ ਦੀ ਧਾਰਮਿਕ ਤੇ ਰੂਹਾਨੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ, ਉਨ੍ਹਾਂ ਵਲੋਂ ਚਲਾਈ ਜਾ ਰਹੀ ਗੁਰਮਤਿ ਪ੍ਰਚਾਰ ਦੀ ਮੁਹਿੰਮ ਵਿਚ ਪੂਰੀ ਤਨਦੇਹੀ ਨਾਲ ਸੇਵਾ ਤੇ ਸਿਮਰਨ ਵਿਚ ਜੁੱਟ ਗਏ। ਜਿਥੇ ਕਿਤੇ ਵੀ ਉਨ੍ਹਾਂ ਦੇ ਦੀਵਾਨ ਹੁੰਦੇ ਆਪ ਪਹਿਲਾਂ ਪਹੁੰਚ ਕੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ। 1978 ਵਿਚ ਮਹਾਂਪੁਰਸ਼ ਫਾਰਮ ਵੇਚ ਕੇ ਚੰਡੀਗੜ੍ਹ ਆ ਗਏ ਤਾਂ ਵੀ ਆਪ ਸੰਗਤਾਂ ਦੀ ਸੇਵਾ ਕਰਦੇ ਰਹਿੰਦੇ ਅਤੇ ਮਹਾਂਪੁਰਖਾਂ ਦੇ ਹੁਕਮ ਅਨੁਸਾਰ ਯੂ.ਪੀ ਵਿਚ ਦੀਵਾਨ ਲਗਾ ਕੇ ਗੁਰਮਤਿ ਪ੍ਰਚਾਰ ਕਰਦੇ ਰਹੇ। 1986 ਵਿਚ ਜਦੋਂ ਹਾਲੇ ਰਤਵਾੜਾ ਸਾਹਿਬ ਦੀ ਕਾਰ ਸੇਵਾ ਸ਼ੁਰੂ ਹੋਣੀ ਸੀ ਤਾਂ ਮਹਾਂਪੁਰਸ਼ਾਂ ਨੇ ਪੱਤਰ ਭੇਜ ਕੇ ਆਪ ਜੀ ਨੂੰ ਬੁਲਾਵਾ ਭੇਜਿਆ ਜਿਸ ਵਿਚ ਲਿਖਿਆ ਸੀ 'ਤੁਸੀਂ ਦੁਨਿਆਵੀ ਕੰਮਾਂ ਲਈ ਸੰਸਾਰ 'ਤੇ ਨਹੀਂ ਆਏ, ਗੁਰੂ ਮਹਾਰਾਜ ਜੀ ਨੇ ਤੁਹਾਥੋਂ ਬਹੁਤ ਵੱਡੀ ਸੇਵਾ ਲੈਣੀ ਹੈ।' ਹੁਕਮ ਅੱਗੇ ਸੀਸ ਝੁਕਾਉਂਦੇ ਹੋਏ, ਆਪ ਸਰਵਿਸ ਦਾ ਤਿਆਗ ਤੇ ਦੁਨਿਆਵੀ ਧੰਦੇ ਸੰਕੋਚ ਕੇ ਰਤਵਾੜਾ ਸਾਹਿਬ ਆ ਗਏ - 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥' ਦੇ ਹੁਕਮ ਅਨੁਸਾਰ ਪੂਰਨ ਤੌਰ ਤੇ ਨਿਸ਼ਕਾਮ ਹੋ ਕੇ ਆਪਣਾ ਸਮੁੱਚਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੇ ਪ੍ਰਚਾਰ ਹਿਤ, ਮਹਾਂਪੁਰਸ਼ਾਂ ਤੇ ਸੰਗਤਾਂ ਦੀ ਸੇਵਾ ਲਈ ਸਮਰਪਿਤ ਕਰ ਦਿਤਾ। ਗੁਰਮਤਿ ਦੀਵਾਨਾਂ ਵਿਚ ਸ਼ਬਦ ਗਾਇਨ ਕਰਦਿਆਂ ਆਪ ਦੀ ਮਿੱਠੀ ਤੇ ਸੁਰੀਲੀ ਲੈਅ ਸੰਤ ਮਹਾਰਾਜ ਜੀ ਵਾਂਗੂੰ ਵਾਤਾਵਰਣ ਨੂੰ ਪਵਿੱਤਰ ਕਰਦੀ ਹੋਈ, ਐਸੀ ਰਸ ਤੇ ਅਨੰਦ ਦਿੰਦੀ ਹੈ ਕਿ ਸਰੋਤੇ ਆਪ ਮੁਹਾਰੇ ਮੁਗਧ ਹੋ ਕੇ ਗੁਰਸਿੱਖੀ ਜੀਵਨ ਵਲ ਪ੍ਰੇਰਿਤ ਹੋ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ ਇਹ ਸਾਰੀ ਬਖਸ਼ਿਸ਼ ਪਿਆਰੇ ਮਹਾਂਪੁਰਸ਼ਾਂ ਤੇ ਸਤਿਕਾਰਯੋਗ ਬੀਜੀ ਵਲੋਂ ਹੋਈ ਹੈ। ਮਹਾਂਪੁਰਸ਼ਾਂ ਦੇ ਸਰੀਰ ਤਿਆਗਣ ਸਮੇਂ ਉਪਰੰਤ ਰਤਵਾੜਾ ਸਾਹਿਬ ਦੇ ਸਾਰੇ ਕਾਰਜਾਂ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ।

ਦੇਸ਼ ਭਰ ਵਿਚ ਭਿੰਨ-ਭਿੰਨ ਥਾਵਾਂ ਤੇ ਆਪ ਦੇ ਦੀਵਾਨ ਲਗਦੇ ਰਹਿੰਦੇ ਹਨ ਤੇ ਵਿਦੇਸ਼ਾਂ ਤੋਂ ਸੰਗਤਾਂ ਦੇ ਬੁਲਾਵੇ ਤੇ ਜਿਵੇਂ ਸੰਤ ਮਹਾਰਾਜ ਪ੍ਰਚਾਰ ਫੇਰੀ ਲਈ ਜਾਂਦੇ ਸੀ, ਆਪ ਵਿਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਹਿਤ ਅਕਸਰ ਜਾਂਦੇ ਰਹਿੰਦੇ ਹਨ। ਟਰੱਸਟ ਦੇ ਸਾਰੇ ਕਾਰਜਾਂ ਨੂੰ ਸਾਰੇ ਮੈਂਬਰਾਂ, ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਹੂਬਹੂ ਉਨ੍ਹਾਂ ਲੀਹਾਂ 'ਤੇ ਤੌਰ ਰਹੇ ਹਨ ਜਿਵੇਂ ਪਿਆਰੇ ਮਹਾਂਪੁਰਸ਼ ਚਲਾਉਂਦੇ ਹੁੰਦੇ ਸੀ। ਆਪ ਦੇ ਜੁੱਸੇ ਦੀ ਬਣਤਰ ਪੁਰਾਣੇ ਸਿੰਘ ਜੋਧਿਆਂ ਵਰਗੀ ਹੈ ਅਤੇ ਸੁਭਾਅ ਬਹੁਤ ਕੋਮਲ ਹੈ। ਸਭ ਨਾਲ ਪਿਆਰ ਤੇ ਹਮਦਰਦੀ ਕਰਨ ਵਾਲੇ, ਸਭ ਦੀ ਮਦਦ ਕਰਨ ਵਾਲੇ ਸਭ ਦੀਆਂ ਸਮੱਸਿਆਵਾਂ ਨਜਿੱਠਣ ਵਾਲੇ, ਸਭ ਨਾਲ ਮਿੱਠਾ ਬੋਲਣ ਵਾਲੇ, ਕਦੀ ਕਿਸੇ ਨਾਲ ਨਰਾਜ਼ ਨਹੀਂ ਹੁੰਦੇ, ਸਭ ਨਾਲ ਸਹਿਜ ਵਿਚ ਵਰਤਦੇ ਹਨ। ਇਸੇ ਕਰਕੇ, ਸਾਰੇ ਅਦਾਰੇ ਜੋ ਮਹਾਂਪੁਰਸ਼ਾਂ ਨੇ ਸ਼ੁਰੂ ਕੀਤੇ ਸਨ, ਉਨ੍ਹਾਂ ਨੂੰ ਕੇਵਲ ਅੱਗੇ ਹੀ ਨਹੀਂ ਤੋਰਿਆ ਸਗੋਂ ਦਿਨੋ-ਦਿਨ ਤਰੱਕੀ ਦੇ ਰਾਹ 'ਤੇ ਵੱਡੀਆਂ ਉਲਾਂਘਾਂ ਭਰ ਰਹੇ ਹਨ।

ਜਿਸ ਤਰ੍ਹਾਂ ਆਪ ਜੀ ਨੂੰ ਸੰਗਤ ਦਾ ਪਿਆਰ ਤੇ ਸਹਿਯੋਗ ਪ੍ਰਾਪਤ ਹੈ ਉਸੇ ਤਰ੍ਹਾਂ ਟਰੱਸਟ ਦੇ ਅਹੁਦੇਦਾਰ ਸਾਥੀਆਂ ਬਾਬਾ ਕਰਨੈਲ ਸਿੰਘ ਜੀ (ਸ੍ਰੀ ਮਾਨ), ਬਾਬਾ ਹਰਪਾਲ ਸਿੰਘ ਜੀ ਅਤੇ ਵਿਦੇਸ਼ਾਂ ਵਿਚ ਸੇਵਾ ਨਿਭਾ ਰਹੀਆਂ ਸਤਿਕਾਰਤ ਹਸਤੀਆਂ, ਮੈਂਬਰਾਂ ਤੇ ਲੋਕਲ ਪ੍ਰਬੰਧਕਾਂ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ।

# ਸੰਸਥਾਂ ਦੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ





ਰਤਵਾੜਾ ਸਾਹਿਬ ਨੇੜੇ ਨਗਰ ਚਾਹੜਮਾਜਰਾ ਵਿਖੇ ਮਹਾਂਪੁਰਸ਼ ਮਸਜਿਦ ਦੀ ਨੀਂਹ ਆਪਣੇ ਕਰ ਕਮਲਾਂ ਦੁਆਰਾ ਰੱਖਦੇ ਹੋਏ।

### 1. ਧਾਰਿਮਕ ਖੇਤਰ ਦੀਆਂ ਸੇਵਾਵਾਂ

- ਪਿੰਡ ਚਾਹੜ ਮਾਜਰਾ ਵਿਖੇ ਇਸਲਾਮ ਵਿਚ ਅਕੀਦਾ ਰੱਖਣ ਵਾਲੇ ਭਰਾਵਾਂ ਲਈ ਮਸਜਿਦ ਦੀ ਉਸਾਰੀ ਕਰਕੇ ਗੁਰਬਾਣੀ ਦੇ ਇਸ ਫੁਰਮਾਨ ਨੂੰ ਸਾਕਾਰ ਕੀਤਾ - 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥' ਜਦੋਂ ਕੈਲੀਫੋਰਨੀਆਂ ਸਟੈਨਫੋਰਡ ਯੂਨੀਵਰਸਿਟੀ ਦੇ ਈਰਾਨੀ ਪ੍ਰੋਫੈਸਰ ਅਲੀ ਵਰਫਿਦ ਨੂੰ ਪਤਾ ਲੱਗਾ ਤਾਂ ਉਸ ਨੇ ਮਹਾਂਪੁਰਸ਼ਾਂ ਨੂੰ ਝੁਕ ਕੇ ਸਿਜਦਾ ਕੀਤਾ ਤੇ ਕਿਹਾ ਕਿ ਸਿੱਖ ਧਰਮ ਦੀ ਫਿਲਾਸਫੀ ਵਿਚ ਕੋਈ ਨਫਰਤ ਨਹੀਂ, ਸਭ ਵਿਚ ਅੱਲਾ ਦਾ ਨੂਰ ਵੇਖਿਆ ਜਾਂਦਾ ਹੈ।

- ਕੈਲੀਫੋਰਨੀਆਂ ਦੇ ਸਨੀਵੇਲ ਵਿਚ ਸੰਤ ਮਹਾਰਾਜ ਦੇ ਦੀਵਾਨਾਂ ਵਿਚ ਹਿੰਦੂ ਟੈਂਪਲ ਦੇ ਪੁਜਾਰੀ ਤੇ ਹਿੰਦੂ ਵੀਰ ਬੜੀ ਸ਼ਰਧਾ ਨਾਲ ਹਾਜ਼ਰੀ ਭਰਦੇ ਸੀ ਤੇ ਲੰਗਰਾਂ ਵਿਚ ਸੇਵਾ ਕਰਦੇ ਸੀ।

- 29 ਜੁਲਾਈ 1986 ਨੂੰ ਰਤਵਾੜਾ ਸਾਹਿਬ ਅਸਥਾਨ ਦੀ ਕਾਰਸੇਵਾ ਸ਼ੁਰੂ ਹੋਈ।

- 1999 ਵਿਚ 26 ਜਨਵਰੀ ਨੂੰ ਪਿਆਰੇ ਮਹਾਂਪੁਰਸ਼ਾਂ ਨੇ ਇਸ ਪਛੜੇ ਹੋਏ ਇਲਾਕੇ ਵਿਚ 'ਗੁਰਦੁਆਰਾ ਈਸ਼ਰ ਪ੍ਰਕਾਸ਼' ਦੀ ਨੀਂਹ ਗੁਰੂ ਘਰ ਦੇ ਪੰਜ ਪਿਆਰਿਆਂ ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ (ਸ੍ਰੀ ਮਾਨ ਜੀ), ਸੰਤ ਬਾਬਾ ਜਸਵੰਤ ਸਿੰਘ ਜੀ ਦਬਲਾਨ, ਸੰਤ ਬਾਬਾ ਸਾਧੂ ਸਿੰਘ ਜੀ ਸੰਗਰੂਰ, ਸੰਤ ਪਰਮਜੀਤ ਸਿੰਘ ਜੀ ਮਾਹਲਪੁਰ, ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਦੇ ਕਰ ਕਮਲਾਂ ਤੋਂ ਰਖਵਾ ਕੇ ਗੁਰਮਤਿ ਪ੍ਰਚਾਰ ਦਾ ਕੇਂਦਰ ਕਾਇਮ ਕੀਤਾ ਤਾਕਿ ਇਸ ਕੇਂਦਰ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਸਿਧਾਂਤਾਂ ਦੀ ਮਹਿਕ ਦੇਸ਼-ਵਿਦੇਸ਼ਾਂ ਤੱਕ ਸਦਾ ਵਾਸਤੇ ਪਹੁੰਚਦੀ ਰਹੇ।

- ਆਪ ਦੀ ਰੂਹਾਨੀਅਤ ਤੋਂ ਪ੍ਰਭਾਵਿਤ ਹੋ ਕੇ ਸਾਰੇ ਵਰਗਾਂ ਪ੍ਰਤੀ ਪ੍ਰੇਮ ਦੀ ਮਹਿਕ ਜਦੋਂ ਦੇਹਰਾਦੂਨ ਪਹੁੰਚੀ ਤਾਂ ਸੰਸਾਰ ਪ੍ਰਸਿੱਧ ਯੋਗੀ ਸਵਾਮੀ ਰਾਮ ਜੀ, ਮਹਾਂਪੁਰਸ਼ਾਂ ਨੂੰ ਮਿਲਣ ਵਾਸਤੇ ਰਤਵਾੜਾ ਸਾਹਿਬ ਆਏ ਤੇ ਪਹਿਲੀ ਮਿਲਣੀ ਤੋਂ ਬਾਅਦ ਉਨ੍ਹਾਂ ਨੇ ਐਸੇ ਬਚਨ ਕੀਤੇ ਕਿ 'ਹਮ ਗਲੇ ਤਕ ਭਰ ਗਏ, ਸੰਤ ਜੀ ਕੋ ਮਿਲ ਕਰ ਹਮਨੇ ਖਜ਼ਾਨਾ ਲੂਟ ਲੀਆ ਹੈ, ਮਨ ਕੋ ਸ਼ਾਂਤੀ ਆ ਗਈ ਹੈ। ਸੰਤ ਜੀ ਗਿਆਨ ਕਾ ਸੂਰਜ ਹੈਂ, ਪਿਆਰ ਕਾ ਸਾਗਰ ਹੈਂ। ਐਸੇ ਸੀਧੇ-ਸਾਦੇ ਸੰਤ ਪਹਿਲੇ ਕਹੀਂ ਨਹੀਂ ਦੇਖੇ।' ਗੁਰਮਤਿ ਸਮਾਗਮ ਦੇ ਅੰਦਰ ਲੱਖਾਂ ਦੇ ਇਕੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਐਸੇ ਬਚਨ ਕੀਤੇ , ''ਗੁਰੂ ਗ੍ਰੰਥ ਸਾਹਿਬ ਸਭ ਸੇ ਸਰਵੋਤਮ ਹੈਂ. ਜੋ ਗੁਰੂ ਗ੍ਰੰਥ ਸਾਹਿਬ ਜੀ ਕੇ ਅੰਦਰ ਹੈ, ਵੋ ਕਹੀਂ ਨਹੀਂ ਮਿਲਤਾ, ਜੋ ਕਹੀਂ ਨਹੀਂ ਮਿਲਤਾ ਵੋ ਗੁਰੂ ਗ੍ਰੰਥ ਸਾਹਿਬ ਜੀ ਮੇਂ ਹੈ।''

ਸਵਾਮੀ ਜੀ ਨੇ ਦੇਹਰਾਦੂਨ ਵਿਖੇ ਮੈਡੀਕਲ ਕਾਲਜ ਦੀ ਨੀਂਹ ਪਿਆਰੇ ਮਹਾਂਪੁਰਸ਼ਾਂ ਦੇ ਕਰ-ਕਮਲਾਂ ਤੋਂ ਰਖਵਾ ਕੇ ਇਕ ਵੱਡੀ ਮਿਸਾਲ ਕਾਇਮ



ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਨੀਂਹ ਰੱਖਣ ਸਮੇਂ ਮਹਾਂਪੁਰਸ਼।




ਜੌਲੀਗਰਾਂਟ (ਦੇਹਰਾਦੂਨ) ਵਿਖੇ ਮੈਡੀਕਲ ਕਾਲਜ ਦਾ ਉਦਘਾਟਨ ਕਰਦੇ ਹੋਏ ਪਿਆਰੇ ਮਹਾਂਪੁਰਸ਼ ਅਤੇ ਨਾਲ ਸ਼ਸ਼ੋਭਿਤ ਡਾ. ਸਵਾਮੀ ਰਾਮ ਜੀ।

# ਕੁਦਰਤੀ ਆਫਤਾਂ ਸਮੇਂ ਟਰੱਸਟ ਰਤਵਾੜਾ ਸਾਹਿਬ ਵੱਲੋਂ ਸਹਾਇਤਾ










ਕੀਤੀ ਅਤੇ ਉਥੇ ਸਾਰੇ ਸਵਾਮੀ ਭਗਤਾਂ ਨੇ ਮਹਾਂਪੁਰਸ਼ਾਂ ਦਾ ਦੀਵਾਨ ਲਗਵਾਇਆ ਤੇ ਇਸ ਧਾਰਮਿਕ ਦੀਵਾਨ ਰਾਹੀਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਮੋਹਾਲੀ ਅਤੇ ਰਤਵਾੜਾ ਸਾਹਿਬ ਵਿਖੇ ਹਰ ਐਤਵਾਰ, ਪੂਰਨਮਾਸ਼ੀ ਅਤੇ ਸੰਗਰਾਂਦ ਦੇ ਦੀਵਾਨਾਂ ਵਿਚ ਅਨੇਕਾਂ ਸੰਗਤਾਂ ਨਿਰੰਤਰ ਹਾਜ਼ਰੀਆਂ ਭਰਦੀਆਂ, ਪ੍ਰਵਚਨ ਸਰਵਣ ਕਰਕੇ ਜਨਮ ਸਫਲਾ ਕਰਦੀਆਂ।

## 2. ਸਮਾਜਿਕ ਖੇਤਰ ਦੀਆਂ ਸੇਵਾਵਾਂ

• 1993 ਅਤੇ 1998 ਵਿਚ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਮਹਾਂਪੁਰਸ਼ਾਂ ਨੇ ਖੁਦ ਅਗਵਾਈ ਕਰਕੇ ਮਿਸ਼ਨ ਦੇ ਸੈਂਕੜੇ ਵਾਲੰਟੀਅਰ ਨਾਲ ਲਏ ਤੇ ਘਰ-ਘਰ, ਪਿੰਡ-ਪਿੰਡ ਵਿਚ ਕਰੋੜਾਂ ਰੁਪਿਆਂ ਦੀ ਰਾਹਤ ਸਮੱਗਰੀ ਪਹੁੰਚਾਈ। ਰਾਸ਼ਨ, ਕੱਪੜਿਆਂ ਤੋਂ ਇਲਾਵਾ ਹੋਰ ਲੋੜੀਂਦੀਆਂ ਵਸਤੂਆਂ ਨਾਲ ਪੀੜਤਾਂ ਦੀ ਸਹਾਇਤਾ ਕੀਤੀ। ਖਸਤਾ ਹੋ ਚੁੱਕੇ ਸਕੂਲਾਂ ਨੂੰ ਰੈਨੋਵੇਟ ਕਰਵਾਇਆ ਤੇ ਬੱਚਿਆਂ ਨੂੰ ਵਰਦੀਆਂ ਤੇ ਕਿਤਾਬਾਂ ਮੁਹੱਈਆ ਕਰਵਾਈਆਂ। * ਜਨਵਰੀ 2001 ਵਿਚ ਗੁਜਰਾਤ ਵਿਚ ਭੂਚਾਲ ਆਏ, ਲੱਖਾਂ ਲੋਕ ਬੇਘਰ ਤੇ ਬੇਸਹਾਰਾ ਹੋ ਗਏ। ਪਿਆਰੇ ਮਹਾਂਪੁਰਸ਼ਾਂ ਨੇ, ਬਾਬਾ ਲਖਬੀਰ ਸਿੰਘ ਦੀ ਅਗਵਾਈ ਹੇਠ ਡੇਢ ਕਰੋੜ ਰੁਪਏ ਦੀ ਰਾਹਤ ਸਮੱਗਰੀ ਭੁੱਜ ਤਹਿਸੀਲ ਦੇ 25 ਪਿੰਡਾਂ ਵਿਚ ਵੰਡੀ ਤੇ ਥਾਂ-ਥਾਂ ਲੰਗਰ ਚਲਾਏ। * 2005 ਵਿਚ ਜੰਮੂ-ਕਸ਼ਮੀਰ ਦੇ ਭੂਚਾਲ ਪੀੜਤਾਂ ਅਤੇ ਤਾਮਿਲਨਾਡੂ ਵਿਚ ਸੁਨਾਮੀ ਬਰਬਾਦੀ ਸਮੇਂ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਲੱਖਾਂ ਰੁਪਿਆਂ ਦੀ ਰਾਹਤ ਸਮੱਗਰੀ ਪੀੜਤਾਂ ਤੇ ਲੋੜਵੰਦਾਂ ਨੂੰ ਵੰਡੀ ਗਈ ਅਤੇ ਗੁਰੂ ਕੇ ਲੰਗਰ ਚਲਾ ਕੇ ਸੇਵਾ ਕੀਤੀ ਗਈ। * ਸੰਨ 2014 ਵਿਚ ਨੇਪਾਲ ਵਿਚ ਆਏ ਭੂਚਾਲ ਦੌਰਾਨ ਟਰੱਸਟ ਰਤਵਾੜਾ ਸਾਹਿਬ ਵਲੋਂ ਆਪਣੇ ਵਲੰਟੀਅਰ, ਸੇਵਾਦਾਰਾਂ ਦੀ ਟੀਮ ਉਥੇ ਭੇਜ ਕੇ ਉਨ੍ਹਾਂ ਨੂੰ ਰਹਿਣ ਵਾਸਤੇ ਮਕਾਨਾਂ ਲਈ ਟੀਨਾਂ, ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤੂਆਂ ਮੁਹੱਈਆ ਕਰਾ ਕੇ ਪੀੜਤਾਂ ਦੀ ਵੱਡੇ ਪੱਧਰ 'ਤੇ ਸਹਾਇਤਾ ਕੀਤੀ।

• ਅਨੇਕਾਂ ਲੋੜਵੰਦ ਗਰੀਬ ਬੱਚੀਆਂ ਦੀਆਂ ਸ਼ਾਦੀਆਂ ਲਈ ਮਾਇਕ ਸਹਾਇਤਾ ਅਤੇ ਲੋੜਵੰਦ ਵਸਤਾਂ ਮੁਹੱਈਆ ਕਰਵਾਉਣੀਆਂ, ਗੁਰੂ ਕ੍ਰਿਪਾ ਦੁਆਰਾ ਇਸ ਤਰ੍ਹਾਂ ਦੀਆਂ ਸੇਵਾਵਾਂ ਅਜੋਕੇ ਸਮੇਂ ਵਿਚ ਵੀ ਹੁੰਦੀਆਂ ਰਹਿੰਦੀਆਂ ਹਨ। * ਧਮੋਟ ਜਿਲ੍ਹਾ ਲੁਧਿਆਣਾ ਵਿਖੇ ਡਿਸਪੈਂਸਰੀ ਦੀ ਉਸਾਰੀ ਕੀਤੀ ਗਈ। * ਡਾਕਟਰੀ ਸੇਵਾਵਾਂ ਲਈ ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ ਖੋਲ੍ਹਿਆ ਗਿਆ ਜਿਥੇ ਹਰ ਤਰ੍ਹਾਂ ਦੇ ਮਰੀਜ਼ਾਂ ਦੀਆਂ ਬੀਮਾਰੀਆਂ ਦਾ ਇਲਾਜ, ਮੈਡੀਕਲ ਚੈਕਅੱਪ ਤੇ ਲੈਬੋਰੇਟਰੀ ਟੈਸਟ ਅੱਧੀ ਕੀਮਤ 'ਤੇ ਕੀਤੇ ਜਾਂਦੇ ਹਨ ਤੇ ਮੁਫਤ ਦਵਾਈਆਂ ਦੇਣ ਦਾ ਪ੍ਰਬੰਧ ਹੈ। * ਬਜ਼ੁਰਗ ਮਾਤਾਵਾਂ ਤੇ ਭਾਈਆਂ ਦੀ ਸੇਵਾ-ਸੰਭਾਲ ਲਈ 'ਸੰਤ ਵਰਿਆਮ ਸਿੰਘ ਬਿਰਧ ਆਸ਼ਰਮ' ਬਣਾਇਆ ਗਿਆ ਜਿਥੇ ਉਨ੍ਹਾਂ ਦੇ ਰਹਿਣ ਸਹਿਣ ਦਾ ਸੁਚੱਜਾ ਪ੍ਰਬੰਧ ਹੈ ਇਥੇ 50 ਦੇ ਕਰੀਬ ਬੇਸਹਾਰਾ ਬਜ਼ੁਰਗ ਰਹਿ ਰਹੇ ਹਨ। * ਸਾਲਾਨਾ ਗੁਰਮਤਿ ਸਮਾਗਮਾਂ ਦੌਰਾਨ ਅੱਖਾਂ ਦੇ ਫਰੀ ਕੈਂਪ ਲਾ ਕੇ ਇਲਾਜ ਕੀਤਾ ਜਾਂਦਾ ਹੈ। * ਖੂਨ ਦਾਨ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। * ਇਲਾਕੇ ਵਿੱਚ ਫਰੀ ਮੋਬਾਇਲ 'ਡਿਸਪੈਂਸਰੀ ਵੈਨ' ਸ਼ੁਰੂ ਕੀਤੀ ਗਈ ਹੈ। * ਸਮੇਂ-ਸਮੇਂ ਨਾਲ ਲੱਗਦੇ ਪੇਂਡੂ ਇਲਾਕਿਆਂ ਦੇ ਮਰੀਜ਼ਾਂ ਲਈ ਅਨੇਕਾਂ








# ਅੱਖਾਂ ਦੇ ਫਰੀ ਅਪਰੇਸ਼ਨ ਕੈਂਪ ਦਾ ਦ੍ਰਿਸ਼।







ਬੀਮਾਰੀਆਂ ਲਈ ਫਰੀ ਕੈਂਪ ਲਗਾ ਕੇ ਇਲਾਜ ਕੀਤਾ ਜਾਂਦਾ ਹੈ। * ਦੀਵਾਨਾਂ ਰਾਹੀਂ ਤੇ ਆਡੀਓ-ਵੀਡੀਓ ਮੀਡੀਆ ਰਾਹੀਂ ਲੋਕਾਂ ਨੂੰ ਭਰੂਣ ਹੱਤਿਆ ਤੇ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਵਰਜ ਕੇ ਸਮਾਜ ਵਿਚ ਇਸ ਪ੍ਰਤੀ ਜਾਗ੍ਰਤੀ ਪੈਦਾ ਕੀਤੀ ਜਾਂਦੀ ਹੈ। * ਗਰੀਬ ਵਰਗ ਦੀਆਂ ਨੌਜਵਾਨ ਬੱਚੀਆਂ ਨੂੰ ਆਤਮ ਨਿਰਭਰ ਬਨਾਉਣ ਵਾਸਤੇ 'ਮਾਤਾ ਸਾਹਿਬ ਕੌਰ ਫਰੀ ਸਿਲਾਈ ਕੇਂਦਰ' ਖੋਲ੍ਹਿਆ ਗਿਆ ਹੈ ਜਿਸ ਵਿਚ ਆਧੁਨਿਕ ਢੰਗ ਨਾਲ ਕਪੜੇ ਸਿਉਣ ਦੀ ਸਿਖਲਾਈ ਦਿਤੀ ਜਾਂਦੀ ਹੈ। ਇਸ ਵਿਚ ਟਰੇਨਿੰਗ ਲੈਣ ਵਾਲੀਆਂ ਬੱਚੀਆਂ ਨੂੰ ਟਰਾਂਸਪੋਰੇਸ਼ਨ ਫਰੀ ਦਿਤੀ ਗਈ ਹੈ। ਇਨ੍ਹਾਂ ਬੱਚੀਆਂ ਨੂੰ ਖਾਣਾ ਆਦਿ ਗੁਰੂ ਕੇ ਲੰਗਰ ਵਿਚੋਂ ਦਿਤਾ ਜਾਂਦਾ ਹੈ।

### 3. ਸਾਹਿਤਕ ਯੋਗਦਾਨ ਤੇ ਸੇਵਾਵਾਂ

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਤਮਿਕ ਸੰਦੇਸ਼ ਨੂੰ ਘਰ-ਘਰ ਪਹੁੰਚਾਣ ਵਾਸਤੇ ਸੰਤ ਮਹਾਰਾਜ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਅਪ੍ਰੈਲ 1995 ਨੂੰ ਹਰ ਮਹੀਨੇ ਛਪਣ ਵਾਲਾ 'ਆਤਮ ਮਾਰਗ' ਰੂਹਾਨੀ ਮੈਗਜ਼ੀਨ ਸ਼ੁਰੂ ਕੀਤਾ। ਜੋ ਲਗਾਤਾਰ 22 ਸਾਲਾਂ ਤੋਂ ਗੁਰਮਤਿ ਦੀ ਆਤਮਿਕ ਮਹਿਕ ਦੇਸ਼ ਤੇ ਵਿਦੇਸ਼ਾਂ ਵਿਚ ਵੰਡ ਰਿਹਾ ਹੈ।

- ਗੁਰਮਤਿ ਪ੍ਰਚਾਰ ਸਾਹਿਤ ਦੇ ਰੂਪ ਹੋਰ ਵਧੇਰੇ ਪ੍ਰਚਾਰਨ ਤੇ ਪਸਾਰ ਦੇ ਹਿੱਤ ਨੂੰ ਮੁੱਖ ਰਖਦੇ ਹੋਏ ਪਿਆਰੇ ਮਹਾਂਪੁਰਸ਼ਾਂ ਨੇ ਆਪਣੇ ਅਨੁਭਵੀ ਬਚਨ ਅਨੇਕਾਂ ਪੁਸਤਕਾਂ ਰਾਹੀਂ ਕਲਮਬੰਦ ਕੀਤੇ ਤੇ ਛਪਵਾਏ। ਉਨ੍ਹਾਂ ਦੇ ਬਚਨਾਂ ਦਾ ਅਥਾਹ ਖਜ਼ਾਨਾ ਹੁਣ ਵੀ ਲਗਾਤਾਰ ਛਪ ਰਿਹਾ ਹੈ ਜਿਸ ਦੇ ਫਲਸਰੂਪ 100 ਦੇ ਕਰੀਬ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੰਗਤਾਂ ਦੇ ਹੱਥਾਂ ਵਿਚ ਪਹੁੰਚ ਚੁੱਕੀਆਂ ਹਨ।

### 4. ਵਿਦਿਅਕ ਸੇਵਾਵਾਂ

- ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸਕੈਂਡਰੀ ਸਕੂਲ (ਸੀ.ਬੀ.ਐਸ.ਈ) ਦੀ ਸਥਾਪਨਾ ਅਪ੍ਰੈਲ 2001 ਵਿਚ ਮਹਾਂਪੁਰਸ਼ਾਂ ਵਲੋਂ ਕੀਤੀ ਗਈ ਜਿਸ ਦਾ ਮੁੱਖ ਮੰਤਵ ਪੇਂਡੂ ਇਲਾਕੇ ਦੇ ਵਿਦਿਆਰਥੀਆਂ ਨੂੰ ਅੰਗ੍ਰੇਜ਼ੀ ਮੀਡੀਅਮ ਰਾਹੀਂ, ਵਧੀਆਂ ਕਿਸਮ ਦੀ ਪੜ੍ਹਾਈ ਦੀਆਂ ਸਹੂਲਤਾਂ ਦੇਣਾ ਹੈ ਤਾਕਿ,



ਵਿਸਾਖੀ 1995 ਨੂੰ ਸਤਿਕਾਰਯੋਗ ਮਾਤਾ ਜੀ ਆਤਮ ਮਾਰਗ ਮੈਗਜੀਨ ਰਿਲੀਜ਼ ਕਰਦੇ ਹੋਏ।



ਆਤਮ ਮਾਰਗ ਸਟਾਲ ਦ੍ਰਿਸ਼।

ਆਤਮ ਵਿਸ਼ਵਾਸ਼ ਅਤੇ ਸਦਾਚਾਰਕ ਜੀਵਨ ਰਾਹੀਂ ਆਪਣੇ ਜੀਵਨ ਦਾ ਰੁਜ਼ਗਾਰ ਭੀ ਹਾਸਲ ਕਰਨ ਤੇ ਦੇਸ਼ ਦੇ ਚੰਗੀ ਸ਼ਹਿਰੀ ਬਣ ਕੇ ਦੇਸ਼ ਕੌਮ ਦੀ ਸੇਵਾ ਕਰ ਸਕਣ।



ਰਤਵਾੜਾ ਸਾਹਿਬ ਸਕੂਲ ਦੇ ਬੱਚੇ ਡਾ. ਮਨਮੋਹਨ ਸਿੰਘ ਜੀ ਨਾਲ।

- ਸੰਤ ਵਰਿਆਮ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ (PSEB) ਦੀ ਸਥਾਪਨਾ ਸੰਨ 2001 ਵਿਚ ਪਿਆਰੇ ਮਹਾਂਪੁਰਸ਼ਾਂ ਦੀ ਯਾਦ ਵਿਚ ਮੌਜੂਦਾ ਚੇਅਰਮੈਨ ਬਾਬਾ ਲਖਬੀਰ ਜੀ ਵਲੋਂ ਕੀਤੀ ਗਈ ਸੀ। ਇਸ ਵਿਚ ਅੰਗ੍ਰੇਜ਼ੀ ਮੀਡੀਅਮ ਵਿਚ, ਸਾਇੰਸ, ਕਾਮਰਸ ਤੇ ਆਰਟਸ ਵਗੈਰਾ ਹਰ ਤਰ੍ਹਾਂ ਦੀਆਂ ਸਹੂਲਤਾਂ ਉਪਲਬਧ ਹਨ।

ਦੋਵੇਂ ਸਕੂਲ ਯੋਗ ਤਜਰਬੇਕਾਰ ਪ੍ਰਿੰਸੀਪਲਾਂ ਅਤੇ ਪੜੇ ਲਿਖੇ ਅਧਿਆਪਕਾਂ ਅਤੇ ਯੋਗ ਪ੍ਰਬੰਧਕਾਂ ਦੀ ਨਿਗਰਾਨੀ ਹੇਠ ਤਰੱਕੀ ਦੇ ਰਾਹ ਤੇ ਚਲਦੇ ਹੋਏ ਪੜ੍ਹਾਈ, ਖੇਡਾਂ ਤੇ ਮਿਊਜ਼ਿਕ ਆਦਿ ਦੇ ਖੇਤਰਾਂ ਵਿਚ ਚੰਗਾ ਨਾਮਣਾ ਖੱਟ ਕੇ ਸੰਸਥਾ ਦਾ ਨਾਮ ਬੁਲੰਦ ਕਰ ਰਹੇ ਹਨ।

- ਇੰਟਰਨੈਸ਼ਨਲ ਕਾਲਜ ਆਫ ਐਜੂਕੇਸ਼ਨ (Co-educational) ਬੀ.ਐਡ ਦੀ ਸਥਾਪਨਾ 2006 ਵਿਚ ਇਸ ਲੋੜ ਨੂੰ ਮੁੱਖ ਰੱਖ ਕੇ ਕੀਤੀ ਗਈ ਤਾਂਕਿ ਆਲੇ-ਦੁਆਲੇ ਦੇ ਪੇਂਡੂ ਇਲਾਕੇ ਦੇ ਨੌਜਵਾਨ ਬੱਚੇ-ਬੱਚੀਆਂ ਨੂੰ ਵਿਦਿਆ ਦੇ ਖੇਤਰ ਵਿਚ ਚੰਗੇ ਅਧਿਆਪਕ ਬਣਾ ਕੇ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣ। ਇਸ ਵਿਚ ਪੜ੍ਹਨ ਵਾਲੀਆਂ ਬੱਚੀਆਂ ਲਈ ਫਰੀ ਵੱਖਰਾ ਹੋਸਟਲ ਹੈ, ਰਹਿਣ ਤੇ ਖਾਣੇ ਦੀ ਸਾਰੀਆਂ ਫਰੀ (ਮੋਖ-ਰਹਿਤ) ਸੁਵਿਧਾਵਾਂ ਹਨ।



ਰਤਵਾੜਾ ਸਾਹਿਬ ਸਕੂਲ ਦੇ ਬੱਚੇ ਲਾਇਬਰੇਰੀ ਵਿੱਚ ਗਿਆਨ ਹਾਸਲ ਕਰਦੇ ਹੋਏ।

- 'ਇੰਟਰਨੈਸ਼ਨਲ ਡੀਵਾਈਨ ਸਕੂਲ ਆਫ ਨਰਸਿੰਗ' ਦੀ ਸਥਾਪਨਾ ਜੁਲਾਈ 2013 ਨੂੰ ਸਤਿਕਾਯੋਗ ਮਾਤਾ ਜੀ ਦੀ ਯਾਦ ਵਿਚ ਕੀਤੀ ਗਈ। ਮੌਜੂਦਾ ਚੇਅਰਮੈਨ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਹੇਠ ਇਸ ਦੀ ਦੋ ਮੰਜ਼ਿਲਾਂ ਨਵੀਂ ਇਮਾਰਤ ਬਣ ਕੇ ਤਿਆਰ ਹੋ ਚੁੱਕੀ ਹੈ ਤੇ ਜਿਸ ਵਿਚ ਲੜਕੀਆਂ ਵਾਸਤੇ ਹੋਸਟਲ ਦੀ ਸੁਵਿਧਾ ਵੀ ਬਣ ਚੁੱਕੀ ਹੈ। ਇਹ ਕਾਲਜ ਪੰਜਾਬ ਸਰਕਾਰ ਦੀ ਨਰਸਿੰਗ ਕੌਸਿਲ ਨਾਲ ਸੰਬੰਧਿਤ ਹੈ। ਇਸ ਦਾ ਮੁੱਖ ਮੰਤਵ ਦੇਸ਼-ਵਿਦੇਸ਼ ਦੇ ਹਸਪਤਾਲਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਨਾ ਤੇ ਬੱਚੀਆਂ ਨੂੰ ਆਪਣੇ ਰੁਜ਼ਗਾਰ ਵਾਸਤੇ ਆਤਮ ਨਿਰਭਰ ਬਣਾਉਣਾ ਹੈ।

- ਮਾਤਾ ਸਾਹਿਬ ਕੌਰ ਫਰੀ ਸਿਲਾਈ ਕੇਂਦਰ ਦੀ ਸਥਾਪਨਾ ਮੌਜੂਦਾ ਚੇਅਰਮੈਨ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਹੇਠ ਵਿਸਾਖੀ 2014 ਨੂੰ ਕੀਤੀ ਗਈ ਸੀ। ਇਸ ਦਾ ਮੰਤਵ ਇਲਾਕੇ ਦੀਆਂ ਲੋੜਵੰਦ ਤੇ ਗਰੀਬ ਨੌਜਵਾਨ ਬੱਚੀਆਂ ਨੂੰ ਆਤਮ ਨਿਰਭਰ ਬਣਾਉਣ ਵਾਸਤੇ ਸਹਾਇਤਾ ਕਰਨਾ ਹੈ। ਟਰੇਂਡ ਟੀਚਰਾਂ ਦੁਆਰਾ ਸਿਖਲਾਈ ਦਿਤੀ ਜਾਂਦੀ ਹੈ ਤੇ ਟਰੇਨਿੰਗ ਲੈ ਰਹੀਆਂ ਬੱਚੀਆਂ ਲਈ ਫਰੀ ਟਰਾਂਸਪੋਰਟ ਤੇ ਫਰੀ ਖਾਣਾ ਗੁਰੂ ਕੇ ਲੰਗਰਾਂ ਵਿਚੋਂ ਦਿਤਾ ਜਾਂਦਾ ਹੈ। ਕੰਮ ਸਿੱਖਣ ਵਾਸਤੇ ਫਰੀ ਸਿਲਾਈ ਮਸ਼ੀਨਾਂ ਅਤੇ ਲੋੜੀਂਦਾ ਸਮਾਨ ਫਰੀ ਦਿਤਾ ਜਾਂਦਾ ਹੈ। ਕੰਮ ਸਿਖਾਉਣ ਦੀ ਸ਼ੁਰੂਆਤ ਹਰ ਰੋਜ਼ 'ਜਪੁਜੀ ਸਾਹਿਬ' ਦੇ ਪਾਠ ਨਾਲ ਹੁੰਦੀ ਹੈ।



ਰਤਵਾੜਾ ਸਾਹਿਬ ਨਰਸਿੰਗ ਸਕੂਲ ਦੀਆਂ ਬੱਚੀਆਂ ਸਮਾਜ ਸੇਵਾ ਦੀ ਸ਼ਪਤ ਲੈਂਦੀਆਂ ਹੋਈਆਂ।

## 5. ਇਲੈਕਟਰੋਨਿਕ ਮੀਡੀਆ ਤੇ ਇੰਟਰਨੈਟ ਰਾਹੀਂ ਸੇਵਾਵਾਂ

- ਜਦੋਂ ਆਪ ਯੂ.ਪੀ ਵਿਚ ਫਾਰਮਿੰਗ ਦੇ ਨਾਲ ਦੀਵਾਨਾਂ ਰਾਹੀਂ ਪ੍ਰਚਾਰ ਕਰਿਆ ਕਰਦੇ ਸੀ ਤਾਂ ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਆਪ ਨੂੰ ਬਚਨ ਕੀਤਾ ਸੀ ਕਿ ਦੀਵਾਨਾਂ ਦੀਆਂ ਧਾਰਮਿਕ ਫਿਲਮਾਂ ਬਣਾ ਕੇ ਪ੍ਰਚਾਰ ਕਰੋ।

ਆਪ ਜੀ ਨੇ ਇਨ੍ਹਾਂ ਬਚਨਾਂ ਨੂੰ ਸਾਕਾਰ ਕੀਤਾ। ਐਸ ਵੇਲੇ ਸੈਂਕੜੇ ਦੀਵਾਨਾਂ ਦੀਆ ਆਡੀਓ, ਵੀਡੀਓ, ਸੀਡੀਜ਼, ਡੀਵੀਡੀਜ਼ ਬਣ ਚੁੱਕੀਆਂ ਹਨ ਜਿਨ੍ਹਾਂ ਰਾਹੀਂ ਅਨੇਕਾਂ ਟੀ.ਵੀ. ਚੈਨਲਾਂ, ਇੰਟਰਨੈਟ, ਯੂ. ਟਿਊਬ. ਫੇਸ ਬੁੱਕ. ਮੀਡੀਏ ਦੀਆਂ ਵੈਬ-ਸਾਈਟਾਂ ਦੁਆਰਾ ਸਾਰੇ ਦੇਸ਼ ਤੇ ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਹੈ।

- ਵੈਬ-ਸਾਈਟਾਂ ਤੇ ਕੀਰਤਨ ਵਿਖਿਆਨ ਤੇ ਪ੍ਰਬਚਨ ਸੁਣੇ ਜਾ ਸਕਦੇ ਹਨ।
- ਸੰਤ ਬਾਬਾ ਲਖਬੀਰ ਸਿੰਘ ਜੀ ਦਾ ਲਾਈਵ ਕੀਰਤਨ ਵਖਿਆਨ ਚੈਨਲਾਂ ਅਤੇ ਵੈਬ ਸਾਈਟਾਂ ਤੇ ਆਪ ਜੀ ਸੁਣ ਕੇ ਅਨੰਦ ਮਾਣ ਸਕਦੇ ਹੋ।

# ਰੂਹਾਨੀਅਤ ਦਾ ਮਾਰਗ
# (ਭਾਗ-2)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- ੨੮੯*

*ਧਾਰਨਾ - ਏਕੋ ਕਹੀਐ ਨਾਨਕਾ-ਏਕੋ ਕਹੀਐ ਨਾਨਕਾ।*
*ਦੂਜਾ ਕਾਹੇ ਕੂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨ ॥*
*ਅੰਗ - ੧੨੯੧*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ ੨ ॥*
*ਅੰਗ- ੫੩੭*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਕਾਰੋਬਾਰ ਸੰਕੋਚਦੇ ਹੋਏ, ਗੁਰੂ ਦਰਬਾਰ ਵਿਚ ਪਹੁੰਚੇ ਹੋ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ, ਐਸੀ ਬਖਸ਼ਿਸ਼ ਹੋਈ ਕਿ ਬੇਅੰਤ ਜੀਵਾਂ ਦੇ ਪੁੰਨ ਕਰਮਾਂ ਦੇ ਜਾਗਣ ਦੇ ਨਾਲ ਜਦੋਂ ਪੁੰਨ ਕਰਮਾਂ ਨੂੰ ਆਪਣਾ ਫਲ ਦੇਣ ਦਾ ਉੱਤਮ ਸਮਾਂ ਆਇਆ। ਸਤਿਸੰਗ ਦੀ ਪ੍ਰਾਪਤੀ ਹੋਈ ਹੈ। ਐਸਾ ਮਹਾਂਪੁਰਸ਼ਾਂ ਦਾ, ਗੁਰੂ ਮਹਾਰਾਜ ਦਾ, ਵੇਦਾਂ ਦਾ, ਸ਼ਾਸਤਰਾਂ ਦਾ, ਕੁਰਾਨ ਸ਼ਰੀਫ ਦਾ, ਸਾਰੇ ਧਰਮ ਗ੍ਰੰਥਾਂ ਦਾ ਮੱਤ ਹੈ ਕਿ ਉੱਤਮ ਭਾਗ ਜਦੋਂ ਬਣ ਜਾਣ ਜੀਵ ਦੇ ਉਸ ਵੇਲੇ ਉਸ ਨੂੰ ਸਤਿਸੰਗ ਪ੍ਰਾਪਤ ਹੁੰਦਾ ਹੈ। ਸਤਿਸੰਗ ਕੀ ਹੁੰਦਾ ਹੈ? ਬੰਦਿਆਂ ਦਾ ਇਕੱਠੇ ਹੋ ਜਾਣਾ। ਕੋਈ ਰੌਣਕ ਮੇਲਾ ਲਾ ਲੈਣਾ। ਇਧਰਲੀਆਂ-ਉਧਰਲੀਆਂ ਗੱਲਾਂ ਸੁਣ ਲੈਣੀਆਂ ਕੀ ਇਹਨੂੰ ਸਤਿਸੰਗ ਕਹਿੰਦੇ ਨੇ? ਮਹਾਰਾਜ ਕਹਿੰਦੇ ਨਹੀਂ ਪਿਆਰਿਓ!-

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਜਿਸ ਥਾਂ ਦੇ ਉਤੇ ਨਾਮ ਦੀ ਬਾਤ ਚਲਦੀ ਹੋਵੇ। ਇਹ ਜੀਵ ਕਿਸ ਤਰ੍ਹਾਂ ਵਾਹਿਗੁਰੂ ਨਾਲ ਮਿਲ ਸਕਦਾ ਹੈ। ਇਨ੍ਹਾਂ ਵਿਸ਼ਿਆਂ 'ਤੇ ਵਿਚਾਰ ਹੋਵੇ। ਪ੍ਰਮੇਸ਼ਰ ਦੇ ਪਿਆਰਿਆਂ ਦੀ ਕੋਈ ਕਥਾ ਚਲਦੀ ਹੋਵੇ, ਗੁਰੂਆਂ ਦੀ ਕਥਾ ਚਲਦੀ ਹੋਵੇ। ਉਸ ਥਾਂ ਦੇ ਉਤੇ ਸਤਿ ਦੇ ਨਾਲ ਜੁੜਨ ਵਾਲਾ ਜੋ ਮਾਹੌਲ ਹੈ, ਉਸ ਨੂੰ ਸਤਿਸੰਗ ਕਹਿੰਦੇ ਨੇ। ਮੇਰੇ ਤੋਂ ਪਹਿਲਾਂ ਵਿਸਥਾਰ ਦੇ ਨਾਲ ਆਪ ਨੇ ਇਨ੍ਹਾਂ ਗੱਲਾਂ ਨੂੰ ਸਰਵਣ ਕੀਤਾ। ਉਹਦੇ ਵਿਚ ਆਪਾਂ ਸਾਰੇ ਇਕੱਠੇ ਹੋਏ ਹਾਂ। ਪਿਛਲੇ ਚਾਰ ਦਿਨਾਂ ਤੋਂ ਬਹੁਤ ਲੰਮੀ-ਚੌੜੀ ਵਿਚਾਰ ਚਲਦੀ ਰਹੀ ਹੈ। ਜਿਹੜੇ ਪ੍ਰੇਮੀ ਰੋਜ਼ ਆਉਂਦੇ ਰਹੇ ਨੇ, ਜਿਨ੍ਹਾਂ ਨੇ ਥੋੜ੍ਹਾ ਬਿਰਤੀ ਨੂੰ ਇਕਾਗਰ ਕਰਕੇ ਸੁਣਨ ਦਾ ਯਤਨ ਕੀਤਾ ਹੈ ਅਤੇ ਜਿਨ੍ਹਾਂ ਨੂੰ ਇਹ ਸ਼ੌਂਕ ਹੈ ਕਿ ਕਿਤੇ ਮਾਨਸ ਜਨਮ ਬਿਰਥਾ ਨਾ ਲੰਘ ਜਾਵੇ। ਉਨ੍ਹਾਂ ਦੀ ਭਟਕਣਾ ਨੂੰ ਹਟਾਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਸਿਧਾਂਤ ਹੈ ਉਸ ਦੇ ਉਤੇ ਆਪਾਂ ਵਿਚਾਰਾਂ ਕੀਤੀਆਂ ਨੇ। ਉਹ ਇਹ ਹੈ ਕਿ ਸੰਖੇਪ ਦੇ ਵਿਚ ਜੇ ਮੈਂ ਬੇਨਤੀ ਕਰਾਂ, ਕਿ ਸਾਡਾ ਜੋ ਪਰਮ ਮਨੋਰਥ ਹੈ ਸੰਸਾਰ 'ਤੇ ਆਉਣ ਦਾ। 'ਪਰਮ' ਅੱਖਰ ਮੈਂ ਇਸ ਕਰਕੇ ਵਰਤਦਾ ਹਾਂ, ਕਿਉਂਕਿ ਹੋਰ ਮਨੋਰਥ ਜਿਹੜੇ ਨੇ ਉਹ ਮਹਾਰਾਜ ਨੇ ਗਿਣੇ ਨਹੀਂ ਹਨ। ਉਨ੍ਹਾਂ ਨੂੰ worthless (ਫਜ਼ੂਲ) ਕਿਹਾ ਹੈ। ਕਿਉਂਕਿ ਮੇਰੇ ਤੋਂ ਪਹਿਲਾਂ ਤੁਸੀਂ ਸੁਣ ਰਹੇ ਸੀ ਇਥੇ ਕਿ ਇਹ ਜੋ ਕ੍ਰਿਆ ਚੱਲ ਰਹੀ ਹੈ ਉਹ ਹੁਕਮ ਦੀ ਚੱਲ ਰਹੀ ਹੈ। ਹੁਕਮ ਕੀ ਹੁੰਦਾ? ਜੇ ਤਾਂ ਹੁਕਮ ਦੀ ਪਛਾਣ ਆ ਜਾਵੇ। ਤਾਂ, ਤਾਂ ਉਸੇ ਵੇਲੇ ਵਾਹਿਗੁਰੂ ਦਾ ਗਿਆਨ ਹਿਰਦੇ 'ਚ ਵਸ ਕੇ, ਜੋਤ ਜਗ ਪੈਂਦੀ ਹੈ ਅਤੇ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਉਹ ਪ੍ਰਮੇਸ਼ਰ ਬਣ ਜਾਂਦਾ ਹੈ। ਜੀਵ ਨਹੀਂ ਰਹਿੰਦਾ। ਜਿਹਨੇ ਹੁਕਮ ਦੀ ਪਛਾਣ ਕਰ ਲਈ ਉਸ ਨੇ ਵਾਹਿਗੁਰੂ ਨੂੰ ਜਾਣ ਲਿਆ। ਸੋ ਉਹ ਹੁਕਮ ਜਿਹੜਾ ਹੈ ਜਿਹਦੇ ਨਾਲ ਅਸੀਂ ਬੰਨ੍ਹੇ ਹੋਏ ਤੁਰਦੇ ਹਾਂ, ਉਹ ਹੁਕਮ ਦੇ ਅੰਦਰ ਕਰਮ ਸ਼ਕਤੀਸ਼ਾਲੀ ਸਾਨੂੰ ਲਈਂ ਫਿਰਦੇ ਨੇ। ਜਿਹੋ ਜਿਹੇ ਅਸੀਂ ਕਰਮ ਕਰੇ ਨੇ ਉਹੋ ਜਿਹੇ ਭੋਗਣ ਵਾਸਤੇ ਸਾਡਾ ਮਾਹੌਲ, ਸਾਡਾ ਆਲਾ-ਦੁਆਲਾ ਸਾਨੂੰ ਮਿਲਦਾ ਹੀ ਰਹਿਣਾ ਹੈ। ਉਨ੍ਹਾਂ ਦੇ ਵਿਚ ਹੀ ਸਾਡੀ ਪਰਾਲਬਧ ਆਉਂਦੀ ਹੈ। ਜੋ ਅਸੀਂ ਇਥੇ ਆ ਕੇ ਖਾਣਾ-ਪੀਣਾ ਹੈ, ਪਹਿਨਣਾ, ਰਹਿਣਾ ਹੈ, ਇਹ ਕੁਝ ਲੇਖ ਵੱਡੇ ਨੇ ਜਿਵੇਂ ਅਖਬਾਰਾਂ ਦੀਆਂ ਸੁਰਖੀਆਂ ਹੁੰਦੀਆਂ ਨੇ। ਪਹਿਲਾਂ ਤਾਂ ਜੀਵ ਜਦੋਂ ਜਨਮ ਵਲ ਤੁਰਦਾ ਉਹਦੇ ਮੱਥੇ 'ਚ ਲਿਖਿਆ ਜਾਂਦਾ ਹੈ ਕਿ ਇਸ ਤਾਰੀਖ ਨੂੰ ਜਾ ਕੇ, ਐਨੇ ਵਜੇ ਇਸ ਨਛੱਤਰ 'ਤੇ, ਇਸ ਘੜੀ 'ਤੇ, ਇਸ ਗ੍ਰਹਿ ਦੇ ਵਿਚ ਇਹਦਾ ਦੁਨੀਆਂ ਦੇ ਵਿਚ ਜਨਮ ਹੋਵੇਗਾ। ਮਾਤਾ ਦੇ ਪੇਟ ਦੀ ਬਾਤ ਨਹੀਂ ਹੈ। ਉਸ ਵੇਲੇ ਰਾਖੀ ਪ੍ਰਭੂ ਆਪ ਕਰਦਾ ਹੈ। ਜਿੱਥੋਂ ਜੀਵ ਫੇਰ ਫਲ ਭੋਗਣ

ਲਗਦਾ ਹੈ ਉਹ ਸਮਾਂ ਲਿਖ ਦਿਤਾ ਜਾਂਦਾ ਹੈ। ਕਈਆਂ ਜੀਵਾਂ ਦੇ ਐਸਾ ਵੀ ਸਮਾਂ ਲਿਖਿਆ ਜਾਂਦਾ ਹੈ ਕਿ ਮਾਤਾ ਦੇ ਪੇਟ ਵਿਚ ਆਉਂਦੇ ਨੇ, ਖਤਮ ਹੋ ਕੇ ਤੁਰ ਜਾਂਦੇ ਨੇ। ਉਹ -

*ਕਈ ਜਨਮ ਗਰਭ ਹਿਰਿ ਖਰਿਆ ॥ ਅੰਗ- ੧੭੬*

ਕੋਈ ਐਸੇ ਕਰਮ ਮਾੜੇ ਕੀਤੇ ਹੁੰਦੇ ਨੇ ਉਨ੍ਹਾਂ ਨੇ, ਵਾਰੀ ਤਾਂ ਆ ਜਾਂਦੀ ਹੈ, ਲੇਕਿਨ ਬਗੈਰ ਵਾਰੀ ਭੋਗੇ 'ਤੇ, ਧੱਕਾ ਪੈਂਦਾ ਹੈ, ਦੂਜੇ ਪਾਸੇ ਫੇਰ ਚਲੇ ਜਾਂਦੇ ਨੇ। ਪਰ ਜਿਹੜੇ ਸੰਸਾਰੀ ਜੀਵ, ਆਪਾਂ ਲੋਕ ਬੈਠੇ ਹਾਂ, ਸਾਡੇ ਮੱਥੇ 'ਤੇ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥*
*ਅੰਗ- ੭੪*

ਉਹ ਲੇਖ ਕੋਲ ਲੈ ਕੇ ਆਏ ਹਾਂ ਅਸੀਂ, ਉਹ ਹੈ ਦੁਖ ਤੇ ਸੁੱਖ ਦੀ, ਕਰਮ ਦੀ ਕਿ ਕਿਹੜੀ ਤਰੀਕ ਨੂੰ ਇਹਨੇ ਜਾਣਾ ਹੈ। ਕਿੱਥੇ ਜਾ ਕੇ ਇਹਨੇ ਸਰੀਰ ਛੱਡਣਾ ਹੈ, ਕਿਹੜਾ ਕਾਰਨ ਹੋਏਗਾ, ਕਿਹੜਾ ਸਮਾਂ ਹੋਏਗਾ। ਦੂਸਰਾ ਹੁੰਦਾ ਹੈ ਜੀਵਨ ਵਿਚ ਪੈਣ ਤੋਂ ਬਾਅਦ ਇਹਨੇ ਖਾਣਾ-ਪੀਣਾ ਕੀ ਹੈ। ਇਹਨੂੰ ਰਿਸ਼ਤੇਦਾਰ ਕਿਹੜੇ ਮਿਲਣੇ ਨੇ, ਕਿੰਨੇ ਸੁਖ ਦੇਣ ਵਾਲੇ ਮਿਲਣੇ ਨੇ, ਕਿੰਨੇ ਦੁੱਖ ਦੇਣ ਵਾਲੇ ਮਿਲਣੇ ਨੇ। ਕਿੰਨਿਆਂ ਨੇ ਛਲ ਕਪਟ ਕਰਨੇ ਨੇ। ਕਿੰਨਿਆਂ ਨੇ ਧੋਖੇ ਕਰਨੇ ਨੇ, ਕਿੰਨਿਆਂ ਨੇ ਮਦਦ ਕਰਨੀ ਹੈ ਤੇ ਮਿੱਤਰ ਕਿੰਨੇ ਮਿਲਣੇ ਨੇ। ਐਸਾ ਸਾਰਾ ਹੀ ਜਿਹੜਾ ਹੈ ਉਹਦੇ ਵਿਚ ਅੰਕਿਤ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਇਸ ਗੱਲ ਨੂੰ ਸਮਝ ਕੇ ਦੋਸ਼ ਨਾ ਦੇ ਕਿਸੇ ਨੂੰ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥*
*ਅੰਗ- ੪੩੩*

ਐਵੇਂ ਲੋਕਾਂ ਨੂੰ ਮਾੜਾ-ਮਾੜਾ ਕਹੀਂ ਜਾਂਦਾ ਹੈਂ ਤੇ ਤੇਰੇ ਕੀਤੇ ਹੋਏ ਕਰਮਾਂ ਦਾ ਫਲ ਤੈਨੂੰ ਮਿਲ ਗਿਆ।

ਤੀਸਰਾ ਹੋਇਆ ਕਰਦਾ ਹੈ, ਗੁਰੂ ਦਾ ਮਿਲ ਜਾਣਾ। ਇਹ ਪੁੰਨ ਕਰਮ ਬਹੁਤ ਕੀਤੇ ਹੋਣ ਤਾਂ ਗੁਰੂ ਮਿਲਦਾ ਹੈ। ਇਹਨੂੰ ਸਾਰੀ ਚੀਜ਼ ਨੂੰ ਹੁਕਮ ਤਾਂ ਕਹਿੰਦੇ ਹਾਂ ਕਿਉਂਕਿ ਇਹ ਆਪਾ-ਧਾਪੀ ਵਿਚ ਕੋਈ ਗੱਲ ਨਹੀਂ ਹੁੰਦੀ। ਸਾਰੀ ਪ੍ਰਬੰਧ ਵਿਚ ਗਠੀ ਹੋਈ ਬਾਤ ਹੈ। ਉਹ ਕਰਮਾਂ ਦੇ ਨਾਲ ਬੰਨ੍ਹੀ ਹੋਈ ਹੈ। ਹੁਣ ਇਹਦੇ 'ਚ ਇਹ ਹੁੰਦਾ ਹੈ ਕਿ ਬੰਦੇ ਨੂੰ ਕੋਈ ਸੁਤੰਤਰਤਾ ਹੈ ਕਿ ਨਹੀਂ ਹੈ। ਮਹਾਰਾਜ ਕਹਿੰਦੇ, ਕਰਮ ਕਰਨ ਦੀ ਸੁਤੰਤਰਤਾ ਹੈ ਇਹਨੂੰ। ਉਹਦੇ ਬਾਰੇ ਸਾਨੂੰ ਉਪਦੇਸ਼ ਦਿੰਦੇ ਨੇ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਅੰਗ- ੯੧੮*
*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਅੰਗ - ੪੬੯*

ਉਹ ਜਿਹੜੇ ਅਸੀਂ ਕਰਮ ਕਰਨੇ ਨੇ, ਉਨ੍ਹਾਂ ਵਾਸਤੇ ਸਾਨੂੰ ਪ੍ਰਮੇਸ਼ਰ ਨੇ ਬੁੱਧੀ ਪ੍ਰਦਾਨ ਕਰ ਦਿਤੀ ਕਿ ਇਸ ਬੁੱਧੀ ਨੂੰ ਵਰਤ ਕੇ ਚਾਹੇ ਤਾਂ ਚੰਗੇ ਕਰਮ ਕਰ ਲਈਂ, ਚਾਹੇ ਮਾੜੇ ਕਰ ਲਈਂ। ਤੂੰ ਚੰਗਿਆਂ ਨਾਲ ਵੀ ਬੰਨ੍ਹ ਹੋਣੈ ਤੇ ਮਾੜਿਆਂ ਨਾਲ ਵੀ ਬੰਨ੍ਹ ਹੋਣੈ। ਚੰਗਿਆਂ ਦਾ ਫਲ ਤੈਨੂੰ ਸਵਰਗ ਆਦਿ ਸੁਖ ਮਿਲੇਗਾ। ਮਾੜਿਆਂ ਕਰਮਾਂ ਦਾ ਫਲ ਦੁਖ ਮਿਲੇਗਾ। ਸੋ ਉਹ ਜਿਹੜੇ ਕਰਮ ਨੇ ਕੀਤੇ ਹੋਏ ਉਹ ਫੇਰ ਹੁਕਮ ਦੀ ਕਿਰਿਆ 'ਚ ਆ ਜਾਂਦੇ ਨੇ। ਉਨ੍ਹਾਂ ਦਾ ਫਲ ਫੇਰ ਹੁਕਮ ਭੁਗਤਾਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਇਹਦਾ ਅਸਲੀ ਕੰਮ ਹੈ ਉਹ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਪਿਛਲੇ ਜਪ, ਪਿਛਲੇ ਤਪ, ਪਿਛਲੇ ਜਨਮ ਦਾ ਮਿਲਾਪ, ਸਾਧੂਆਂ ਦੀ ਸੇਵਾ, ਸੰਗਤਾਂ ਦੀ ਸੇਵਾ। ਚੱਲਿਆ ਤਾਂ ਮਿਲਣ ਵਾਸਤੇ ਸੀ ਲੇਕਿਨ ਵਿਚਾਲੇ ਰਹਿ ਗਿਆ, ਉਹਨੂੰ ਯੋਗ ਭ੍ਰਿਸ਼ਟ ਕਹਿੰਦੇ ਨੇ। ਯੋਗ ਭ੍ਰਿਸ਼ਟ ਬੰਦੇ ਦਾ ਬਚਪਨ ਜਦ ਹੁੰਦਾ ਹੈ ਉਸ ਵੇਲੇ ਕੋਈ ਮਹਾਤਮਾ ਮਿਲ ਜਾਂਦਾ ਹੈ। ਪੂਰਨ ਪੁਰਸ਼ਾਂ ਦਾ ਸੰਗ ਹੋ ਜਾਂਦਾ ਹੈ। ਗੁਰਮੁਖ ਦਾ ਮਿਲਾਪ ਹੋ ਜਾਂਦਾ ਹੈ, ਗੁਰੂ ਦਾ ਮਿਲਾਪ ਉਹਨੂੰ ਬਚਪਨ 'ਚ ਹੋ ਜਾਂਦਾ ਹੈ। ਪੰਜ-ਚਾਰ ਸਾਲ ਦੇ ਨੂੰ, ਕਿਉਂਕਿ ਪਿਛਲੇ ਪੰਜ-ਦਸ ਜਨਮ ਉਹਦੇ ਜੱਦੋ-ਜਹਿਦ ਕਰਦੇ ਦੇ ਲੰਘ ਗਏ। ਉਹ ਫੇਰ ਲਿਖਿਆ ਜਾਂਦਾ ਹੈ, ਉਹਦੀ ਜੱਦੋ-ਜਹਿਦ ਦਾ ਕਿ ਇਹਨੂੰ ਗੁਰੂ ਮਿਲੇਗਾ ਪੂਰਾ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅੰਗ- ੪੫੦*

ਸੋ ਹੁਣ ਜਿਹੜਾ ਅਸੀਂ ਅੱਜ ਦੀ ਵਿਚਾਰ ਕਰਨੀ ਹੈ, ਉਹ ਤਾਂ ਹੈ ਕਿ ਅਸੀਂ ਕਿਵੇਂ ਵਰਤਦੇ ਹਾਂ, ਕਿਵੇਂ ਸਾਡੇ ਨਾਲ ਚਲਦਾ ਹੈ ਕੰਮ। ਕਿਉਂਕਿ ਇਹਦੇ ਵਿਚ ਗਲਤੀ ਨਾਲ ਜਿਵੇਂ ਭਾਈ ਗੁਰਪਾਲ ਸਿੰਘ ਉਹ ਦੱਸ ਰਹੇ ਸੀ ਕਿ ਕਈ ਹਿੰਡੀ ਆਦਮੀ ਕਹਿ ਦਿੰਦੇ ਰਹੇ ਸੀ ਕਿ ਹੁਕਮ ਹੈ ਵਾਹਿਗੁਰੂ ਦਾ, ਹੁਕਮ ਭਾਈ ਤੇਰੇ ਕੀਤੇ ਹੋਏ ਕਰਮਾਂ ਦਾ ਫਲ ਜਿਹੜਾ ਹੈ, ਉਹ ਕਿਸੇ ਮਰਿਆਦਾ ਦੇ ਅਨੁਸਾਰ, ਕਿਸੇ ਕਾਨੂੰਨ ਦੇ ਅਨੁਸਾਰ ਤੈਨੂੰ ਪ੍ਰਾਪਤ ਹੋ ਰਿਹਾ ਹੈ। ਪਹਿਲਾਂ ਤੂੰ ਕਰਮ ਐਸੇ ਕਰੇ ਸੀ, ਉਹ ਇਹ ਕਹਿ ਕਿ ਮੇਰੇ ਕਰਮਾਂ ਦਾ ਫਲ ਮੈਨੂੰ ਭੁਗਤਾਇਆ ਜਾ ਰਿਹਾ ਹੈ-ਹੁਕਮ ਦੇ ਰਾਹੀਂ। ਹੁਕਮ ਤਾਂ ਐਸਾ ਹੈ ਕਿ ਉਹਦੇ ਵਿਚੀਂ ਨਿਕਲ ਨਹੀਂ ਸਕਦਾ, ਕੋਈ ਬੰਦਾ। ਕੋਈ ਉਥੇ ਵਕਾਲਤ ਨਹੀਂ ਚਲਦੀ, ਕੋਈ ਚਲਾਕੀ ਨਹੀਂ ਚਲਦੀ। ਉਹਨੇ ਤਾਂ ਆਪਣੇ ਹਿਸਾਬ ਨਾਲ ਵਰਤਣਾ ਹੀ ਵਰਤਣਾ ਹੈ। ਸੋ ਇਹ ਜੋ ਸਾਡਾ ਜਨਮ ਹੈ ਇਹਦੇ 'ਚ ਅਸੀਂ ਕੀ ਕਰਨਾ ਹੈ, ਸਾਨੂੰ ਕੀ ਅਵਸਰ ਪ੍ਰਮੇਸ਼ਰ ਨੇ ਦਿਤੀ ਹੈ ਕਰਨ ਵਾਸਤੇ। ਉਹ ਇਹ ਹੈ ਕਿ ਅਸੀਂ ਹਉਮੈ ਦੇ ਬੰਨ੍ਹੇ ਹੋਏ ਜੀਵ ਹਾਂ। ਹਉਮੈ ਨੂੰ ਤੋੜਨ ਦਾ ਇਲਾਜ ਹਉਮੈ ਹੀ ਹੋਇਆ ਕਰਦਾ ਹੈ -

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਅੰਗ- ੪੬੬*

ਦਾਰੂ ਵੀ ਇਹਦੇ ਵਿਚ ਹੀ ਹੈ ਹਉਮੈ ਦੇ। ਹਉਮੈ ਦਾਰੂ ਬਣ ਕੇ ਜਿਵੇਂ ਸੁਪਨੇ ਦੇ ਵਿਚ ਕੋਈ ਬੰਦਾ, ਇਕ ਕਹਾਣੀ ਮਹਾਂਪੁਰਸ਼ ਸੁਣਾਇਆ ਕਰਦੇ ਸੀ ਕਿ ਕੋਈ ਰਾਜਾ

ਸੀ ਸੁਪਨੇ ਵਿਚ ਉਹਦਾ ਰਾਜ ਜਾਂਦਾ ਰਿਹਾ। ਬਹੁਤ ਬੇਇੱਜ਼ਤੀ ਹੋਈ। ਸੱਤਵੀਂ ਅਟਾਰੀ 'ਤੇ ਪਿਆ ਹੈ, ਆਲੇ-ਦੁਆਲੇ ਫੌਜਾਂ ਪਹਿਰੇ 'ਤੇ ਲੱਗੀਆਂ ਹੋਈਆਂ ਨੇ। ਰਾਤ ਨੂੰ ਸੁਪਨਾ ਆਇਆ, ਸੁਪਨੇ ਦੇ ਵਿਚ ਉਹਦਾ ਰਾਜ ਜਾਂਦਾ ਰਿਹਾ। ਅਗਾਹਾਂ ਜਾ ਕੇ ਬੜਾ ਦੁਖੀ ਹੋਇਆ। ਇਕ ਗਿੱਦੜੀ ਨੇ ਵੱਢ ਖਾਧਾ। ਨਾਲ ਦੇ ਬੰਦੇ ਨੇ ਕਿਹਾ ਕਿ ਜੇ ਤੂੰ ਹੁਣ ਆਪਣਾ ਘਾਉ ਨਾ ਠੀਕ ਕਰਾਇਆ, ਦਵਾਈ ਨਾ ਪੁਆਈ, ਤਾਂ ਤੂੰ ਹਲਕ ਜਾਏਂਗਾ। ਉਸ ਵੇਲੇ ਇਕ ਘਵੱਈਏ ਦੇ ਕੋਲ ਗਿਆ, ਉਹ ਕਹਿਣ ਲੱਗਿਆ ਕਿ ਮੈਂ ਤਾਂ ਐਨੇ ਪੈਸੇ ਲਵਾਂਗਾ। ਉਹ ਕਹਿੰਦਾ, ਮੈਂ ਤਾਂ ਫਲਾਣਾ ਰਾਜਾ ਹਾਂ। ਉਹ ਕਹਿੰਦਾ, ਮੈਂ ਨਹੀਂ ਜਾਣਦਾ, ਰਾਜੇ-ਰੂਜੇ ਨੂੰ। ਐਨੇ ਪੈਸੇ ਲਿਆ। ਉਹ ਪੈਸੇ ਮੰਗਦਾ ਫਿਰਦਾ ਹੈ ਉਹਨੂੰ ਮਿਲਦੇ ਨਹੀਂ। ਉਹਨੂੰ ਮਹਾਤਮਾ ਮਿਲ ਗਏ। ਉਨ੍ਹਾਂ ਮਹਾਤਮਾ ਨੇ ਉਹਦੀ ਦੀਨ ਹਾਲਤ ਦੇਖ ਕੇ ਦਵਾਈ ਦੇ ਕੇ ਉਹਨੂੰ ਰਾਜ਼ੀ ਕਰ ਦਿਤਾ। ਜਦੋਂ ਉਹਨੂੰ ਜਾਗ ਆ ਗਈ। ਉਹ ਦੇਖਦਾ ਹੈ ਸੁਪਨਾ ਕਿ ਮੇਰੇ ਤਾਂ ਆਲੇ-ਦੁਆਲੇ ਸਭ ਪਹਿਰੇ ਉਵੇਂ ਹੀ ਖੜ੍ਹੇ ਨੇ। ਗਿੱਦੜੀ ਇਥੇ ਕਿਥੋਂ ਆ ਗਈ, ਕਿਵੇਂ ਵੱਢ ਦਿਤਾ ਉਹਨੇ। ਨਾ ਇਥੇ ਕੋਈ ਜੰਗਲ, ਨਾ ਕੋਈ ਫੌਜ। ਮੈਂ ਤਾਂ ਉਵੇਂ ਜਿਵੇਂ ਹੀ ਹਾਂ।

ਸੋ ਉਹਦੇ 'ਚ ਮਹਾਤਮਾ ਇਹ ਦ੍ਰਿਸ਼ਟਾਂਤ ਲੈਂਦੇ ਨੇ ਕਿ ਇਹ ਜੀਵ ਜਿਹੜਾ ਹੈ, ਪਰਮ ਜੋਤ ਦਾ ਅੰਸ, ਇਹ ਹਉਮੈ ਦੀ ਨੀਂਦ ਦੇ ਵਿਚ ਸੌਂ ਗਿਆ। ਸੁੱਤੇ ਪਏ ਨੂੰ ਮਾਇਆ ਨੇ ਵੱਢ ਖਾਧਾ। ਇਹ ਨਾਮ ਨੂੰ ਭੁੱਲ ਕੇ ਹਲਕ ਗਿਆ –

*ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥*
*ਅੰਗ- ੬੪੪*

*ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥*
*ਅੰਗ- ੬੪੪*

ਸ਼ਬਦ ਤੋਂ ਬਗੈਰ ਜਗ ਕਹਿੰਦੇ ਹਲਕਿਆ ਹੋਇਆ ਹੈ। ਬਿਰਥਾ ਜਨਮ ਗਵਾ ਰਿਹਾ ਹੈ।

ਸੋ ਇਹਦੇ ਵਿਚ ਜਿਹੜਾ ਸੁਪਨੇ ਦਾ ਵੈਦ ਸੀ ਉਹਨੇ ਸੁਪਨੇ ਦੇ ਵਿਚ ਰਾਜੇ ਦੇ ਜ਼ਖਮ ਨੂੰ ਠੀਕ ਕਰ ਦਿਤਾ। ਇਵੇਂ ਜਿਵੇਂ ਜਿਹੜੀ ਸਾਨੂੰ ਨੀਂਦ ਹਉਮੈ ਵਿਚ ਪਈ ਹੋਈ ਹੈ। ਇਹ ਹਉਮੈ ਦੇ ਨੁਸਖੇ ਨੇ ਸਾਨੂੰ ਰਾਜ਼ੀ ਕਰਨਾ ਹੈ। ਉਹ ਹੈ –

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਅੰਗ- ੪੬੬*

ਗੁਰੂ ਦਾ ਜਿਹੜਾ ਪੰਜ ਪਿਆਰਿਆਂ ਨੇ ਸ਼ਬਦ ਦਿਤਾ ਹੈ ਉਹਦੀ ਕਮਾਈ ਕਰੇ। ਸੋ ਮੈਂ ਬੇਨਤੀ ਕਰਦਾ ਸੀ ਕਿ ਸਾਡਾ ਜੋ ਪਰਮ ਮਨੋਰਥ ਹੈ। ਸਾਰੇ ਜੀਵਨ ਦੇ ਮਨੋਰਥਾਂ ਨੂੰ ਛੱਡ ਕੇ ਉਹ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- ੧੨*

ਜਿਹੜੇ ਬਾਕੀ ਕੰਮ ਨੇ ਇਹ worthless (ਫਜ਼ੂਲ) ਗਿਣ ਦਿਤੇ ਮਹਾਰਾਜ ਨੇ। ਜਾਇਦਾਦਾਂ ਬਣਾਉਣੀਆਂ, ਵੱਡੇ-ਵੱਡੇ ਨਾਂ ਖੱਟਣੇ, ਉਹ ਤਾਂ ਪਰਾਲਬਧ ਤੇਰੀ ਹੈਗੀ, ਉਹਦੇ ਮੁਤਾਬਿਕ ਹੀ ਹੋਣਾ ਹੈ। ਉਸ ਤੋਂ ਬਗੈਰ ਨਹੀਂ ਹੋਇਆ ਕਰਦਾ, ਨਾ ਘਟਦਾ ਹੈ ਨਾ ਵਧਦਾ ਹੈ। ਇਧਰ ਤਾਂ ਨਾਂਹ ਦੇ ਤੂੰ ਧਿਆਨ, ਇਹ ਤਾਂ ਤੇਰੇ ਤੋਂ ਜ਼ਬਰਦਸਤੀ ਕਰਾ ਲੈਣਾ ਹੈ –

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ਅੰਗ- ੬੫੩*

ਕਿਰਤ ਮਾਰਦੀ ਹੈ ਧੱਕਾ ਕਿ ਅਰਬ ਦੇਸ਼ਾਂ 'ਚ ਚੱਲ। ਅਮਰੀਕਾ ਵਾਸਤੇ ਜ਼ਮੀਨ ਗਹਿਣੇ ਕਰ। ਫਲਾਣੇ ਥਾਂ ਜਾਹ। ਤੇਰੇ ਨੰਬਰ ਬਣਦੇ ਨੇ ਆਸਟਰੇਲੀਆ ਚਲੇ ਜਾਹ। ਉਹ ਕਿਰਤ ਧੱਕਾ ਮਾਰ ਰਹੀ ਹੈ। ਅਸਲੀ ਕੰਮ ਜਿਹੜਾ ਸਾਡੇ ਕਰਨ ਵਾਲਾ ਹੈ ਉਹ ਵਾਹਿਗੁਰੂ ਨੂੰ ਮਿਲਣਾ। ਉਹ ਵਿਰਲਾ-ਵਿਰਲਾ ਪੁਰਸ਼ ਹੈ ਜਿਹੜਾ ਇਸ ਗੱਲ ਨੂੰ ਹਿਰਦੇ 'ਚ ਵਸਾ ਲਵੇ। ਬਾਕੀਆਂ ਦੇ ਨਹੀਂ ਵਸਦੀ ਕਿਉਂਕਿ ਉਨ੍ਹਾਂ ਦੇ ਪੁੰਨ ਕਰਮ ਬਣੇ ਨਹੀਂ ਅਜੇ, ਗੱਲ ਸਮਝਣ ਜੋਗੇ। ਸੋ ਉਨ੍ਹਾਂ ਦੇ ਵਿਚੋਂ ਬੇਨਤੀ ਕੀਤੀ ਸੀ ਕਿ ਬੱਚਾ ਜਿਸ ਦਾ ਨਾਂ ਫਰੀਦ ਸੀ। ਉਹਨੇ ਬਹੁਤ ਘੋਰ ਤਪਸਿਆ ਕਰੀ, ਕਾਰਨ ਕੀ ਸੀ? ਪ੍ਰਾਪਤੀ ਫੇਰ ਵੀ ਨਾ ਹੋਈ। 12 ਸਾਲ ਪਹਿਲਾਂ ਰਿਹਾ, 12 ਸਾਲ ਬਾਅਦ 'ਚ ਰਿਹਾ। ਕਿਉਂਕਿ ਉਹਨੂੰ ਇਹ ਨਹੀਂ ਸੀ ਪਤਾ ਕਿ ਵਾਹਿਗੁਰੂ ਨੂੰ ਮਿਲੀਦਾ ਕਿਵੇਂ ਹੈ? ਇਰਾਦਾ ਦ੍ਰਿੜ੍ਹ ਸੀ, ਬੰਦਾ ਬੜਾ ਤਕੜਾ ਸੀ। ਐਵੇਂ ਤਾਂ ਨਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆ ਕੇ ਗੁਰੂ ਬਣ ਕੇ ਸਾਡੇ ਸੀਸ ਝੁਕਵਾਉਂਦੇ। ਵਿਚਾਰਿਆ ਕਰੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਕਿੰਨੇ ਮਹਾਤਮਾ ਨੇ ਜਿਨ੍ਹਾਂ ਨੂੰ ਅਸੀਂ ਸੀਸ ਨਿਵਾਉਂਦੇ ਹਾਂ। ਇਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਾਂ। ਇਹ ਨਹੀਂ ਕਿ ਕਬੀਰ ਸਾਹਿਬ ਦੀ, ਰਵਿਦਾਸ ਜੀ ਦੀ ਬਾਣੀ ਕੱਢ ਦਿਓ ਇਹ ਤਾਂ ਨਹੀਂ ਅਸੀਂ ਮੰਨਦੇ। ਬਾਕੀ ਗੁਰੂਆਂ ਦੀ ਮੰਨਾਂਗੇ। ਇਹ ਸ਼ਬਦ ਹੈ, ਸ਼ਬਦ ਗੁਰੂ ਮੁੱਢ ਤੋਂ ਤੁਰਿਆ ਆਇਆ ਹੈ।

ਸੋ ਇਸ ਕਰਕੇ ਬਾਬਾ ਫਰੀਦ ਜੀ ਜੋ ਇਸ ਪਦਵੀ 'ਤੇ ਪਹੁੰਚ ਗਏ ਕਿ ਸਿੱਖ ਜਗਤ ਕੀ, ਸਾਰਾ ਸੰਸਾਰ ਉਨ੍ਹਾਂ ਨੂੰ ਸੀਸ ਨਿਵਾਉਂਦਾ ਹੈ। ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਕਰਕੇ ਸੀ। ਸਿਥਲ ਇਰਾਦਾ ਨਹੀਂ ਸੀ। ਸੋ ਆਪ ਨੇ 24 ਸਾਲ ਉਹ ਤਪਸਿਆ ਕਰੀ ਕਿ –

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ ੯੦ ॥*
*ਅੰਗ- ੧੩੮੨*

*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ ੯੧ ॥*
*ਅੰਗ- ੧੩੮੨*

ਪੁੱਠੇ ਲਟਕਦੇ ਨੇ, ਬਹੁਤ ਪਿੰਜਰ ਸੁਕਾ ਲਿਆ। ਕੇਵਲ ਦੇਖਣ ਮਾਤਰ ਹੈ ਕਿ ਬੰਦਾ, ਸਾਹ ਚਲਦਾ ਹੈ ਇਹਦੇ 'ਚ। ਉਸ ਵੇਲੇ ਕੋਈ ਦਿਆਲੂ ਮਹਾਂਪੁਰਸ਼ ਅਵਾਜ਼ ਦਿੰਦੇ ਨੇ –

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯ ॥*

*ਅੰਗ- ੧੩੭੮*

ਕਾਹਨੂੰ ਜੰਗਲਾਂ 'ਚ ਫਿਰਦਾ ਹੈਂ, ਜੰਗਲਾਂ ਦੇ ਕੰਡੇ ਮੋੜਦਾ। ਰੱਬ ਤਾਂ ਤੇਰੇ ਅੰਦਰ ਵਸਦਾ ਹੈ। ਤੈਨੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਣਾ ਪਵੇਗਾ। ਕਿਉਂਕਿ ਪੂਰਾ ਗੁਰੂ ਨਹੀਂ ਸੰਸਾਰ 'ਤੇ ਮਿਲਦਾ, ਕੋਈ ਵਿਰਲਾ ਹੈ। ਜੋ ਬਚਨ ਹੁੰਦਾ ਹੈ ਸਾਰਿਆਂ ਵਾਸਤੇ ਸਾਂਝਾ ਹੁੰਦਾ ਹੈ। ਚਾਰ ਕਿਸਮ ਦੇ ਗੁਰੂ ਹੁੰਦੇ ਨੇ - ਸਮਰੱਥ ਗੁਰੂ ਹੋਇਆ ਕਰਦਾ, ਪੰਡਤ ਗੁਰੂ, ਅੰਨ੍ਹਾ ਗੁਰੂ ਤੇ ਇਕ ਕੱਚਾ ਗੁਰੂ ਹੁੰਦਾ ਹੈ। ਪਿਛਲੇ ਤਿੰਨਾਂ ਤੋਂ ਤਾਂ ਨਹੀਂ ਕੁਛ ਵੀ ਬਣਿਆ ਕਰਦਾ। ਜਿਹੜਾ ਅਨੁਭਵੀ ਮਹਾਂਪੁਰਸ਼ ਹੁੰਦਾ ਹੈ, ਉਹ ਕਿਸੇ ਰਸਤੇ ਦੀ ਸੋਝੀ ਦਿੰਦਾ ਹੈ। ਕਿਉਂਕਿ ਆਪ ਉਹਨੇ ਦੇਖਿਆ ਹੁੰਦਾ ਹੈ, ਦੂਸਰੇ ਨੂੰ ਦਿਖਾ ਦਿੰਦਾ ਹੈ। ਪਰ ਉਹਦਾ ਜੀਵਨ ਕਿਹੋ ਜਿਹਾ ਹੁੰਦਾ ਹੈ, ਉਹਦੇ ਬਾਰੇ ਅਸੀਂ ਵਿਚਾਰ ਕਰਨੀ ਹੈ। ਫਰੀਦ ਨੂੰ ਆਵਾਜ਼ ਆਈ, ਫਰੀਦਾ! ਕਾਹਨੂੰ ਜੰਗਲਾਂ 'ਚ ਢੂੰਡਦੈਂ, ਇਹ ਤਾਂ ਗੱਲ ਵਿਚੋਂ ਹੋਰ ਹੀ ਹੈ। ਤੂੰ ਮੁਰਸ਼ਦ-ਏ-ਕਾਮਲ ਕੋਲ ਜਾਹ। ਉਹ ਤੈਨੂੰ ਸਮਝਾ ਦੇਵੇਗਾ। ਰੱਬ ਤਾਂ ਅੰਦਰ ਹੀ ਹੈ ਤੇਰੇ ਪਰ ਇਕ ਪ੍ਰਮੇਸ਼ਰ ਦੀ ਸ਼ਕਤੀ ਹੈ ਜਿਹਨੂੰ ਹਉਮੈ ਕਹਿੰਦੇ ਨੇ। ਉਹ ਤੈਨੂੰ ਦਿੱਸਣ ਨਹੀਂ ਦਿੰਦੀ। ਉਹਨੂੰ ਕੋਈ ਸੰਸਾਰ ਦੇ ਅੰਦਰ ਤੋੜਨ ਨੂੰ ਸਮਰੱਥ ਨਹੀਂ ਹੈ। ਕੇਵਲ ਗੁਰੂ ਹੈ ਜਿਹੜਾ ਹਉਮੈ ਦੀ ਕੰਧ ਤੋੜ ਦੇਵੇ ਤੇ ਨਾਲ ਰਹਿੰਦਾ ਪ੍ਰਮੇਸ਼ਰ ਦਿਖਾ ਦੇਵੇ -

*ਧਾਰਨਾ - ਕੰਧ ਹਉਮੈ ਦੀ ਦਿੱਸਣ ਨਾ ਦੇਵੇ,*
*ਅੰਦਰ ਤੇਰੇ ਰੱਬ ਵਸਦਾ।*
*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ੪ ॥ ੧ ॥*

*ਅੰਗ- ੧੨੬੩*

ਇਕੱਠੇ ਰਹਿੰਦੇ ਨੇ ਦੋਵੇਂ, ਪ੍ਰਮੇਸ਼ਰ ਵੀ ਤੇ ਆਹ ਜੀਵ ਵੀ। ਲੇਕਿਨ ਵਿਚਾਲੇ ਇਕ ਪੜਦਾ ਪੈ ਗਿਆ। ਮਾੜਾ ਜਿਹਾ ਪੜਦਾ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥*

*ਅੰਗ- ੬੨੪*

ਕਹਿੰਦੇ, ਬਹੁਤ ਬਰੀਕ ਪੜਦਾ ਪੈ ਗਿਆ, ਰੱਬ ਦੇ ਅਰ ਸਾਡੇ ਵਿਚਾਲੇ। ਇਕ ਥਾਂ ਹੋਰ ਮਹਾਰਾਜ ਦਸਦੇ ਹਨ ਕਿ ਬਾਹਰ ਨਾ ਢੂੰਡੋ -

*ਮਨ ਮਹਿ ਆਪਿ ਮਨ ਅਪੁਨੇ ਮਾਹਿ ॥*
*ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥ ਅੰਗ- ੨੭੯*

ਆਹ ਮਨ ਦੇ ਵਿਚ ਵਾਹਿਗੁਰੂ ਹੈ, ਜਿਹੜਾ ਮਨ ਹੈ ਇਹ ਵਾਹਿਗੁਰੂ ਵਿਚ ਹੈ। ਬਿਲਕੁਲ ਕੋਲ-ਕੋਲ ਨੇ ਦੋਵੇਂ। ਖਪਣ ਦੀ ਲੋੜ ਨਹੀਂ ਹੈ, ਕੁਛ ਕਰਨ ਦੀ ਲੋੜ ਨਹੀਂ। ਸਿਰਫ ਗੱਲ ਸਮਝਣ ਦੀ ਤੇ ਸਾਧਨ ਦੀ ਲੋੜ ਹੈ। ਉਂਝ ਨਹੀਂ ਹੁੰਦਾ, ਜਿੰਨਾ ਜੀਅ ਕਰਦਾ ਹੈ ਕੋਈ ਜ਼ੋਰ ਲਾ ਲਓ, ਨਹੀਂ ਹੋਇਆ ਕਰਦਾ, ਵੱਡੇ-ਵੱਡੇ ਹਾਰ ਗਏ -'***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥*** ' ਪੂਰਾ ਗੁਰੂ ਮਿਲ ਜਾਵੇ, ਸਮਰੱਥ ਗੁਰੂ, ਤਾਂ, ਤਾਂ ਗੱਲ ਬਣਦੀ ਹੈ ਜੇ ਨਹੀਂ ਮਿਲਦਾ, ਫੇਰ ਨਹੀਂ। ਫੇਰ ਲਾਰੇ-ਲੱਪੇ ਬਹੁਤ ਨੇ, ਲੰਮੇ ਚੱਕਰ 'ਚ ਪਾ ਦਿਓ ਜੀ ਉਹਨੂੰ। ਆਪ ਨੂੰ ਵੀ ਪਤਾ ਨਹੀਂ ਹੈ, ਉਹਨੂੰ ਵੀ ਪਾਈ ਜਾਂਦਾ ਹੈ। ਇਕ ਗੱਲ ਤਾਂ ਚੰਗੀ ਹੈ ਕਿ ਚਲੋ ਭਜਨ ਬੰਦਗੀ ਕਰਾਈ ਜਾਂਦੇ ਨੇ। ਲੇਕਿਨ ਕਿਨਾਰੇ ਨਹੀਂ ਪਹੁੰਚਾ ਸਕਦਾ, ਸਮਰੱਥ ਗੁਰੂ ਤੋਂ ਬਗੈਰ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਪਾਉਂਟਾ ਸਾਹਿਬ ਗਏ ਹੋਏ ਨੇ। ਮਹਾਂ ਪਵਿੱਤਰ ਭੂਮੀ ਹੈ ਜਿੱਥੇ ਗੁਰੂ ਮਹਾਰਾਜ ਨੇ ਪੰਜ ਸਾਲ ਤੋਂ ਉਤੇ ਦਾ ਸਮਾਂ ਉਸ ਥਾਂ ਦੇ ਉਤੇ ਬੜਾ ਲਿਟਰੇਚਰ ਤਿਆਰ ਕਰਿਆ ਸਾਡੇ ਵਾਸਤੇ। ਇਕ ਤਪੋ ਭੂਮੀ ਹੈ, ਬੜਾ ਭਾਰਾ ਯੁੱਧ ਉਸ ਥਾਂ ਦੇ ਉਤੇ ਜਿੱਤਿਆ ਗਿਆ ਹੈ। ਸੋ ਉਥੇ ਜਿਸ ਵਕਤ ਪਤਾ ਲੱਗਿਆ, ਪੀਰ ਬੁੱਧੂਸ਼ਾਹ ਨੂੰ ਸਢੌਰੇ ਵਾਲੇ ਨੂੰ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਇਥੇ ਆਏ ਹੋਏ ਨੇ। ਉਸ ਨੇ ਬੜੇ ਤਪ ਕਰੇ ਸੀ, ਬੜੇ ਜੌਹਦ ਕਰੇ ਸੀ। ਲੰਮਿਆਂ ਸਮਿਆਂ ਤੱਕ ਪੁੱਠਾ ਲਟਕਦਾ ਸੀ। ਭੁੱਖਾ ਰਿਹਾ, ਕਿੰਨੇ ਵਾਰੀ ਹੱਜ ਕਰਨ ਵਾਸਤੇ ਕਾਹਬਾ ਸ਼ਰੀਫ ਜਾਂਦਾ ਰਿਹਾ। ਲੇਕਿਨ ਅੰਦਰੋਂ ਇਮਾਨਦਾਰ ਸੀ। ਅੰਦਰੋਂ ਨਹੀਂ ਸੀ ਕਹਿੰਦਾ ਕਿ ਮੈਨੂੰ ਰੱਬ ਮਿਲ ਗਿਆ।

ਹੁਣ ਤਾਂ ਰਿਵਾਜ ਹੀ ਇਹ ਹੈ ਕਿ ਮੈਨੂੰ ਮਿਲ ਗਿਆ, ਕੋਈ ਵੀ ਨਹੀਂ ਕਹਿੰਦਾ ਕਿ ਮੈਨੂੰ ਮਿਲਿਆ ਨਹੀਂ ਹੈ। ਉਹ ਕਹਿੰਦਾ ਸੀ ਕਿ ਮੈਨੂੰ ਮਿਲਿਆ ਨਹੀਂ ਹੈ। ਐਨੇ ਤਪ ਕਰੇ, ਐਨੇ ਜਪ ਕਰੇ, ਐਨੇ ਪੁੰਨ ਕਰੇ, ਐਨੀ ਤੀਰਥਾਂ ਦੀ ਯਾਤਰਾ ਕਰੀ, ਹੱਜ ਕੀਤੇ। ਉਹ ਜਿਹੜੀ ਸ਼ਾਂਤੀ ਹੈ, ਪਰਮ ਸ਼ਾਂਤੀ ਉਹ ਤਾਂ ਮੈਨੂੰ ਮਿਲੀ ਨਹੀਂ ਹੈ। ਅਜੇ ਮਨ ਕਦੇ ਉੱਚਾ ਹੁੰਦਾ ਹੈ, ਕਦੇ ਨੀਚਾ ਹੁੰਦਾ ਹੈ। ਕਦੇ ਕ੍ਰੋਧ ਵਿਚ ਆ ਜਾਂਦਾ ਹੈ, ਕਦੇ ਖੇੜਿਆਂ 'ਚ ਆ ਜਾਂਦਾ ਹੈ -

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ ੨ ॥*

*ਅੰਗ- ੮੭੬*

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਇਕ ਸਲੋਕ ਉਹਦੇ ਅੰਦਰ ਹਰ ਵਕਤ ਚਲਦਾ ਰਹਿੰਦਾ ਸੀ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*

*ਅੰਗ- ੫੫੦*

ਕਿ ਇਕ ਤਾਂ ਉਹ ਹੈ ਜਿਹੜਾ ਦੌੜਿਆ ਫਿਰਦਾ ਹੈ। ਜਿਹੜਾ ਕਹਿੰਦਾ ਹੈ ਮੈਂ ਕਰਦਾ ਹਾਂ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ ਤੇ ਮੇਰਾ ਨਾਉਂ ਜੀਵ ਆਤਮਾ ਹੈ। ਇਕ ਕਹਿੰਦੇ ਉਹ ਰਹਿੰਦਾ ਹੈ ਜਿਹੜਾ ਕਿਤੇ ਆਉਂਦਾ ਹੀ ਨਹੀਂ, ਪਰਮ ਅਨੰਦ 'ਚ ਰਹਿੰਦਾ ਹੈ। '***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*** ' ਨਾ ਉਡਾਰੀਆਂ ਮਰਦਾ ਹੈ। ਇਕ ਉਹ ਹੈ ਜਿਹੜਾ ਉਡਾਰੀਆਂ ਮਾਰ-ਮਾਰ ਕੇ ਫਸੀ

ਜਾਂਦਾ ਹੈ –

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥*

*ਅੰਗ– ੬੬*

ਉਡਾਰੀਆਂ ਮਾਰਦਾ ਹੈ, ਚਾਹੇ ਚੰਗਾ ਬੰਦਾ ਹੈ, ਚਾਹੇ ਮਾੜਾ ਹੈ। ਉਡਾਰੀਆਂ ਸਾਰੇ ਮਾਰਦੇ ਨੇ। ਜਿੰਨਾਂ ਹਉਮੈ ਦੇ ਵਿਚ ਕੰਮ ਕਰ ਰਿਹਾ ਹੈ, ਉਹ ਸਾਰੀਆਂ ਉਡਾਰੀਆਂ ਹੀ ਨੇ। ਉਹਦਾ ਨਤੀਜਾ ਕੀ ਹੁੰਦਾ ਹੈ, ਜਿੰਨੀਆਂ ਉਡਾਰੀਆਂ ਮਾਰੇਗਾ, ਓਨਾਂ ਹੀ ਦੁੱਖ ਵਧੇਗਾ –

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥*

*ਅੰਗ– ੫੦*

ਮਾਇਆ ਨੇ ਚੋਗਾ ਪਾ ਦਿਤਾ ਧੀਆਂ ਦਾ, ਪੁੱਤਰਾਂ ਦਾ, ਜ਼ਮੀਨ ਦਾ, ਜਾਇਦਾਦ ਦਾ, ਦੋਸਤਾਂ, ਪ੍ਰਭਤਾ ਦਾ ਬੇਅੰਤ ਕਿਸਮ ਦੇ ਸੁੱਖਾਂ ਦਾ ਚੋਗਾ ਪਾ ਦਿਤਾ। ਜੀਵ ਫਸ ਗਿਆ ਜਾਲ ਦੇ ਵਿਚ। ਕਹਿੰਦੇ, ਹੁਣ ਰੋਂਦਾ ਹੈ, ਨਿਕਲ ਨਹੀਂ ਹੁੰਦਾ ਇਸ ਤੋਂ। ਦਝਦਾ ਹੈ, ਵਿਰਲਾਪ ਕਰਦਾ ਹੈ, ਨਿਕਲ ਨਹੀਂ ਸਕਦਾ। ਸੋ ਉਸ ਵੇਲੇ ਐਸੇ ਵਿਚਾਰ ਉਹਦੇ ਮਨ ਵਿਚ ਆਉਂਦੇ ਨੇ ਕਿ ਮਨਾ! ਬਣਿਆ ਕੁਛ ਨਹੀਂ ਪੀਰ ਹਾਂ, ਬੇਅੰਤ ਮੇਰੇ ਮੁਰੀਦ ਨੇ। 700 ਤਾਂ ਮੁਰੀਦ ਸੀ ਉਹਦਾ ਗੁਰੂ ਮਹਾਰਾਜ ਵਲ ਹੋ ਕੇ ਹੀ ਯੁੱਧ ਕਰਿਆ ਸੀ। ਵੱਡਾ ਜਗੀਰਦਾਰ ਸੀ, ਇਹ ਨਹੀਂ ਕਿ ਕੋਈ ਗਰੀਬ ਆਦਮੀ ਸੀ। ਦੋ ਲੰਗਰ ਹਰ ਵਕਤ ਚਲਾਉਂਦਾ ਸੀ, ਹਿੰਦੂਆਂ ਵਾਸਤੇ ਵੱਖਰਾ ਲੰਗਰ, ਇਸਲਾਮ ਵਾਲਿਆਂ ਵਾਸਤੇ ਵੱਖਰਾ ਲੰਗਰ। ਦੋਹਾਂ ਹੀ ਕੌਮਾਂ ਨੂੰ ਇਕੋ ਜਿਹਾ ਸਮਝਦਾ ਸੀ, ਸਮਦ੍ਰਿਸ਼ਟੀ ਰਖਦਾ ਸੀ। ਲੇਕਿਨ ਅਜੇ ਅੰਦਰੋਂ ਪ੍ਰਕਾਸ਼ ਨਹੀਂ ਸੀ ਹੋਇਆ। ਉਸ ਵੇਲੇ ਖਿਆਲ ਹੋਇਆ ਕਿ ਮੈਨੂੰ ਵੀ ਜਿਹੜੇ ਕਾਬਲ ਸਾਧੂ ਮਿਲੇ ਨੇ ਉਹ ਇਹ ਗੱਲ ਕਹਿੰਦੇ ਨੇ ਕਿ ਮੁਰਸ਼ਦ-ਏ-ਕਾਮਲ ਤੋਂ ਬਗੈਰ ਨਹੀਂ ਰਸਤਾ ਲੱਭਿਆ ਕਰਦਾ। ਹੋਵੇ ਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਹੀ ਮੁਰਸ਼ਦ-ਏ-ਕਾਮਲ ਹੋਣ।

ਉਸ ਵੇਲੇ ਵਿਚਾਰ ਕੇ ਗੁਰੂ ਦਸਵੇਂ ਪਾਤਸ਼ਾਹ ਵਲ ਨੂੰ ਚੱਲਿਆ। ਲੇਕਿਨ ਨਾਲ ਦੋ-ਤਿੰਨ ਸੌ ਮੁਰੀਦ ਵੀ ਨਾਲ ਤਿਆਰ ਹੋ ਗਿਆ। ਉਸ ਵੇਲੇ ਗੁਰੂ ਮਹਾਰਾਜ ਦੇ ਜਦੋਂ ਨੇੜੇ ਪਹੁੰਚਿਆ, ਪਾਉਂਟਾ ਸਾਹਿਬ, ਦੀਵਾਨ ਲੱਗਿਆ ਹੋਇਆ ਹੈ ਤੇ ਉਹਦੇ ਵਿਚ ਇਹਨੂੰ ਦੂਰੋਂ ਹੀ ਐਨਾ ਪਿਆਰ ਆਇਆ ਹਿਰਦੇ ਵਿਚ ਕਿ ਮੈਂ ਤਾਂ ਗੁਰੂ ਸਾਹਿਬ ਦੇ ਚਰਨ ਫੜ ਕੇ ਛੱਡਣੇ ਹੀ ਨਹੀਂ ਹੈਗੇ। ਜਦੋਂ ਤੱਕ ਮੈਨੂੰ ਉਹ ਪ੍ਰਮੇਸ਼ਰ ਮਿਲਾ ਨਹੀਂ ਦਿੰਦੇ, ਮੈਂ ਨਹੀਂ ਛੱਡਣੇ। ਲੇਕਿਨ ਜਦੋਂ ਥੋੜ੍ਹਾ ਜਿਹਾ ਅਗਾਹਾਂ ਗਿਆ, ਮਹਾਰਾਜ ਦੇ ਰੂਪ ਨੇ ਖਿੱਚ ਪਾਈ ਕਿ ਹੈ ਤਾਂ ਕਾਮਲ। ਨਾਲ ਸੰਸਾ ਹੋ ਗਿਆ, ਸੰਸਾ ਵੈਰੀ ਹੁੰਦਾ ਹੈ ਬੰਦੇ ਦਾ, ਬਹੁਤ ਜ਼ਬਰਦਸਤ। ਬਾਹਰਲੇ ਵੈਰੀ ਕੁਛ ਨਹੀਂ ਕਰਦੇ। ਸੰਸੇ ਵਰਗਾ ਵੈਰੀ ਦੁਨੀਆਂ 'ਚ ਕੋਈ ਨਹੀਂ। ਇਹ ਭਰਮ ਪਾ ਰੱਖਦਾ ਹੈ, ਪ੍ਰਮੇਸ਼ਰ ਨਾਲੋਂ ਤੋੜ ਰਖਦਾ ਹੈ, ਸਭ ਤੋਂ ਵੱਡਾ ਵੈਰੀ ਇਹੀ ਹੋਇਆ ਕਰਦਾ ਹੈ। ਪੈ ਗਿਆ ਸੰਸਾ ਕਿ ਇਹ ਤਾਂ ਛੋਟੀ ਉਮਰ ਦਾ ਹੈ, ਵੀਹ ਕੁ ਸਾਲ ਦਾ, ਦਾੜ੍ਹਾ ਅਜੇ ਆਉਣ ਹੀ ਲੱਗਾ ਹੈ, ਮੈਂ ਬਜ਼ੁਰਗ ਹਾਂ। ਦਾੜ੍ਹੀ 'ਤੇ ਹੱਥ ਫੇਰਿਆ ਕਿ ਮੈਂ ਤਾਂ ਵੱਡਾ ਬਹੁਤ ਹਾਂ, ਚਿਲ੍ਹੇ ਕੱਟ ਲਏ ਬੇਅੰਤ ਸਾਧਨ ਕਰ ਲਏ। ਯੋਗ ਸਾਧਨਾ ਕਰ ਲਈਆਂ, ਕਾਹਬੇ ਜਾ ਆਇਆ, ਦਾਨ ਮੈਂ ਕਰਦਾ ਹਾਂ, ਨੇਕ ਕੰਮ ਸਾਰੇ ਮੈਂ ਕਰਦਾ ਹਾਂ। ਮੈਂ ਜੇ ਇਹਦੇ ਚਰਨੀਂ ਪੈ ਗਿਆ, ਮੇਰੇ ਮੁਰੀਦ ਕਹਿਣਗੇ ਕਿ ਇਹ ਤਾ ਹਦੋਂ ਗਲਤ ਗੱਲ ਹੈ। ਇਨ੍ਹਾਂ ਨੇ ਤਾਂ ਤਰਕ ਕਰਨੀ ਹੈ ਕਿ ਕਾਫਰ ਦੇ ਪੈਰੀਂ ਮੋਮਨ ਪੈ ਗਿਆ। ਐਸੇ ਖਿਆਲ ਅੰਦਰੋਂ ਸ਼ੁਰੂ ਹੋਣ ਦੇ ਨਾਲ ਤਾਰ ਟੁੱਟੀ, ਜਿਹੜੀ ਸ਼ਰਧਾ ਬਣਾਈ ਸੀ ਘਟ ਗਈ। ਗੁਰੂ ਸਾਹਿਬ ਕੋਲ ਜਾ ਪਹੁੰਚਿਆ।

ਮਹਾਰਾਜ ਜੀ ਨੂੰ ਨਮਸ਼ਕਾਰ ਕਰਨ ਦੀ ਬਜਾਏ, ਹੱਥ ਵਧਾਇਆ। ਮਹਾਰਾਜ ਨੇ ਦੋ ਉਂਗਲਾਂ ਅੱਗੇ ਕਰਕੇ ਕਿਹਾ ਆਓ ਪੀਰ ਜੀ! ਕਿਸ ਤਰ੍ਹਾਂ ਦਰਸ਼ਨ ਦਿਤੇ? ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਆਹ ਜਦੋਂ ਮੈਂ ਸਲੋਕ ਪੜ੍ਹਦਾ ਹਾਂ – ***'ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥'*** ਉਸ ਵੇਲੇ ਮੈਨੂੰ ਪਤਾ ਨਹੀਂ ਲਗਦਾ ਕਿ ਇਹਦੇ ਅਰਥ ਕੀ ਨੇ? ਉਸ ਵੇਲੇ ਕਹਿਣ ਲੱਗਿਆ, ਮੈਂ ਆਪ ਦੇ ਪਾਸ ਇਸ ਸ਼ੰਕੇ ਨੂੰ ਨਵਿਰਤ ਕਰਨ ਵਾਸਤੇ ਪਹੁੰਚਿਆਂ ਤੇ ਮੇਰਾ ਸਵਾਲ ਇਹ ਹੈ ਕਿ ਜੀਵ ਔਰ ਖੁਦਾ ਕਾ, ਰੂਹ ਔਰ ਖੁਦਾ ਕਾ ਮੇਲ ਕੈਸੇ? ਕਿਉਂਕਿ ਇਹਦੇ ਅੰਦਰ ਦੋ ਰਹਿੰਦੇ ਨੇ। ਇਕ ਤਾਂ ਉਹ ਹੈ ਜਿਹੜਾ ਸਾਖੀ ਹੈ, ਉਹ ਕਰਦਾ ਨਹੀਂ, ਭੋਗਦਾ ਨਹੀਂ, ਕਿਸੇ 'ਚ ਲਪਾਇਮਾਨ ਨਹੀਂ ਹੁੰਦਾ। ਉਹ ਪਰਮ ਅਨੰਦ 'ਚ ਰਹਿੰਦਾ ਹੈ। ਇਕ ਉਹ ਹੈ ਜਿਹੜਾ ਇਹਦੇ 'ਚ ਪ੍ਰਕਾਸ਼ ਕਰਕੇ ਆਪਣੇ ਆਪ ਨੂੰ ਸੁਖੀ ਕਰਤਾ, ਭੋਗਤਾ, ਸ਼ੋਕਵਾਨ, ਪ੍ਰਲੋਕ 'ਚ ਆਉਣ-ਜਾਣ ਵਾਲਾ, ਖੁਸ਼ ਹੋ ਜਾਣ ਵਾਲਾ, ਗਮੀ ਵਿਚ ਆ ਜਾਣ ਵਾਲਾ, ਇਕ ਇਹ ਸਮਝਦਾ ਹੈ। ਇਨ੍ਹਾਂ ਦੋਹਾਂ ਦੇ ਵਿਚ ਮੈਨੂੰ ਭੇਦ ਪੈ ਗਿਆ, ਬੜਾ ਜ਼ਬਰਦਸਤ ਤੇ ਮੈਨੂੰ ਹੁਣ ਪਤਾ ਨਹੀਂ ਲਗਦਾ ਕਿ ਜੀਵ ਔਰ ਅੱਲਾ ਕਾ ਮੇਲ ਕੈਸੇ ਹੋਏ। ਕਹਿੰਦਾ, ਆਪ ਕ੍ਰਿਪਾ ਕਰਕੇ ਮੇਰੇ ਕੋ ਬਤਾਓ।

ਮਹਾਰਾਜ ਜੀ ਨੇ ਸਹਿਜ ਸੁਭਾਅ ਹੀ ਬੋਲ ਦਿਤਾ ਕਿ ਯੇਹ ਮੇਲ ਐਸੇ 'ਰਾਤ ਔਰ ਦਿਨ ਕਾ ਜੈਸੇ।' ਹੁਣ ਸੋਚਣ ਲੱਗ ਗਿਆ ਕਿ ਦਿਨ ਦਾ ਤੇ ਰਾਤ ਦਾ? ਇਹ ਤਾਂ ਦੋਵੇਂ ਇਕੱਠੇ ਹੀ ਨਹੀਂ ਹੁੰਦੇ ਕਦੇ। ਮੇਲ ਤਾਂ ਉਹ ਹੁੰਦੈ ਜਿਹੜੇ ਦੋਵੇਂ ਇਕੱਠੇ ਹੋ ਜਾਣ। ਜਿਹੜਾ ਇਕ ਚਲਿਆ ਜਾਵੇ, ਇਕ ਆਇਆ ਹੈ ਉਹਦਾ ਮੇਲ ਤਾਂ ਹੋਇਆ ਨਾ। ਉਹ ਤਾਂ ਗੈਰ-ਹਾਜ਼ਰ ਹੋ ਗਿਆ ਉਹਦੇ ਆਉਣ 'ਤੇ। ਸੋਚੀ ਜਾਂਦਾ ਹੈ, ਮਹਾਰਾਜ ਕਹਿੰਦੇ ਹਾਂ, ਹੁਣ ਕਹਿ ਨਹੀਂ ਸਕਦਾ ਕਿ ਮੈਂ ਸਮਝਿਆ ਨਹੀਂ ਹਾਂ। ਕਹਿਣ ਲੱਗਿਆ, ਮਹਾਰਾਜ! ਮੈਂ ਆਪ ਕਾ ਮਤਲਬ ਨਹੀਂ ਸਮਝਾ? ਮੈਨੇ ਯੇ ਪੂਛਾ ਥਾ ਕਿ ਖੁਦਾ ਕਾ ਔਰ ਰੂਹ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਮੈਨੇ ਬੀ ਤੋ ਠੀਕ ਹੀ ਬਤਾਇਆ ਥਾ, ਦਿਨ ਕਾ ਔਰ ਰਾਤ ਕਾ ਜੈਸੇ। ਹੁਣ ਹੋਰ ਸੋਚਣ ਲੱਗ ਗਿਆ ਕਿ ਦਿਨ ਤੇ ਰਾਤ ਤਾਂ ਕਦੇ ਇਕੱਠੇ ਹੀ ਨਹੀਂ ਹੁੰਦੇ। ਕਹਿੰਦਾ,

ਮਹਾਰਾਜ! ਮੈਂ ਤਾਂ ਜੋ ਗੱਲ ਕਹੀ ਹੈ ਨਾ, ਉਹ ਮੇਲ ਕੀ ਬਾਤ ਕਹੀ ਹੈ। ਰੂਹ ਕਾ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਸੱਚ ਕਾ ਔਰ ਝੂਠ ਕਾ ਜੈਸੇ।

ਹੁਣ ਫੇਰ ਅੱਗੇ ਚੱਕਰ 'ਚ ਪੈ ਗਿਆ ਕਿ ਸੱਚ ਤੇ ਝੂਠ ਤਾਂ ਦੋ ਇਕੱਠੇ ਹੁੰਦੇ ਹੀ ਨਹੀਂ ਹਨ। ਅਖੀਰ ਕਹਿਣਾ ਪਿਆ, ਕਹਿਣ ਲੱਗਿਆ, ਗੁਰੂ ਜੀ! ਮੈਂ ਮਤਲਬ ਨਹੀਂ ਸਮਝਿਆ। ਮੇਰੇ ਦਿਮਾਗ 'ਚ ਨਹੀਂ ਬੈਠ ਸਕੀ ਅਜੇ ਕਿ ਰਾਤ ਕਾ ਔਰ ਦਿਨ ਕਾ ਤੋ ਮੇਲ ਹੋਤਾ ਹੀ ਨਹੀਂ। ਮਹਾਰਾਜ ਕਹਿੰਦੇ, ਦਿਨ ਚੜ੍ਹ ਜਾਵੇ, ਰਾਤ ਜਾਂਦੀ ਰਹਿੰਦੀ ਹੈ। ਜਦੋਂ ਖੁਦਾ ਦਾ ਦਰਸ਼ਨ ਹੁੰਦਾ ਹੈ ਤਾਂ ਇਹ ਝੂਠੀ ਮੈਂ ਮਰ ਜਾਂਦੀ ਹੈ। ਇਹ ਨਹੀਂ ਰਹਿੰਦੀ। ਕਹਿੰਦਾ, ਫੇਰ ਜੀਵ ਕਾ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਜੀਵ ਭਾਵ ਹੈ ਨਾ ਜਿਹੜਾ, ਮੈਂ ਬਣੇ ਹੋਏ ਹਾਂ, ਮੈਂ ਫਲਾਣਾ ਸਿੰਘ, ਆਹ ਗੱਲ ਜੜ੍ਹਾਂ ਤੋਂ ਹੀ ਝੂਠੀ ਹੈ। ਗੱਲ ਸਮਝੋ ਮਹਾਰਾਜ ਕਿੱਥੇ ਲੈ ਕੇ ਚਲੇ ਗਏ, ਜੇ ਤਾਂ ਗੱਲ ਕੋਈ ਸਮਝ ਜਾਵੇ, ਇਸ ਵੇਲੇ ਇਥੇ ਹੀ ਬੈਠੇ ਨੂੰ ਬ੍ਰਹਮਗਿਆਨ ਹੋ ਜਾਵੇ। ਕੁਛ ਕਰਨ ਦੀ ਉਹਨੂੰ ਲੋੜ ਨਹੀਂ ਹੈ, ਕਿਸੇ ਕਿਸਮ ਦੀ ਵੀ। ਲੇਕਿਨ ਸਮਝੇ ਕਿਹੜਾ, ਇਹ ਕੋਈ ਮਾਮੂਲੀ ਗੱਲ ਥੋੜ੍ਹਾ ਹੈ, ਇਸ ਗੱਲ ਨੂੰ ਸਮਝ ਲੈਣਾ। ਉਹ ਕਹਿੰਦੇ, ਜਿਹੜੀ 'ਮੈਂ' ਹੈ ਨਾ ਜੀਵ ਭਾਵ ਇਹ ਹੈ ਹੀ ਕੂੜ। ਇਹ ਕੇਵਲ ਵਾਹਿਗੁਰੂ ਦੀ ਸੱਤਾ ਕਰਕੇ ਪ੍ਰਤੀਤ ਹੋ ਰਿਹਾ ਹੈ, ਉਹਦੀ ਸੱਤਾ ਕਰਕੇ ਇਹ ਹਉਮੈ ਦਾ ਭਾਵ ਅੰਦਰ ਪੈਦਾ ਹੋ ਗਿਆ, ਉਹ ਕਹਿੰਦਾ ਕਿ ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ। ਕਹਿੰਦੇ, ਬੁੱਧੂਸ਼ਾਹ! ਇਹਦਾ ਨਾਉਂ ਤਾਂ ਹੈਗਾ ਜੀਵ ਆਤਮਾ, ਜਿਹੜੀ ਸੱਚੀ 'ਮੈਂ' ਹੈ ਉਹਦਾ ਨਾਉਂ ਹੈ 'ਆਤਮਾ', ਉਹ ਆਤਮਾ ਤੇ ਪ੍ਰਮਾਤਮਾ ਦਾ ਕਦੇ ਵਿਛੋੜਾ ਨਹੀਂ ਹੁੰਦਾ, ਉਹ ਸਦਾ ਹੀ ਮਿਲੇ ਰਹਿੰਦੇ ਨੇ। ਇਹ ਜਿਹੜਾ ਆਤਮਾ ਦੇ ਵਿਚ ਕਲਪਣਾ ਕੀਤੀ ਹੈ ਜੀਵ ਦੀ ਇਹ ਹਉਮੈ ਕਰਕੇ, ਇਹ ਬਿਲਕੁਲ ਕੂੜੀ ਹੈ, ਮਿਸਾਲ ਨਾਲ ਤੈਨੂੰ ਦਸਦੇ ਹਾਂ ਕਿ ਹਨ੍ਹੇਰੇ ਵਿਚ ਜਿਵੇਂ ਰੱਸੀ ਪਈ ਹੁੰਦੀ ਹੈ, ਉਹਦੇ 'ਚ ਕਲਪਣਾ ਹੋ ਜਾਂਦੀ ਹੈ ਕਿ ਸੱਪ ਪਿਆ ਹੈ। ਸਾਰੇ ਹੀ ਜਾਣਦੇ ਹਾਂ, ਜਿੰਨੇ ਆਪਾਂ ਬੈਠੇ ਹਾਂ। ਭੁਲੇਖਾ ਪੈ ਜਾਂਦਾ ਹੈ ਕਿ ਸੱਪ ਪਿਆ ਹੈ। ਕਹਿੰਦੇ, ਉਹਦੇ ਵਿਚ ਕੇਵਲ ਭਾਵਨਾ ਹੋਈ, ਰੱਸੀ ਵਿਚ ਕਦੇ ਸੱਪ ਆ ਹੀ ਨਹੀਂ ਸਕਦਾ। ਕਦੇ ਰੱਸੀ ਵੀ ਸੱਪ ਬਣੀ ਹੈ ਤੇ ਉਹ ਤਾਂ ਇਕ ਭੁਲੇਖਾ ਪੈ ਗਿਆ। ਹਉਮੈ ਨੇ ਭੁਲੇਖਾ ਪਾ ਦਿਤਾ, ਪੜਦਾ ਪਾ ਦਿਤਾ ਤੇ ਉਹ ਭੁਲੇਖੇ ਦੇ ਵਿਚ ਸੱਪ ਬਣਾ ਦਿਤਾ, ਜੀਵ ਬਣਾ ਦਿਤਾ, ਰੂਹ ਬਣਾ ਦਿਤੀ। ਕਹਿੰਦੇ, ਸਾਖੀ ਸਤਿ ਹੈ, ਸਤਿ ਸਾਖੀ ਦਾ ਹਰ ਵਕਤ ਮੇਲ ਹੀ ਰਹਿੰਦਾ ਹੈ, ਕਦੇ ਵਿਛੋੜਾ ਹੀ ਨਹੀਂ ਹੁੰਦਾ–

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ– ੮੪੬*

ਕਹਿਣ ਲੱਗਿਆ, ਮਹਾਰਾਜ! ਜਿਹੜਾ 'ਮੈਂ' ਹੈ ਫਿਰ ਇਹ ਝੂਠਾ?

ਮਹਾਰਾਜ ਕਹਿੰਦੇ, ਇਹ ਭਰਮ ਪੈ ਗਿਆ ਤੈਨੂੰ ਲੰਮੇ ਸਮੇਂ ਤੋਂ। ਪੰਜ ਭਰਮ ਪੈ ਗਏ ਤੇਰੇ ਅੰਦਰ। ਲੰਮੇ ਸਮੇਂ ਦਾ ਅਧਿਆਸ ਹੈ ਜੋ ਉਹ ਪੱਕ ਗਿਆ। ਇਕ ਮਿਸਾਲ ਦੇ ਨਾਲ ਗੱਲ ਸਮਝ ਪੈਂਦੀ ਹੈ ਕਿ ਅਧਿਆਸ ਕਿਸਨੂੰ ਕਹਿੰਦੇ ਨੇ। ਰਾਜਾ ਜਨਕ ਸਿੰਘਾਸ਼ਨ 'ਤੇ ਬੈਠਾ ਹੈ। ਗਰਮੀ ਦਾ ਮਹੀਨਾ ਹੈ, ਬਾਹਰ ਖਸ ਦੀਆਂ ਟੱਟੀਆਂ ਲਾਈਆਂ ਹੋਈਆਂ ਨੇ ਤੇ ਗਿੱਲੀਆਂ ਕਰ-ਕਰ ਕੇ, ਸ਼ੋਰੇ ਵਗੈਰਾ ਰੱਖ-ਰੱਖ ਕੇ ਕਰ ਦਿਤੀ ਜਿਵੇਂ ਬਰਫ ਹੁੰਦੀ ਹੈ, ਦਰਬਾਰ ਲੱਗਿਆ ਹੋਇਆ ਹੈ। ਉਥੇ ਉਹਨੂੰ ਥੋੜ੍ਹਾ ਜਿਹਾ ਚਿਰ ਊਂਘ ਆ ਗਈ, ਨੀਂਦ ਆ ਗਈ। ਉਹਦੇ 'ਚ ਕੀ ਦੇਖਦਾ ਹੈ ਕਿਸੇ ਰਾਜੇ ਨੇ ਹਮਲਾ ਕਰ ਦਿਤਾ, ਲੜਾਈ ਬੜੀ ਜ਼ਬਰਦਸਤ ਹੋਈ। ਉਸ ਤੋਂ ਬਾਅਦ ਰਾਜੇ ਨੇ ਫੌਜਾਂ ਨੂੰ ਹਾਰ ਦੇ ਦਿਤੀ ਤੇ ਮਹਿਲਾਂ 'ਚ ਆ ਗਿਆ। ਉਥੇ ਆ ਕੇ ਇਹਨੂੰ ਫੜ ਲਿਆ ਤੇ ਫੜ ਕੇ ਕਿਹਾ ਕਿ ਇਹਨੂੰ ਸਾਰੇ ਬੰਦੇ ਇੱਟਾਂ ਮਾਰੋ। ਇੱਟਾਂ ਮਾਰ ਕੇ ਕੱਢੋ, ਇਹਦੀ ਬੇਇਜ਼ਤੀ ਕਰਕੇ। ਕੱਪੜੇ ਉਹਦੇ ਲਾਹ ਲਏ, ਉਸ ਤੋਂ ਬਾਅਦ ਉਸਦੀ ਬਹੁਤ ਬੇਇਜ਼ਤੀ ਕਰੀ। ਇੱਟਾਂ ਵੱਟੇ ਮਾਰ ਕੇ ਉਹਨੂੰ ਕੱਢ ਦਿਤਾ, ਦੁਖੀ ਹੁੰਦਾ ਤਿੰਨ ਦਿਨਾਂ ਦੇ ਅੰਦਰ, ਗਰਮੀ ਦੇ ਵਿਚ ਨੰਗੇ ਪੈਰੀਂ ਰੇਤੇ 'ਤੇ ਚਲਦਾ ਹੈ, ਕਦੇ ਚੱਲਿਆ ਨਹੀਂ ਸੀ, ਚੀਕਾਂ ਮਾਰਦਾ ਜਾਂਦਾ ਹੈ। ਹੱਦ ਤੋਂ ਜ਼ਿਆਦਾ ਦੁੱਖ ਪਾਉਣ ਤੋਂ ਬਾਅਦ ਦੂਸਰੇ ਰਾਜ 'ਚ ਗਿਆ। ਉਥੇ ਇਕ ਬੇਰੀ ਦਾ ਮੁੱਢ ਸੀ ਉਸ 'ਤੇ ਬਹਿ ਗਿਆ। ਖੂਨ ਲੱਗਿਆ ਹੋਇਆ, ਕਈ ਕਤਰੇ ਉਹਦੇ ਬੇਰੀ ਦੇ ਮੁੱਢ 'ਤੇ ਪੈ ਗਏ। ਉਸ ਤੋਂ ਬਾਅਦ ਉਥੇ ਕੋਈ ਬੰਦਾ ਆਇਆ ਕਹਿਣ ਲੱਗਿਆ, ਭਾਈ! ਤੂੰ ਇਸ ਤਰ੍ਹਾਂ ਬੈਠਾਂ ਹੈਂ, ਕਹਿਣ ਲੱਗਿਆ, ਮੇਰਾ ਹਾਲ ਆਹ ਹੋ ਗਿਆ, ਮੈਂ ਤਾਂ ਰਾਜਾ ਜਨਕ ਹਾਂ। ਮੈਨੂੰ ਬੜੀ ਭੁੱਖ ਲੱਗੀ ਹੋਈ ਹੈ ਕ੍ਰਿਪਾ ਕਰ। ਕਹਿੰਦਾ, ਦੇਖ ਔਹ ਸਾਮ੍ਹਣੇ ਸ਼ੇਤਰ ਹੈ, ਉਥੇ ਚਲਿਆ ਜਾਹ, ਲੰਗਰ 'ਚ ਜਾ ਕੇ ਖੜ੍ਹ ਜਾ, ਉਥੇ ਪ੍ਰਸ਼ਾਦਾ ਵੰਡਿਆ ਜਾ ਰਿਹਾ ਹੈ। ਉਥੇ ਖੜ੍ਹ ਗਿਆ, ਜਦੋਂ ਇਹਦੀ ਵਾਰੀ ਆਈ, ਉਹ ਖਿੱਚੜੀ ਦੇ ਰਹੇ ਸੀ। ਕਹਿੰਦੇ, ਭਾਈ ਗੁਰਮੁਖਾ! ਬਰਤਨ ਤਾਂ ਲਿਆ। ਬਰਤਨ ਨਾ ਲਿਆਇਆ। ਕਹਿੰਦਾ ਮੇਰੇ ਕੋਲ ਤਾਂ ਹੈ ਨਹੀਂ। ਕਹਿੰਦੇ, ਜਾਹ ਜਾ ਕੇ ਲੈ ਕੇ ਆ। ਕਾਹਦੇ 'ਚ ਪਾਈਏ ਖਿੱਚੜੀ ਗਰਮ ਹੈ। ਇਹ ਕੌਡੀਆਂ ਮੰਗਣ ਲੱਗ ਗਿਆ। 19 ਕੌਡੀਆਂ ਮਿਲੀਆਂ। ਉਹਦਾ ਇਕ ਕਸੋਰਾ ਲੈ ਲਿਆ। ਕਸੋਰਾ ਲੈ ਕੇ ਜਦੋਂ ਉਥੇ ਪਹੁੰਚਿਆ, ਸਭ ਕੁਛ ਵਰਤ ਚੁੱਕਿਆ ਸੀ, ਉਨ੍ਹਾਂ ਨੇ ਖੁਰਚਣ ਪਾ ਦਿਤੀ। ਕਹਿੰਦੇ, ਜਾਹ ਉਥੋਂ ਘਿਉ ਲੈ-ਲੈ, ਉਹਦੇ ਬਿਨਾਂ ਨਹੀਂ ਲੰਘਣੀ। ਉਥੇ ਜਾ ਕੇ ਘਿਉ ਲੈਣ ਲੱਗਿਆ ਨਾਲ ਦੇ ਥਾਂ। ਉਹਦਾ ਹੱਥ ਹਿੱਲ ਗਿਆ। ਡੁੱਲ੍ਹ ਗਿਆ ਉਹਨੇ ਬਹੁਤ ਹੀ ਇਹਦੇ ਨਾਲ ਕੁਪੱਤ ਕੀਤੀ। ਬਹੁਤ ਗਾਲ੍ਹਾਂ ਕੱਢੀਆਂ ਕਿ ਤੂੰ ਕਿਹੋ ਜਿਹਾ ਬੰਦਾ ਹੈਂ। ਘਿਉ ਪੈਰਾਂ 'ਚ ਡੋਲ੍ਹ ਦਿਤਾ। ਇਹਨੇ ਬਹੁਤ ਤਰਲੇ ਕੀਤੇ। ਉਸ ਤੋਂ ਬਾਅਦ ਇਹਨੂੰ ਘਿਉ ਥੋੜ੍ਹਾ ਜਿਹਾ ਮਿਲਿਆ, ਕਹਿੰਦਾ, ਇਥੇ ਨਾ ਬੈਠ, ਫੇਰ ਬੈਠਣ ਲੱਗਿਆ, ਕਹਿੰਦਾ ਅੱਗੇ ਚੱਲ। ਕਿਉਂਕਿ ਹਾਲਤ ਵਿਗੜੀ ਪਈ ਸੀ। ਕੇਸ ਖਿੰਡੇ ਪਏ, ਦਾੜ੍ਹਾ

ਖਿੰਡਿਆ ਹੋਇਆ, ਬੁਰਾ ਹਾਲ, ਜ਼ਖਮ ਸਰੀਰ ਦੇ ਉਤੇ। ਉਹ ਅੱਗੇ ਚਲਿਆ ਗਿਆ। ਰਸਤੇ ਦੇ ਨੇੜੇ ਬੈਠ ਕੇ, ਜਦੋਂ ਮੂੰਹ 'ਚ ਪਾਉਣ ਲੱਗਿਆ, ਦੋ ਸਾਂਢ ਭਿੜਦੇ, ਵਿਚ ਫੇਰ ਦੇ ਆ ਗਿਆ ਤੇ ਜਦੋਂ ਵਿਚ ਆਇਆ, ਜਾਗ ਆ ਗਈ। ਜਾਗ ਆਈ ਤਾਂ ਤਖਤ 'ਤੇ ਬੈਠਾ ਹੈ। ਉਸ ਵੇਲੇ ਰਿਟਾਈਰਿੰਗ ਰੂਮ 'ਚ ਚਲਾ ਗਿਆ, ਸਭਾ ਬਰਖਾਸਤ ਕਰ ਦਿਤੀ। ਚਾਰ ਵਜੇ ਤੱਕ ਨਿਕਲਿਆ ਹੀ ਨਾ। ਕਿਸੇ ਨੂੰ ਨਾ ਮਿਲਿਆ। ਨਾ ਰਾਣੀਆਂ ਨੂੰ, ਨਾ ਕਿਸੇ ਵਜ਼ੀਰ ਨੂੰ, ਨਾ ਕੋਈ ਹੁਕਮ। ਸਭ ਹੈਰਾਨ ਹੋ ਗਏ ਕਿ ਹੋ ਕੀ ਗਿਆ ਇਹਨੂੰ। ਉਸ ਵੇਲੇ ਘੋੜੇ 'ਤੇ ਚੜ੍ਹਿਆ ਸਾਢੇ ਕੁ ਚਾਰ ਵਜੇ, ਜਾ ਕੇ ਜੰਗਲ ਵਿਚ ਦੇਖਣ ਲੱਗ ਗਿਆ ਕਿ ਇਥੇ ਇੱਟ ਮਾਰੀ ਸੀ, ਇੱਥੇ ਮਾਰੀ ਸੀ ਤੇ ਇਸ ਮੁੱਢ 'ਤੇ ਮੈਂ ਬੈਠਾ ਸੀ, ਉਹ ਸ਼ੇਤਰ ਚਲਦਾ ਹੈ, ਉਹ ਬਿਲਕੁਲ ਸਹੀ ਦਿੱਸਿਆ ਇਹਨੂੰ। ਉਵੇਂ ਇੱਟਾਂ ਪਈਆਂ ਦਿਸੀਆਂ। ਉਵੇਂ ਮੁੱਢ 'ਤੇ ਗਿਆ, ਉਸੇ ਤਰ੍ਹਾਂ ਲੰਗਰ ਚਲਦਾ ਨਜ਼ਰ ਆਇਆ। ਹੁਣ ਪੱਕਾ ਭਰਮ ਪੈ ਗਿਆ। ਹੁਣ ਇਹਨੂੰ ਇਸ ਤਰ੍ਹਾਂ ਨਹੀਂ ਪਤਾ ਲਗਦਾ ਕਿ ਆਹ ਸੁਪਨਾ ਹੈ ਕਿ ਔਹ ਸੁਪਨਾ ਹੈ। ਦੋਵੇਂ ਸੁਪਨੇ ਹੀ ਬਣਾ ਲਏ, ਪੱਕਾ ਭਰਮ ਪੈ ਗਿਆ, ਬੇਅੰਤ ਸਾਧੂ ਮਹਾਤਮਾ ਬੁਲਾ ਲਏ ਸਾਰੇ ਭਾਰਤ ਵਰਸ਼ ਦੇ। ਉਨ੍ਹਾਂ ਨੂੰ ਇੱਕੋ ਹੀ ਗੱਲ ਕਹੀ ਜਾਂਦਾ ਹੈ ਕਿ ਮੇਰੇ ਸਵਾਲ ਦਾ ਜਵਾਬ ਦਿਓ-ਇਹ ਸਤਿ ਹੈ ਜਾਂ ਉਹ ਸਤਿ, ਅਖੀਰ ਜਦੋਂ ਨਾ ਜਵਾਬ ਦਿਤਾ ਗਿਆ ਅੱਠ ਸਾਲ, ਤਾਂ ਇੱਕ ਛੋਟਾ ਬੱਚਾ ਜੋ ਬ੍ਰਹਮਗਿਆਨੀ ਸੀ ਉਹ ਆਇਆ, ਉਹਨੇ ਕਿਹਾ ਰਾਜਨ! ਮੈਂ ਦੇਵਾਂਗਾ ਜਵਾਬ। ਉਹ ਜਵਾਬ ਦੇਣ ਵਾਸਤੇ, ਸਭਾ ਦੇ ਵਿਚ ਸਾਧੂ ਜਿਹੜੇ ਰੱਖੇ ਹੋਏ ਸੀ, ਅੱਠ ਸਾਲ ਤੋਂ ਘਰ ਨਹੀਂ ਸੀ ਜਾਣ ਦਿਤੇ ਕਿ ਮੇਰੇ ਸਵਾਲ ਦਾ ਜਵਾਬ ਦੇ ਕੇ ਜਾ ਸਕਦੇ ਹੋਂ। ਸੇਵਾ ਬਹੁਤ ਕਰਦਾ ਸੀ, ਖਰਚਾ ਬਹੁਤ ਦਿੰਦਾ ਸੀ। ਉਹ ਸਾਰੀ ਸਭਾ ਦੇ ਵਿਚ ਜਿਸ ਵਕਤ ਇਹ ਬੱਚਾ ਸਭ ਤੋਂ ਪਿੱਛੋਂ ਚੜ੍ਹਨ ਲੱਗਿਆ, ਇਹਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ ਤੇ ਅਸ਼ਟਾਵਕਰ, ਅੱਠ ਵਲਾਂ ਵਾਲਾ ਬੱਚਾ ਇਹਦਾ ਨਾਉਂ ਪੈ ਗਿਆ। ਇਹ ਜਦੋਂ ਚੜ੍ਹ ਰਿਹਾ ਹੈ ਤਾਂ ਇਹਦੇ ਸਰੀਰ ਦੀ ਹਾਲਤ, ਅੱਖਾਂ ਕਿਸੇ ਪਾਸੇ ਨੂੰ ਝਾਕਦੀਆਂ ਨੇ, ਮੂੰਹ ਕਿਸੇ ਪਾਸੇ ਨੂੰ ਹੈ, ਮੋਢੇ ਕਿਸੇ ਪਾਸੇ ਨੂੰ ਨੇ, ਗੋਡੇ ਕਿਧਰੇ ਨੂੰ ਨੇ, ਪੈਰ ਕਿਧਰੇ ਧਰਦਾ ਹੈ, ਰੱਖ ਕਿਤੇ ਹੋ ਜਾਂਦਾ ਹੈ। ਉਹ ਸਾਰੇ ਹੀ ਹੱਸ ਪਏ ਇਹਨੂੰ ਦੇਖ ਕੇ। ਇਹ ਵੀ ਹੱਸ ਪਿਆ। ਉਹ ਕਹਿਣ ਲੱਗੇ ਕਿ ਰਾਜਨ! ਇਹ ਬੱਚਾ ਸਾਡੀ ਬੇਇਜ਼ਤੀ ਕਰ ਰਿਹਾ ਹੈ। ਸਾਨੂੰ ਚਿੜਾ ਰਿਹਾ ਹੈ ਤੇ ਕੋਹਝੇ ਸ਼ਬਦ ਵਰਤ ਰਿਹਾ ਹੈ। ਇਹਨੂੰ ਬੰਦ ਕਰੋ।

ਰਾਜਾ ਜਨਕ ਕਹਿਣ ਲੱਗਿਆ, ਬਾਲ ਬ੍ਰਹਮਚਾਰੀ! ਇਹ ਵੱਡੇ-ਵੱਡੇ ਧੁਰੰਦਰ ਸਾਧੂ ਨੇ, ਵੱਡੇ-ਵੱਡੇ ਮਹਾਂਪੁਰਸ਼, ਵੱਡੇ ਵਿਦਵਾਨਾਂ ਦੀ ਸਭਾ ਹੈ। ਇਨ੍ਹਾਂ ਤੇ ਤੁਹਾਨੂੰ ਹੱਸਣਾ ਨਹੀਂ ਸੀ ਚਾਹੀਦਾ।

ਕਹਿਣ ਲੱਗਿਆ, ਰਾਜਨ! ਮੈਂ ਤਾਂ ਇਨ੍ਹਾਂ ਦੀ ਬੁੱਧੀ ਦੇਖ ਕੇ ਹੱਸਿਆ ਹਾਂ। ਇਹ ਮੇਰੇ ਸਰੀਰ ਨੂੰ ਦੇਖ ਕੇ ਹੱਸੇ ਨੇ। ਮੇਰੇ ਚੰਮ ਨੂੰ ਦੇਖ ਕੇ ਹੱਸੇ ਨੇ। ਇਹ ਤਾਂ ਚੰਮ ਦੇ ਵਪਾਰੀ ਨੇ। ਇਨ੍ਹਾਂ ਨੂੰ ਨਹੀਂ ਇਸ ਗੱਲ ਦਾ ਗਿਆਨ ਕਿ ਮੇਰੀ ਆਤਮਾ 'ਚ ਕੋਈ ਵਲ ਨਹੀਂ। ਜੇ ਗੰਨਾ ਵਿੰਗਾ ਹੋਵੇ, ਉਹਦਾ ਰਸ ਤਾਂ ਵਿੰਗਾ ਨਹੀਂ ਹੁੰਦਾ। ਰਸ ਤਾਂ ਉਹੋ ਜਿਹਾ ਹੀ ਹੁੰਦੈ। ਜੇ ਫਲ ਟੇਡਾ-ਮੇਢਾ ਹੈ ਉਹਦਾ ਜੂਸ ਤਾਂ ਉਹੋ ਜਿਹਾ ਹੀ ਹੈ। ਜੇ ਮੇਰੇ ਸਰੀਰ 'ਚ ਵਲ ਨੇ ਤਾਂ ਮੇਰੀ ਆਤਮਾ ਤਾਂ ਓਹੀ ਹੈ, ਉਸ ਵਿਚ ਤਾਂ ਕੋਈ ਵਲ ਨਹੀਂ। ਇਨ੍ਹਾਂ 'ਚ ਆਤਮ ਦਰਸ਼ੀ ਪੁਰਸ਼ ਕੋਈ ਨਾ ਹੋਣ ਕਾਰਨ ਤੇਰੇ ਸਵਾਲ ਦਾ ਜਵਾਬ ਕੋਈ ਨਹੀਂ ਦੇ ਸਕਿਆ। ਬਹਿ ਜਾ ਮੈਂ ਜਵਾਬ ਦਿੰਦਾ ਹਾਂ। ਸਭ ਨੇ ਨੀਵੀਆਂ ਪਾ ਲਈਆਂ। ਉਸ ਵੇਲੇ ਸਵਾਲ ਕਰਿਆ, ਕਹਿੰਦਾ, ਰਾਜਨ! ਕਰੋ ਸਵਾਲ?

ਰਾਜੇ ਨੇ ਕਿਹਾ, ਇਹ ਸੱਚਾ ਕਿ ਔਹ ਸੱਚਾ?

ਅਸ਼ਟਾਵਕਰ ਨੇ ਕਿਹਾ, ਦੋਵੇਂ ਝੂਠੇ।

ਚੁੱਪ ਕਰ ਗਏ ਸਾਰੇ ਕਿਸੇ ਦੀ ਸਮਝ 'ਚ ਨਹੀਂ ਆਇਆ। ਅਸ਼ਟਾਵਕਰ ਕਹਿਣ ਲੱਗਿਆ ਕਿ ਤੂੰ ਗੱਲ ਖੋਲ੍ਹ ਕੇ ਕਰ ਜੇ ਖੋਲ੍ਹ ਕੇ ਜਵਾਬ ਲੈਣਾ ਹੈ।

ਰਾਜਾ ਜਨਕ ਫੇਰ ਚੁੱਪ ਕਰ ਗਿਆ।

ਅਸ਼ਟਾਵਕਰ ਕਹਿਣ ਲੱਗਿਆ, ਸਭਾ ਜਨੋ! ਇਸ ਰਾਜੇ ਨੂੰ ਭੈੜਾ ਸੁਪਨਾ ਆਇਆ ਤਖਤ 'ਤੇ ਬੈਠੇ ਨੂੰ ਤੇ ਉਹਦੇ ਵਿਚ ਇਹਨੇ ਆਪਣਾ ਬਹੁਤ ਬੁਰਾ ਹਾਲ ਦੇਖਿਆ। ਉਹ ਜਿਹੜਾ ਸੁਪਨਾ ਸੀ ਇਹਦੇ ਦਿਮਾਗ ਦੇ ਅੰਦਰ ਐਨਾ ਗਹਿਰਾ ਚਲਿਆ ਗਿਆ ਕਿ ਇਹਨੂੰ ਹੁਣ ਇਹ ਨਹੀਂ ਪਤਾ ਲਗਦਾ ਕਿ ਆਹ ਸੱਚਾ ਕਿ ਔਹ ਸੱਚਾ ਹੈ।

ਜੇ ਕਿਸੇ ਦਾ ਦਿਮਾਗ ਹਿੱਲ ਜਾਵੇ, ਉਹਨੂੰ ਪਤਾ ਹੀ ਨਹੀਂ। ਇਕ ਵਾਰੀ ਮੈਂ ਇਕ ਪਿੰਡ ਦੇ ਵਿਚ ਗਿਆ। ਪਹਿਲਾਂ ਵੀ ਜਾਂਦਾ ਹੁੰਦਾ ਸੀ। ਉਥੇ ਇਕ ਮਿਲਣ ਵਾਲਾ ਸੀ, ਮੈਂ ਮਿਲਣ ਚਲਿਆ ਗਿਆ। ਉਹ ਕਮਲਾ ਹੋਇਆ-ਹੋਇਆ, ਸੰਗਲਾਂ ਨਾਲ ਬੰਨ੍ਹਿਆ ਹੋਇਆ। ਮੈਨੂੰ ਕਹਿਣ ਲੱਗਿਆ, ਚੰਗਾ ਤੂੰ ਆ ਗਿਆ, ਬਹੁਤ ਵਧੀਆ ਗੱਲ ਹੈ। ਇਸ ਤਰ੍ਹਾਂ ਕਰ ਮੇਰੀ ਬੇਗਮ ਹੈ ਅੰਦਰ ਤੇ ਮੇਰੇ ਨੌਕਰਾਂ ਨੂੰ ਕਹਿ ਉਥੋਂ ਸੋਫਾ ਸੈੱਟ ਲਿਆਉਣ ਤੇ ਆਪਾਂ ਇਥੇ ਬੈਠਾਂਗੇ। ਐਨੇ ਨੂੰ ਇਕ ਬੰਦਾ ਆਇਆ, ਉਥੇ ਥੇਹ ਸੀ ਉਥੋਂ ਮਿੱਟੀ ਚੁੱਕਣ ਲੱਗ ਗਿਆ, ਉਹਨੂੰ ਗਾਲ੍ਹਾਂ ਕੱਢਣ ਲੱਗ ਗਿਆ, ਕਹਿੰਦਾ ਤੂੰ ਮੇਰੇ ਕਿਲ੍ਹੇ ਦੀਆਂ ਜੜ੍ਹਾਂ ਪੁੱਟਦਾ ਹੈਂ। ਕਹਿੰਦਾ ਇਹਨੂੰ ਹਟਾਓ, ਮੇਰੇ ਸਿਪਾਹੀਆਂ ਨੂੰ ਜਾ ਕੇ, ਖਬਰ ਕਰ ਦੇ ਇਕ ਵਾਰੀ। ਹੁਣੇ ਇਹਨੂੰ ਹੱਥਕੜੀਆਂ ਲਾ ਕੇ ਲੈ ਜਾਣਗੇ। ਮੈਂ ਕਿਹਾ, ਚੰਗਾ ਭਲਾ ਬੰਦਾ ਹੈ। ਮੇਰੇਨਾਲ ਅੱਧੀਆਂ ਗੱਲਾਂ ਸਹੀ ਕਰਦਾ ਹੈ, ਅੱਧੀਆਂ ਦੂਸਰੀ ਤਰ੍ਹਾਂ ਕਰਦਾ ਹੈ। ਇਹਦੇ ਦਿਮਾਗ 'ਚ ਫਰਕ ਪੈ ਗਿਆ। ਉਹ ਸੀ ਬਹੁਤ ਗਰੀਬ ਲੇਕਿਨ ਆਪਣੇ ਆਪ ਨੂੰ ਇਸ ਤਰ੍ਹਾਂ ਸਮਝਦਾ ਸੀ ਕਿ ਮੈਂ ਰਾਜਾ ਹਾਂ ਇਥੇ ਦਾ। ਦਿਮਾਗ ਦੀ ਹੀ ਗੱਲ ਹੈ। ਜਦੋਂ ਦਿਮਾਗ ਹਿੱਲ ਜਾਂਦਾ ਹੈ, ਕਿੰਨਿਆਂ ਨੇ ਦੇਖਿਆ ਹੈ, ਉਸ ਵੇਲੇ ਓਹੀ ਬੰਦਾ ਊਲ-ਜਲੂਲ ਗੱਲਾਂ

ਕਰਨੀਆਂ ਸ਼ੁਰੂ ਕਰ ਦਿੰਦਾ ਹੈ। ਉਸ ਤੋਂ ਹੀ ਅਸੀਂ ਡਰਨ ਲੱਗ ਜਾਂਦੇ ਹਾਂ ਕਿ ਇਹ ਤਾਂ ਹੋ ਗਿਆ ਕਮਲਾ। ਸੋ ਕਹਿਣ ਲੱਗਿਆ, ਸਭਾ ਜਨੋ! ਇਸ ਨੂੰ ਸੁਪਨੇ ਦਾ ਐਨਾ ਅਸਰ ਪਿਆ ਕਿ ਉਸ ਭਿਆਨਕ ਸੁਪਨੇ ਨੂੰ ਦੇਖ ਕੇ, ਉਹਦੇ 'ਚੋਂ ਨਿਕਲ ਨਹੀਂ ਸਕਿਆ। ਇਸ ਕਰਕੇ ਇਹੀ ਸਵਾਲ ਕਰਦਾ ਰਿਹਾ ਕਿ ਔਹ ਸੁਪਨਾ ਸੱਚਾ ਹੈ ਜਾਂ ਜਿਹੜਾ ਮੈਂ ਤੁਹਾਡੇ 'ਚ ਬੈਠਾ ਹਾਂ ਇਹ ਸੱਚਾ ਹੈ ਤੇ ਮੈਂ ਜਵਾਬ ਦਿਤਾ ਹੈ ਕਿ ਰਾਜਨ! ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ। ਇਸ ਕਰਕੇ ਦੋਵੇਂ ਝੂਠੇ ਨੇ –

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ- ੮੦੮*

ਸੁਪਨੇ ਤੋਂ ਵੱਧ ਮਹਾਨਤਾ ਨਹੀਂ ਹੈ। ਜਿਹੜੇ ਚਲੇ ਗਏ ਪੁੱਛੋ। ਸੁਪਨਾ ਨਾ ਹੁੰਦਾ ਤਾਂ ਮਾਂ-ਬਾਪ ਇਥੇ ਹੀ ਨਾ ਰਹਿੰਦੇ। ਉਹ ਚਲੇ ਗਏ, ਆਪਾਂ ਚਲੇ ਜਾਣਾ ਹੈ, ਫੇਰ ਸੁਪਨਾ ਹੀ ਹੈ ਹੋਰ ਹੈ ਕੀ ਇਹ। ਸਤਿ ਹੁੰਦਾ ਤਾਂ ਅਸੀਂ ਇਥੇ ਰਹਿੰਦੇ –

*ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥*
*ਅੰਗ- ੪੯੨*

ਸੋ ਉਸ ਵੇਲੇ ਉਹਦਾ ਭਰਮ ਨਵਿਰਤ ਕਰਿਆ ਕਿ ਰਾਜਨ! ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ ਜਿਹੜਾ ਰਾਤ ਨੂੰ ਆਉਂਦਾ ਹੈ। ਬਾਕੀ ਸਤਿ ਅਵਸਥਾ ਜਿਹੜੀ ਹੈ ਉਹ ਹੋਰ ਹੈ। ਇਸੇ ਤਰ੍ਹਾਂ ਦੇ ਨਾਲ ਜਿਹੜੇ ਜੀਵ ਲੋਕ ਅਸੀਂ ਹਾਂ, ਆਪਣੇ ਉਤੇ ਹਉਮੈ ਦਾ, ਮਾਇਆ ਦਾ ਅਸਰ ਹੋਣ ਕਰਕੇ, ਅਸਲੀਅਤ ਸਾਨੂੰ ਦਿੱਸਣ ਤੋਂ ਹੱਟ ਗਈ। ਨਕਲ ਪੈ ਗਈ, ਰੱਸੀ ਦੇ ਵਿਚ ਸਾਨੂੰ, ਭਰਮ ਹੋ ਗਿਆ ਕਿ ਇਹ ਸੱਪ ਹੈ। ਦਰਅਸਲ ਸੱਪ ਨਹੀਂ ਹੈ। ਰੜ੍ਹੇ ਮੈਦਾਨ ਦੇ ਵਿਚ ਭਰਮ ਹੋ ਗਿਆ ਕਿ ਉਹ ਪਾਣੀ ਦਾ ਦਰਿਆ ਚਲਦਾ ਹੈ ਦਰਅਸਲ ਚਲਦਾ ਨਹੀਂ। ਜਦੋਂ ਮਹਾਰਾਜ ਨੇ ਕਿਹਾ ਕਿ ਬੁੱਧੂਸ਼ਾਹ! ਇਹ ਆਤਮਾ ਸਾਖੀ ਦੇ ਵਿਚ ਆਹ ਜਿਹੜੀ ਰੂਹ ਹੈ ਜਿਹਨੂੰ 'ਮੈਂ' ਕਹਿੰਦਾ ਹੈਂ। ਤੈਨੂੰ ਹੁਣ ਤੇਰੇ ਵਾਲੀ 'ਮੈਂ' ਇਹ ਝੂਠਾ ਭਾਵ ਹੈ। ਇਹ ਸਤਿ ਨਹੀਂ ਹੈ। ਇਹ ਕੇਵਲ ਭਰਮ ਮਾਤਰ ਨਜ਼ਰ ਆਉਂਦਾ ਹੈ ਹਉਮੈ ਕਰਕੇ ਨਜ਼ਰ ਆਉਂਦਾ ਹੈ। ਜੋ ਸਤਿ ਹੈ ਉਹ ਆਤਮਾ ਹੈ। ਆਤਮਾ ਦਾ ਤੇ ਸਾਖੀ ਸਤਿ ਤੇ ਸਾਖੀ ਬ੍ਰਹਮ ਕਦੇ ਵੀ ਦੂਰ ਨਹੀਂ ਹੁੰਦੇ, ਦੋਵੇਂ ਮਿਲੇ ਹੋਏ ਨੇ, ਇੱਕੋ ਹੀ ਰੂਪ ਨੇ–

*ਆਤਮਾ ਪਰਾਤਮਾ ਏਕੋ ਕਰੈ ॥ ਅੰਗ- ੬੬੧*

ਕਹਿਣ ਲੱਗਿਆ, ਮਹਾਰਾਜ! ਜੀਵ ਫੇਰ ਸਤਿ ਨਹੀਂ ਹੈ। ਮਹਾਰਾਜ ਕਹਿੰਦੇ ਭਰਮ ਕਰਕੇ, ਲੰਮੇ ਅਧਿਆਸ ਕਰਕੇ ਕੂੜੀ 'ਮੈਂ' ਨੇ ਸਤਿ ਨੂੰ ਢਕ ਲਿਆ। ਜਿਵੇਂ ਟੋਭੇ ਦੇ ਵਿਚ ਬੂਰ ਆ ਜਾਏ, ਪਾਣੀ ਨੂੰ ਢਕ ਲੈਂਦਾ ਹੈ। ਅਮਰ ਬੇਲ ਦਰਖਤਾਂ ਦੇ ਉਤੇ ਬਗੈਰ ਜੜ੍ਹ ਤੋਂ ਹੁੰਦੀ ਹੈ, ਦਰੱਖਤ ਨੂੰ ਢਕ ਲੈਂਦੀ ਹੈ। ਕਹਿੰਦੇ ਇਸੇ ਤਰ੍ਹਾਂ ਇਹਦਾ ਜਿਹੜਾ ਭਰਮ ਹੈ ਇਹ ਗੁਰੂ ਤੋਂ ਬਗੈਰ ਨਹੀਂ ਜਾਇਆ ਕਰਦਾ। ਹਉਮੈ ਕਰਕੇ ਇਹ ਭਰਮ ਦੂਰ ਨਹੀਂ ਹੁੰਦਾ। ਫੇਰ ਕਹਿਣ ਲੱਗਿਆ, ਮਹਾਰਾਜ! ਫੇਰ ਸੱਚ ਦਾ ਪ੍ਰਕਾਸ਼ ਕਿਵੇਂ ਹੋਵੇ?

ਮਹਾਰਾਜ ਕਹਿੰਦੇ, ਹਉਮੈਂ ਨੂੰ ਛੱਡ ਦੇ।

ਕਹਿੰਦਾ, ਮਹਾਰਾਜ! ਮੈਂ ਤਾਂ ਹਉਮੈ ਛੱਡਣ ਵਾਸਤੇ ਵਰਤ ਵੀ ਕਰੇ, ਚਾਲੀਸੇ ਕੱਟੇ, ਹੱਜ ਕਾਹਬੇ ਜਾਂਦਾ ਰਿਹਾ, ਦਾਨ ਦਿਤੇ, ਸਾਧਨ ਕਰੇ, ਬੜੇ ਕੀਰਤਨ ਕਰਾਏ।

ਮਹਾਰਾਜ ਕਹਿੰਦੇ, ਇਹ ਤਾਂ ਹੋਰ ਸੰਗਲ ਵਲੇਟ ਲਏ ਤੂੰ।

ਫੇਰ ਕਹਿਣ ਲੱਗਿਆ, ਮਹਾਰਾਜ! ਕੋਈ ਇਲਾਜ ਤਾਂ ਦੱਸੋ?

ਮਹਾਰਾਜ ਕਹਿੰਦੇ, ਸਤਿਸੰਗ! ਹੋਰ ਇਲਾਜ ਇਹਦਾ ਕੋਈ ਨਹੀਂ।

ਕਹਿਣ ਲੱਗਿਆ, ਮੈਂ ਸਤਿਸੰਗ 'ਚ ਆਇਆ ਤਾਂ ਹਾਂ।

ਕਹਿੰਦੇ, ਆਇਆ ਤਾਂ ਹੈਂ ਪਰ ਝੂਠ ਦੀ ਸੰਜੋਅ ਪਹਿਨ ਕੇ ਆਇਆ ਹੈਂ ਕਿ ਮੈਂ ਪੀਰ ਹਾਂ, ਇਹ ਵੀਹ ਸਾਲ ਦਾ। ਜੇ ਮੈਂ ਇਹਦੀ ਚਰਨੀਂ ਲੱਗ ਗਿਆ, ਮੇਰੇ ਚੇਲੇ ਕੀ ਕਹਿਣਗੇ। ਕਿਉਂ ਬੁੱਧੂ ਸ਼ਾਹ! ਝੂਠ ਦੀ ਸੰਜੋਅ ਪਹਿਨ ਕੇ ਆਇਆ ਹੈਂ ਨਾ, ਝੂਠ ਦਾ ਬੁਰਕਾ ਓਢ ਕੇ ਆਇਆ ਹੈਂ। ਸਤਿਸੰਗ 'ਚ ਜਿਵੇਂ ਆਉਣਾ ਚਾਹੀਦਾ ਹੈ ਉਸ ਤਰ੍ਹਾਂ ਨਹੀਂ ਆਇਆ। ਫੇਰ ਕਹਿੰਦਾ, ਮਹਾਰਾਜ! ਪੜਦਾ ਹਟੇ ਕਿਵੇਂ?

ਕਹਿੰਦੇ, ਚੋਲਾ ਲਾਹ ਦੇ ਝੂਠ ਦਾ। ਗੱਲ ਕਹਿਣ ਦੀ ਦੇਰ ਸੀ, ਉਸੇ ਵੇਲੇ ਵਜਦ 'ਚ ਆ ਗਿਆ, ਗੱਲ ਸਮਝ 'ਚ ਆ ਗਈ। ਨੱਚਣਾ ਸ਼ੁਰੂ ਕਰ ਦਿਤਾ। ਨੱਚੀ ਜਾਂਦਾ ਹੈ, ਅਖੀਰ ਗੁਰੂ ਮਹਾਰਾਜ ਦੇ ਜਦੋਂ ਨੇੜੇ ਆਇਆ, ਮਹਾਰਾਜ ਨੇ ਅੱਗੇ ਹੱਥ ਕਰਿਆ ਤੇ ਹੱਥ ਫੜ ਲਿਆ। ਹੱਥ ਫੜਨ ਦੀ ਦੇਰ ਸੀ ਉਹ ਜਿਹੜੀ ਗੁਰੂ ਕਿਰਿਆ ਕਰਦਾ ਹੈ, ਉਹ ਹੁੰਦਾ ਹੈ ਜੀਵ ਤੇ ਬ੍ਰਹਮ ਨੂੰ ਪ੍ਰੈਕਟੀਕਲੀ ਇਕ ਕਰ ਦੇਣਾ, ਜੋੜ ਦੇਣਾ। ਉਹ ਗੁਰੂ ਮਹਾਰਾਜ ਨੇ ਉਸ ਵੇਲੇ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ ਉਸ ਨੂੰ, ਨਾਲ ਮਿਲਾ ਦਿਤਾ। ਗੁਰੂ ਤੋਂ ਬਗੈਰ ਇਹ ਬਾਤ ਨਹੀਂ ਹੋਇਆ ਕਰਦੀ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ ੧ ॥*
*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥*
*ਅੰਗ- ੫੬੦*

ਇਹ ਗੁਰੂ ਦਾ ਸ਼ਬਦ ਜਿਹੜਾ ਹੈ ਇਹ ਅੰਦਰਲੇ ਬਜਰ ਕਪਾਟਾਂ ਨੂੰ ਖੋਲ੍ਹਣ ਦੀ ਸਮਰੱਥਾ ਰਖਦਾ ਹੈ, ਹੋਰ ਕੋਈ ਚੀਜ਼ ਨਹੀਂ ਹੈ ਜਿਹੜੀ ਇਹਨੂੰ ਖੋਲ੍ਹ ਦੇਵੇ। ਇਸ ਸਰੀਰ ਦੀ ਬਣਤਰ ਬਾਰੇ ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਨੇ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫ ॥*
*ਅੰਗ- ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਰਹਾਉ॥*
*ਅੰਗ- ੯੪੭*

ਮਹਾਰਾਜ ਕਹਿਣ ਲੱਗੇ, ਬੁੱਧੂਸ਼ਾਹ! ਵਾਹਿਗੁਰੂ ਇਹਦੇ ਅੰਦਰ ਹੀ ਹੈ। ਲੇਕਿਨ ਪੜਦਾ ਹਉਮੈ ਦਾ ਪੈ ਗਿਆ। ਹਉਮੈ ਨੇ ਇਕ ਨਕਲੀ ਚੀਜ਼ ਖੜ੍ਹੀ ਕਰ ਦਿਤੀ। ਉਹ ਜਿਹੜੀ ਸੱਤਾ ਦੇ ਨਾਲ ਨਕਲੀ ਹੋ ਗਈ, ਉਹ ਜੰਮਦੀ ਹੈ, ਮਰਦੀ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ- ੪੬੬*

ਜਦੋਂ ਤੱਕ ਅੰਦਰ 'ਨਾਮ' ਨਹੀਂ ਪ੍ਰਗਟ ਹੁੰਦਾ ਓਨੀ ਦੇਰ ਤੱਕ ਹਉਮੈ ਦੀ ਸਮਝ ਨਹੀਂ ਆਉਂਦੀ।

*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥*
*ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥*
*ਰਹਾਉ ॥ ਅੰਗ- ੫੬੦*

ਕਹਿਣ ਲੱਗੇ, ਬੁੱਧੂ ਸ਼ਾਹ! ਇਹ ਸਾਰਾ ਜੋ ਕੁਛ ਦੇਖ ਰਿਹਾ ਹੈਂ ਇਹ ਹੁਕਮ 'ਚ ਹੋ ਰਿਹਾ ਹੈ।

ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਫੌਜਾਂ ਨੂੰ ਟਰੇਨਿੰਗ ਦੇ ਰਹੇ ਹੋਂ, ਹਥਿਆਰ ਬਣਾ ਰਹੇ ਹੋਂ?

ਮਹਾਰਾਜ ਕਹਿੰਦੇ, ਅਸੀਂ ਕੁਛ ਨਹੀਂ ਕਰ ਰਹੇ, ਜੋ ਕੁਛ ਹੋ ਰਿਹਾ ਅਗੰਮੀ ਖੇਡ ਹੋ ਰਹੀ ਹੈ। ਜਿਵੇਂ ਤੂੰ ਦੇਖਦਾ ਹੈਂ, ਇਵੇਂ ਅਸੀਂ ਦੇਖਦੇ ਹਾਂ। ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਇਸ ਸਵਾਲ ਦਾ ਜਵਾਬ ਸਾਡੇ 'ਨਿਤਨੇਮ' ਦੀ ਪਹਿਲੀ ਪਉੜੀ 'ਚ ਦੇ ਦਿਤਾ।

ਵਿਚਾਰ ਕੇ ਪੜ੍ਹੋ 'ਜਪੁਜੀ ਸਾਹਿਬ। ਕਿਉਂਕਿ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- ੧੪੮*

ਮੇਰੇ ਤੋਂ ਪਹਿਲਾਂ ਦੀਵਾਨ ਵਿਚ ਭਾਈ ਗੁਰਪਾਲ ਸਿੰਘ ਓਹਨੀਂ ਦਸਦੇ ਸੀ ਕਿ ਪੜ੍ਹ ਕੇ ਨਹੀਂ ਕੁਛ ਬਣਨਾ ਇਹ ਤਾਂ ਬੁੱਝਣਾ ਪੈਣਾ ਹੈ। ਅੰਦਰਲੀ ਖੋਜ ਕਰਨੀ ਪੈਣੀ ਹੈ ਤਾਂ ਜਾ ਕੇ ਕਿਤੇ ਗੱਲ ਬਣਨੀ ਹੈ। ਪੜ੍ਹਨ ਨੂੰ ਤਾਂ ਸਾਰੀ ਦੁਨੀਆਂ ਹੀ ਪੜ੍ਹਦੀ ਹੈ।

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ ॥ ਰਹਾਉ ॥ ਅੰਗ - ੬੪੧*

ਜਦੋਂ ਤੱਕ ਵਿਵੇਕ ਬੁੱਧੀ ਅੰਦਰ ਪੈਦਾ ਨਹੀਂ ਹੁੰਦੀ ਓਨੀਂ ਦੇਰ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ।

*'ਚਲਦਾ......।'*

*(ਪੰਨਾ 24 ਦੀ ਬਾਕੀ)*

ਅਮਰ ਹਨ, ਜਿਉਂਦੇ ਜਾਗਦੇ ਨਾਲ ਰਹਿੰਦੇ ਪ੍ਰਤੀਤ ਦਿੰਦੇ ਹਨ।

ਬਚਪਨ ਵਿਚ ਮੁੱਢਲੀ ਵਿਦਿਆ, ਫੌਜ ਦੀ ਸਰਵਿਸ, ਸੈਕਟਰੀਏਟ ਸਰਵਿਸ, ਫਾਰਮਿੰਗ (ਕਿਸਾਨੀ) ਤੇ ਗੁਰਮਤਿ ਦਾ ਪ੍ਰਚਾਰ, ਸਾਰੇ ਹੀ ਸਮਿਆਂ ਵਿਚ ਲੰਮੀ ਨਦਰਿ ਰੱਖੀ। ਭੂਤਕਾਲ ਅਤੇ ਵਰਤਮਾਨ ਵਿਚੋਂ ਭਵਿੱਖ ਲਈ ਪੈੜਾਂ ਪਾ ਕੇ ਗਏ। ਪੂਰਨੇ ਪਾ ਕੇ ਦਿਤੇ, ਨਵੇਂ ਦਿਸਹਦੇ ਕਾਇਮ ਕੀਤੇ। ਸਮਾਜਿਕ, ਧਾਰਮਿਕ, ਵਿਦਿਅਕ ਅਤੇ ਸਾਹਿਤਕ ਖੇਤਰਾਂ ਵਿਚ ਪਾਏ ਵਡਮੁੱਲੇ ਯੋਗਦਾਨ ਬਾਰੇ ਆਪ ਜੀ ਇਸ ਅੰਕ ਵਿਚ ਵਿਸਥਾਰਪੂਰਵਕ ਪੜ੍ਹ ਸਕਦੇ ਹੋ। ਇਕ ਸੰਸਥਾ ਦੇ ਰੂਪ ਵਿਚ ਆਪ ਵਿਚਰੇ ਅਤੇ ਇਕ ਵੱਡੀ ਸੰਸਥਾ ਦੇ ਬਾਨੀ ਬਣ ਕੇ ਸਦੀਆਂ ਲਈ, ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕੀਤਾ। ਭਾਵੇਂ ਪੰਜ ਭੌਤਿਕ ਸਰੀਰ ਕਰਕੇ ਆਪ ਜੀ ਇਨ੍ਹਾਂ ਅੱਖਾਂ ਨਾਲ ਨਜ਼ਰ ਨਹੀਂ ਆਉਂਦੇ ਪਰ ਉਨ੍ਹਾਂ ਵਲੋਂ ਕੀਤੇ ਪਰਉਪਕਾਰੀ ਕਾਰਜਾਂ ਵਿਚੋਂ ਉਹ ਸਦਾ ਹੀ ਅਮਰ ਜਿਉਂਦੇ ਜਾਗਦੇ, ਹਾਜ਼ਰ ਨਾਜ਼ਰ ਪ੍ਰਤੀਤ ਹੋ ਰਹੇ ਹਨ। ਆਪ ਜੀ ਦੇ ਨੂਰਾਨੀ ਚਿਹਰੇ ਦੇ ਦਰਸ਼ਨ ਕਰਦਿਆਂ ਆਪ ਮੁਹਾਰੇ ਇਸ ਤਰ੍ਹਾਂ ਦੇ ਭਾਵ ਉਪਜਦੇ ਹਨ ਕਿ ਆਪ ਜੀ ਨਾਮ ਬਾਣੀ ਦੇ ਰੰਗ ਵਿਚ ਰੱਤੇ ਹੋਏ, ਨੂਰੀ ਸਰੂਪ, ਅੰਤਰਮੁਖੀ ਬਿਰਤੀ, ਅੰਦਰਲੀ ਰੋਸ਼ਨੀ ਦੇ ਪਾਤਰ, ਸਾਧਨਾ ਸੰਪੰਨ, ਨਾਮ ਦੇ ਰਸੀਏ, ਸਤਿ ਦੀ ਆਵਾਜ਼, ਪ੍ਰਕਾਸ਼ਮਈ ਮਾਰਗ ਤੇ ਚੱਲਣ ਵਾਲੇ, ਉੱਚੇ-ਸੁੱਚੇ ਜੀਵਨ ਦੇ ਧਾਰਨੀ, ਖੇੜਿਆਂ ਦੇ ਮੰਡਲ ਦੇ ਵਾਸੀ, ਸਦੀਵੀ ਆਤਮਿਕ ਅਨੰਦ ਦੇ ਮਾਲਕ, ਪ੍ਰੇਮ ਅਤੇ ਅਪਣੱਤ ਦੀਆਂ ਤਰੰਗਾਂ ਨਾਲ ਸ਼ਰਸ਼ਾਰ ਗੁਰਮੁਖ ਪਦਵੀ ਦੇ ਮਾਲਕ ਸਨ। ਅੱਜ ਵੀ ਮਹਾਂਪੁਰਸ਼ਾਂ ਦੇ ਪਿਆਰਿਆਂ ਅੰਦਰ ਇਕੋ ਹੀ ਤਾਂਘ ਹੈ ਕਿ-

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥ ਅੰਗ - ੭੫੭*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ - ੮੩*

ਉਪਰੋਕਤ ਭਾਵਾਂ ਨੂੰ ਹਿਰਦੇ ਵਿਚ ਸਮੋ ਕੇ ਉਨ੍ਹਾਂ ਵਲੋਂ ਆਰੰਭੇ ਕਾਰਜਾਂ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਯਤਨਸ਼ੀਲ ਰਹਿਣਾ ਹੀ ਸਾਡੀ ਸਭ ਦੀ ਸੱਚੀ ਸ਼ਰਧਾਂਜਲੀ ਹੋਵੇਗੀ। ਗੁਰੂ ਕ੍ਰਿਪਾ ਕਰੇ, ਪਿਆਰੇ ਮਹਾਂਪੁਰਸ਼ਾਂ ਤੇ ਸਤਿਕਾਰਯੋਗ ਮਾਤਾ ਜੀ ਦੀ ਯਾਦ ਵਿਚ ਜੁੜ ਕੇ, ਉਨ੍ਹਾਂ ਵਾਂਗੂੰ ਲੰਮੀ ਨਦਰਿ ਦੇ ਧਾਰਨੀ ਬਣ ਕੇ ਬੇਗਮਪੁਰੇ ਦੇ ਵਾਸੀ ਬਣ ਜਾਈਏ ਜਿਥੇ ਪਹੁੰਚ ਕੇ ਕਦੇ ਵਿਛੋੜਾ ਨਹੀਂ, ਸਦਾ ਹੀ ਮਿਲਾਪ ਹੈ। ਇਸੇ ਦੀ ਪੂਰਤੀ ਦੀ ਅਰਦਾਸ ਵਿਚ ਜੁੜੇ ਰਹੀਏ।

# ਗੁਰੂ ਨਾਨਕ ਦੇਵ ਜੀ
# ਸੰਤ ਸਿਪਾਹੀ ਸਰੂਪ

**ਪ੍ਰਕਾਸ਼ ਪੁਰਬ-14 ਨਵੰਬਰ, 2016**

*ਡਾ. ਜਗਜੀਤ ਸਿੰਘ*

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਮੁੱਖ ਰੂਪ ਵਿਚ ਸੰਤ, ਭਗਤ ਤੇ ਸ਼ਾਂਤੀ ਦੀ ਮੂਰਤ, ਗੁਰੂ ਦੇ ਰੂਪ ਵਿਚ ਵੇਖਿਆ ਤੇ ਚਿਤਰਿਆ ਜਾਂਦਾ ਹੈ। ਉਨ੍ਹਾਂ ਦਾ ਆਮ ਪ੍ਰਭਾਵ ਕਿਸੇ ਅਣਡਿੱਠੀ ਨਾਮ-ਖੁਮਾਰੀ ਵਾਲਾ ਹੈ। ਉਨ੍ਹਾਂ ਦੀਆਂ ਜਿੰਨੀਆਂ ਤਸਵੀਰਾਂ ਵੇਖਣ ਵਿਚ ਆਉਂਦੀਆਂ ਹਨ, ਉਨ੍ਹਾਂ ਵਿਚ ਉਨ੍ਹਾਂ ਦੇ ਅੱਧ-ਮੁੰਦੇ ਨੈਣ ਕਿਸੇ ਰਹਸ-ਵਾਦੀ ਲਿਵ ਦਾ ਦ੍ਰਿਸ਼ ਪੇਸ਼ ਕਰਦੇ ਹਨ। ਉਨ੍ਹਾਂ ਦੇ ਹੱਥ ਵਿਚ ਮਾਲਾ ਹੈ। ਉਨ੍ਹਾਂ ਦੇ ਸੀਸ ਤੇ ਸਜਾਈ ਗੋਲ ਦਸਤਾਰ ਵਿਚ ਵੀ ਮਾਲਾ ਸਜ ਰਹੀ ਹੈ ਜਿਸ ਤੋਂ ਉਹ ਹਰ ਸਮੇਂ ਸਿਮਰਨ ਵਿਚ ਮਸਤ ਰਹਿਣ ਵਾਲੇ ਰੱਬੀ ਨੂਰ ਪ੍ਰਤੀਤ ਹੁੰਦੇ ਹਨ। ਭਾਈ ਬਾਲਾ ਤੇ ਭਾਈ ਮਰਦਾਨਾ ਉਨ੍ਹਾਂ ਦੀ ਸਮਦਰਸ਼ੀ ਦ੍ਰਿਸ਼ਟੀ ਦੇ ਚਿੰਨ੍ਹ ਹਨ ਤੇ ਵੈਰ ਵਿਰੋਧ ਤੋਂ ਮੁਕਤ ਝਾਕੀ ਪੇਸ਼ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਪ੍ਰਮਾਤਮਾ ਦੀ ਸਿਫਤ ਸਲਾਹ ਹੈ, ਪ੍ਰੇਮ ਹੈ, ਸਾਈਂ ਮਿਲਾਪ ਲਈ ਬਿਹਬਲਤਾ ਤੇ ਤੜਫ ਹੈ। ਇਹ ਅਗੰਮੀ ਗੀਤ ਮਿਠਾਸ ਨਾਲ ਭਰਪੂਰ ਹਨ। ਉਨ੍ਹਾਂ ਨੇ ਸੰਸਾਰ ਦੇ ਰੋਗ ਨੂੰ ਸਮਝਿਆ ਤੇ ਨਾਮ ਦਾਰੂ ਪ੍ਰਦਾਨ ਕੀਤਾ। ਇੰਜ ਜਾਪਦਾ ਹੈ ਜਿਵੇਂ ਸਮਾਜਿਕ, ਸੰਸਾਰਕ, ਰਾਜਨੀਤਕ ਝਮੇਲਿਆਂ ਤੋਂ ਉਹ ਕੋਹਾਂ ਦੂਰ ਸਨ।

ਗੁਰੂ ਜੀ ਦੇ ਜੀਵਨ ਦਾ ਇਹ ਰੂਪ ਅਵੱਸ਼ ਹੀ ਠੀਕ ਹੈ ਪਰ ਇਹ ਉਨ੍ਹਾਂ ਦੇ ਜੀਵਨ ਦਾ ਕੇਵਲ ਇਕ ਪੱਖ ਹੈ। ਗੁਰੂ ਸਾਹਿਬ ਦੀ ਸ਼ਖਸੀਅਤ ਏਨੀ ਵਿਸ਼ਾਲ ਸੀ ਕਿ ਉਨ੍ਹਾਂ ਦੇ ਜੀਵਨ ਦੇ ਹਰ ਪਹਿਲੂ ਵਿਚ ਵਚਿਤਰਤਾ ਤੇ ਡੂੰਘਾਈ ਵਿਖਾਈ ਦਿੰਦੀ ਹੈ ਅਤੇ ਉਨ੍ਹਾਂ ਵਿਚੋਂ ਇਕ ਪਹਿਲੂ ਸੀ, ਉਨ੍ਹਾਂ ਦੀ ਚੇਤਨਤਾ ਅਤੇ ਸੂਰਬੀਰਤਾ।

ਗੁਰੂ ਮਹਾਰਾਜ ਨਿਰਸੰਦੇਹ ਸੰਤ ਸਰੂਪ ਭਗਤ ਦਾ ਰੱਬੀ ਰੂਪ ਸਨ ਪਰ ਕਾਇਰਾਤਾ ਅਤੇ ਬੁਜ਼ਦਿਲੀ ਤੋਂ ਕੋਹਾਂ ਦੂਰ, ਸੂਰਬੀਰ ਬਹਾਦਰ ਸਨ। ਉਹ ਅਵੱਸ਼ ਅਹਿੰਸਾਧਾਰੀ ਸਨ ਪਰ ਉਨ੍ਹਾਂ ਲਈ ਅਹਿੰਸਾ ਪਰਮੋ ਧਰਮ ਨਹੀਂ ਸੀ, ਉਹ ਸੂਰਬੀਰ ਅਹਿੰਸਕ ਸਨ। ਜਿਹੜਾ ਸੰਤ-ਸਿਪਾਹੀ ਖਾਲਸਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਸਾਜਿਆ ਗਿਆ, ਉਸ ਦੀ ਨੀਂਹ ਗੁਰੂ ਨਾਨਕ ਦੇਵ ਨੇ ਸੂਰਬੀਰ-ਜੀਵਨ-ਚਲਨ ਰਾਹੀਂ ਰੱਖੀ। ਸੂਰਬੀਰਤਾ ਕੇਵਲ ਸਰੀਰਕ ਬਾਹੂ ਬਲ ਦਾ ਵਿਖਾਵਾ ਨਹੀਂ, ਸੂਰਬੀਰਤਾ ਕੇਵਲ ਸਰਹੱਦ ਉਤੇ ਦੁਸ਼ਮਨ ਦੀ ਫੌਜ ਨਾਲ ਲੜ ਮਰਨ ਵਿਚ ਹੀ ਨਹੀਂ, ਸੂਰਬੀਰਤਾ ਸੂਰਬੀਰਾਂ ਵਾਲਾ ਚਲਨ ਹੈ, ਸੂਰਬੀਰਾਂ ਵਾਲੀ ਅਣਖ ਹੈ, ਸ੍ਵੈਮਾਨ ਹੈ, ਸੱਚ ਲਈ ਡਟ ਜਾਣ ਵਾਲਾ ਬਲ ਹੈ; ਨਿਆਂ ਲਈ ਆਵਾਜ਼ ਬੁਲੰਦ ਕਰਨ ਦਾ ਸਹਸ ਹੈ। ਕੱਚ ਨੂੰ ਕਰਾਰੀ ਸੱਟ ਲਾਉਣ ਦਾ ਤਾਣ ਹੈ, ਝੂਠ, ਫਰੇਬ, ਧੋਖਾ ਤੇ ਅਨਿਆਂ ਨੂੰ ਖੰਡਨ ਕਰ ਸਕਣ ਦੀ ਜੁਰੱਅਤ ਹੈ। ਅਜਿਹਾ ਸੂਰਬੀਰ ਕਿਸੇ ਸਮਾਜਿਕ, ਧਾਰਮਿਕ, ਭਾਈਚਾਰਕ ਅਤੇ ਰਾਜਸੀ ਵਿਰੋਧ ਦੀ ਪਰਵਾਹ ਨਹੀਂ ਕਰਦਾ। ਸੱਚ ਦੇ ਯੁੱਧ ਵਿਚ ਜੂਝ ਜਾਣ ਲਈ ਤਿਆਰ ਰਹਿੰਦਾ ਹੈ। ਇਹ ਸੂਰਬੀਰਤਾ ਸਰਹੱਦ ਤੇ ਜਰਵਾਣਿਆਂ ਨਾਲ ਵਿਖਾਈ ਸੂਰਬੀਰਤਾ ਨਾਲੋਂ ਕਿਤੇ ਵੱਧ ਕਠਨ ਹੈ। ਅਜਿਹੇ ਸੂਰਬੀਰ ਹੀ ਸੰਤ ਸਿਪਾਹੀ ਉਨ੍ਹਾਂ ਦੇ ਉਤਰਾ-ਅਧਿਕਾਰੀ ਨੌਂ ਗੁਰੂ ਸਾਹਿਬਾਨ ਸਨ। ਗੁਰੂ ਜੀ ਦੀਆਂ ਜੀਵਨ ਝਾਕੀਆਂ ਵਿਚ ਸੱਚ ਨੂੰ ਸੱਚ ਤੇ ਕੱਚ ਨੂੰ ਕੱਚ ਕਹਿਣ ਦੀ ਜੁਰੱਅਤ ਪ੍ਰਤੱਖ ਦਿਸਦੀ ਹੈ। ਉਨ੍ਹਾਂ ਵਿਚ ਕੂੜ ਦੀ ਨਿਖੇਧੀ ਕਰਣ ਦਾ ਸਾਹਸ ਹੈ। ਪਾਖੰਡ ਨੂੰ ਭੰਡਣ ਦਾ ਤਾਣ ਹੈ। ਉਹ ਇਕੱਲੇ ਕਿਸੇ ਧਾਰਮਿਕ, ਸਮਾਜਿਕ ਜਾਂ ਰਾਜਸੀ ਸ਼ਕਤੀ ਦੇ ਅਨਿਆਂ ਵਿਰੁੱਧ ਡਟ ਸਕਦੇ ਸੀ। ਉਹ ਸਹੀ ਸ਼ਬਦਾਂ ਵਿਚ ਸੰਤ-ਸਿਪਾਹੀ ਸਨ। ਅਜਿਹੀ ਸੂਰਬੀਰਤਾ ਦੇ ਦ੍ਰਿਸ਼ ਸ੍ਰੀ ਗੁਰੂ ਨਾਨਕ ਦੇਵ ਦੀਆਂ ਅਨੇਕ ਜੀਵਨ ਘਟਨਾਵਾਂ ਤੋਂ ਪ੍ਰਗਟ ਹੁੰਦੇ ਹਨ ਜਿਵੇਂ –

ਜਨੇਊ ਦੀ ਰਸਮ ਹਿੰਦੂ ਸਮਾਜ ਦੀ ਬੜੀ ਮਹੱਤਤਾ ਵਾਲੀ ਰਸਮ ਹੈ। ਬਾਬਾ ਮਹਿਤਾ ਕਾਲੂ ਜੀ ਚੰਗੇ ਘਰਾਣੇ ਦੇ, ਚੰਗੇ ਰਸੂਖ ਵਾਲੇ ਪਤਵੰਤੇ ਸਜਣ ਸਨ। ਇਸ ਰਸਮ ਤੇ ਉਨ੍ਹਾਂ ਦੀ ਬਰਾਦਰੀ ਤੇ ਭਾਈਚਾਰੇ ਦੇ ਕਈ ਵੱਡੇ-ਵੱਡੇ ਲੋਕ ਇਕੱਤਰ ਹੋਏ ਹੋਣਗੇ। ਪੰਡਤ ਵੀ ਸਮਾਜ ਦਾ ਸਤਿਕਾਰ ਯੋਗ ਧਾਰਮਿਕ ਆਗੂ ਹੁੰਦਾ ਸੀ। ਅਜਿਹੇ ਇਕੱਠਾਂ ਤੇ ਮਰਿਆਦਾ ਭੰਗ ਕਰਨੀ, ਸੈਂਕੜੇ ਵਰ੍ਹਿਆਂ ਤੋਂ ਪ੍ਰਵਾਨਿਤ ਧਾਰਮਿਕ ਅਕੀਦੇ ਤੇ ਟੀਕਾ ਟਿਪਣੀ ਕਰਨੀ ਕੋਈ ਸੌਖੀ ਜਿਹੀ ਗੱਲ ਨਹੀਂ, ਬੜੀ ਦਲੇਰੀ ਦਾ ਕੰਮ ਹੈ। ਬਾਲ ਗੁਰੂ ਨਾਨਕ ਪਾਸ ਬਿਬੇਕ ਬੁੱਧੀ ਹੈ ਜੋ ਇਸ 'ਕੱਚ' ਨੂੰ ਤਾੜ ਲੈਂਦੀ ਹੈ। ਉਸ ਪਾਸ ਉਹ ਰੂਹਾਨੀ ਦਲੇਰੀ ਹੈ ਜੋ ਬਿਨਾਂ ਕਿਸੇ ਭੈ ਤੋਂ 'ਸੱਚ' ਨੂੰ ਪ੍ਰਗਟ ਕਰ ਸਕਦੀ ਹੈ। ਭਰੀ ਸਭਾ ਵਿਚ 'ਪਾਂਧੇ' ਦੇ ਪਵਿੱਤਰ ਜਨੇਊ ਦਾ ਖੰਡਨ ਕਿਸੇ ਅੰਦਰਲੇ ਬਲ ਦੇ ਸਹਾਰੇ ਸੀ। ਅੱਜ 500 ਸਾਲ ਬਾਅਦ ਵੀ ਪੰਡਤ, ਭਾਈ, ਗ੍ਰੰਥੀ, ਪ੍ਰਚਾਰਕ ਦੇ 'ਕੱਚ' ਨੂੰ 'ਕੱਚ' ਕਹਿਣ ਦੀ ਜੁਰੱਅਤ ਕਿੰਨੇ ਕੁ ਲੋਕਾਂ ਵਿਚ ਹੈ?

'ਜਨੇਊ' ਕੇਵਲ ਹਿੰਦੂ ਧਰਮ ਦਾ ਹੀ ਚਿੰਨ੍ਹ ਨਹੀਂ। ਹਰ ਧਰਮ ਦੇ ਚਿੰਨ੍ਹ ਉਸ ਦੇ 'ਜਨੇਊ' ਹਨ। ਜੇ ਉਨ੍ਹਾਂ ਦੇ ਗ੍ਰਹਿਣ ਕਰਨ ਵਿਚ ਕਿਸੇ ਸੱਚ ਦੀ ਧਾਰਨਾ ਹੈ, ਦਇਆ, ਸੰਤੋਖ, ਜਤ ਅਤੇ ਸਤ ਦੀ ਭਾਵਨਾ ਪੈਦਾ ਕਰਨ ਦੀ ਸਮਰੱਥਾ ਹੈ ਤਾਂ ਉਹ ਚਿੰਨ ਮੁਬਾਰਕ ਹਨ, ਨਹੀਂ ਤਾਂ ਨਿਰਾਰਥਕ। ਚਾਹੇ ਇਹ ਕਿਸੇ ਧਰਮ ਦੇ ਕਿਉਂ ਨਾ ਹੋਣ। ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਤੇ ਇਹ ਕਸਵੱਟੀ ਵਿਸ਼ੇਸ਼ ਕਰਕੇ ਲਾਗੂ ਹੁੰਦੀ ਹੈ। ਕੀ ਇਨ੍ਹਾਂ ਚਿੰਨ੍ਹਾਂ ਨਾਲ ਅਸੀਂ 'ਭੇਖਾਧਾਰੀ' ਸਿੱਖ ਤਾਂ ਨਹੀਂ? ਜਿਨ੍ਹਾਂ ਉਚੇ ਆਦਰਸ਼ਾਂ ਦੇ ਪਾਲਣ ਲਈ ਇਹ ਕਕਾਰ ਸਜਾਏ ਗਏ ਹਨ, ਕੀ ਉਹ ਆਦਰਸ਼ ਜੀਵਤ ਹਨ? ਜੇ ਨਹੀਂ ਤਾਂ ਇਹ ਜਨੇਊ ਓਨਾ

ਹੀ ਨਿਰਾਰਥਕ ਹੈ।

ਗੁਰੂ ਜੀ ਨੇ ਮਲਕ ਭਾਗੋ ਨੂੰ ਠੁਕਰਾਉਣ ਦੀ ਜੁਰੱਅਤ ਕੀਤੀ। ਇਹ ਉਨ੍ਹਾ ਦਾ ਸੁਭਾਅ ਸੀ, ਉਨ੍ਹਾਂ ਦੀ ਸਖਸ਼ੀਅਤ ਵਿਚ ਅਜਿਹਾ ਕਰਨ ਦੀ ਦਲੇਰੀ ਸੀ, ਅਯੋਗ ਤਰੀਕੇ ਨਾਲ ਕਮਾਏ ਧਨ ਨੂੰ ਗੁਰੂ ਜੀ ਭੰਡਦੇ ਹਨ। ਭਾਈ ਲਾਲੋ ਦੀ ਸੁੱਚੀ ਕਿਰਤ ਨੂੰ ਸਤਿਕਾਰਦੇ ਹਨ। ਇਹ ਮਿਹਨਤ, ਕਿਰਤ ਤੇ ਘਾਲ ਦੀ ਵਡਿਆਈ ਹੈ, ਸਮਾਜਵਾਦੀ ਧਾਰਾ ਗੁਰੂ ਦੇ ਕਰਮਾਂ 'ਚੋਂ ਜਨਮਦੀ ਹੈ ਪਰ ਇਹ ਕਠੋਰ, ਨਿਰਦਈ ਤੇ ਸਖਣੀ ਧਾਰਾ ਨਹੀਂ। ਇਸ ਦੀ ਨੀਂਹ ਕਿਸੇ ਅੰਦਰਲੇ ਸੱਚੇ-ਤਾਣ ਤੇ ਆਧਾਰਤ ਹੈ। ਗੁਰੂ ਜੀ ਨੇ ਅਯੋਗ ਤਰੀਕੇ ਨਾਲ ਕਮਾਏ ਧਨ ਨੂੰ ਪ੍ਰਵਾਨ ਨਹੀਂ ਕੀਤਾ। ਮਲਕ ਭਾਗੋ ਸਰਮਾਏਦਾਰੀ ਦਾ ਚਿੰਨ ਹੈ, ਸਰਮਾਏਦਾਰ ਸਦਾ ਤੋਂ ਰਾਜਸੀ ਸਮਾਜਿਕ ਤੇ ਧਾਰਮਿਕ ਅਦਾਰਿਆਂ ਨੂੰ ਸਰਮਾਏ ਦੀ ਸ਼ਕਤੀ ਨਾਲ ਖਰੀਦ ਕੇ ਆਪਣੀ ਹਮਾਇਤ ਵਿਚ ਰਖਦਾ ਹੈ, ਨਿਤਾਣੇ ਭਾਈ, ਮੁੱਲਾਂ, ਪੰਡਤ ਪੈਸੇ ਦੇ ਲੋਭ ਵਿਚ ਉਸ ਦੀ ਬਿਹਤਰੀ ਲਈ ਸੰਖ ਵਜਾਂਦੇ ਤੇ ਲੰਮੀਆਂ ਅਰਦਾਸਾਂ ਕਰਦੇ ਹਨ ਤੇ ਰਹਿਮਤਾਂ ਮੰਗਦੇ ਹਨ ਪਰ ਗੁਰੂ ਨਾਨਕ ਦੇਵ ਜੀ ਮਾਇਆ ਧਾਰੀਆਂ ਨੂੰ ਅੰਨਾ ਤੇ ਬੋਲਾ ਕਹਿਣ ਦੀ ਦਲੇਰੀ ਰਖਦੇ ਹਨ। 'ਕਰੇਂਗੇ ਸੋ ਭਰੇਂਗੇ' ਵਾਲੀ ਦ੍ਰਿਸ਼ਟੀ ਨਹੀਂ ਸਗੋਂ ਇਕ ਚੇਤੰਨ, ਉਸਾਰੀ ਕ੍ਰਾਂਤੀਕਾਰੀ ਯੋਧੇ ਵਾਲਾ ਲੋਕ ਭਲਾਈ ਦਾ ਸਾਹਸ ਹੈ। 550 ਸਾਲਾਂ ਵਿਚ ਦੁਨੀਆਂ ਬਹੁਤ ਤਰੱਕੀ ਕਰ ਗਈ ਹੈ, ਕਿੰਨਾ ਇਲਮ ਤੇ ਵਿਗਿਆਨ ਨੇ ਵਿਕਾਸ ਕੀਤਾ ਹੈ, ਲੋਕ ਆਜ਼ਾਦ ਹਨ, ਉਨ੍ਹਾਂ ਪਾਸ ਵਿਧਾਨਕ ਹੱਕ ਹਨ, ਪ੍ਰੈਸ ਹੈ ਪਰ ਕੱਚ ਨੂੰ ਕੱਚ ਕਹਿਣ ਦੀ ਕਿੰਨੀ ਕੁ ਦਲੇਰੀ ਹੈ? ਮਲਕ ਭਾਗੋ ਨੂੰ ਠੁਕਰਾਉਣ ਦੀ ਕਿੰਨੀ ਲੁ ਜੁਰੱਅਤ ਹੈ? ਭਾਈ ਲਾਲੋ ਵਰਗਿਆਂ ਨੂੰ ਸਤਿਕਾਰਣ ਦਾ ਕਿੰਨਾ ਕੁ ਸਾਹਸ ਹੈ? ਧਰਮ ਅਸਥਾਨਾਂ ਤੇ ਚੜ੍ਹਨ ਵਾਲਾ ਪੈਸਾ ਕੌਣ ਪਰਖੇ ਕਿ ਭਾਈ ਲਾਲੋ ਦਾ ਦੁੱਧ ਹੈ ਜਾਂ ਮਲਕ ਭਾਗੋ ਦਾ ਖੂਨ? ਕਿਸ ਪਾਸ ਸਮਾਂ ਹੈ, ਤੇ ਕਿਸ ਪਾਸ ਏਨੀ ਦਲੇਰੀ?

ਰੱਬ ਕੇਵਲ ਇਕ ਖਾਸ ਦਿਸ਼ਾ ਵਲ ਹੈ, ਹਰ ਪਾਸੇ ਨਹੀਂ, ਗੁਰੂ ਨਾਨਕ ਦੇਵ ਜੀ ਨੂੰ ਪੂਰਾ ਵਿਸ਼ਵਾਸ਼ ਸੀ ਕਿ ਸੱਚ ਨਹੀਂ, ਕੂੜ ਹੈ, ਕੂੜ ਦੀ ਕੰਧ ਤੋੜਨੀ ਜ਼ਰੂਰੀ ਹੈ, ਸੱਚ ਪ੍ਰਗਟ ਹੋਣਾ ਚਾਹੀਦਾ ਹੈ ਪਰ ਕੂੜ ਨੂੰ ਕੂੜ ਕਹਿਣ ਲਈ ਕਿੰਨੀ ਜੁਰੱਅਤ ਦੀ ਲੋੜ ਹੈ, ਖਾਸ ਕਰਕੇ ਅਜਿਹੀ ਮੁਤਬਰਕ ਜਗ੍ਹਾ ਤੇ ਜੋ ਧਰਮ ਦਾ ਕੇਂਦਰ ਹੈ ਤੇ ਜਿਥੇ ਕੱਟੜ ਸ਼ਰੱਈ ਲੋਕਾਂ ਦੀ ਭੀੜ ਰਹਿੰਦੀ ਹੋਵੇ, ਕਾਹਬੇ ਵਲ ਲੱਤਾਂ ਪਸਾਰਨੀਆਂ ਮੌਤ ਨੂੰ ਮੁੱਲ ਲੈਣਾ ਸੀ (ਨਹੀਂ ਵਿਸ਼ਵਾਸ਼ ਤਾਂ ਹੁਣ ਕੋਈ ਪਰਖ ਕੇ ਵੇਖ ਲਵੇ) ਪਰ ਸੱਚ ਲਈ ਸੂਰਮਾ ਮਰ ਸਕਦਾ ਹੈ, ਗੁਰੂ ਨਾਨਕ ਦੇਵ ਜੀ ਉਥੋਂ ਦੇ ਕੋਈ ਮੰਨੇ ਪਰਮੰਨੇ ਪੀਰ ਨਹੀਂ ਸੀ ਜੋ ਉਨ੍ਹਾਂ ਦਾ ਇਹ ਕਰਮ ਕੋਈ ਰੱਬੀ ਪੈਗਾਮ ਸਮਝਿਆ ਜਾਂਦਾ। ਉਨ੍ਹਾਂ ਨੂੰ ਟੰਗੋ ਪਕੜ ਘਸੀਟਿਆ ਗਿਆ। ਸ਼ਾਇਦ ਇਸ ਤੋਂ ਕੁਝ ਵਧ ਹੀ ਹੋਇਆ ਹੋਵੇ ਪਰ ਸੱਚ ਪ੍ਰਗਟ ਕਰਨ ਲਈ ਸੂਰਮਾ ਕਸ਼ਟ ਝੱਲ ਸਕਦਾ ਹੈ, ਇਕ ਇਕੱਲਾ ਸਾਰੀ ਜਮਾਤ ਦਾ ਸਾਮ੍ਹਣਾ ਕਰ ਸਕਦਾ ਹੈ। ਇਹ ਜਾਣਦੇ ਹੋਏ ਵੀ ਕੀ ਅਸੀਂ ਗਲਤ ਵਿਸ਼ਵਾਸ਼ਾਂ ਦਾ ਖੰਡਨ ਕਰਨ ਦੀ ਦਲੇਰੀ ਰਖਦੇ ਹਾਂ।

ਇਹੋ ਗੱਲ ਹਰਿਦਵਾਰ ਵਾਪਰੀ, ਬਾਹਾਂ ਉਚੀਆਂ ਕਰਕੇ ਰੌਲਾ ਪਾਉਣ ਨਾਲ ਕੁਝ ਨਹੀਂ ਬਣਦਾ, ਸੱਚ ਪ੍ਰਗਟ ਕਰਨ ਲਈ ਮੌਤ ਸਹੇੜਨੀ ਪੈਂਦੀ ਹੈ। ਹਰਿਦਵਾਰ ਵਿਚ ਸੂਰਜ ਦੇ (ਉਲਟ ਪਾਸੇ) ਪਾਣੀ ਦੇਣਾ ਮੌਤ ਨੂੰ ਵਾਜਾਂ ਮਾਰਨੀਆਂ ਸਨ, ਸੰਭਵ ਹੈ ਕਿ ਕੁਝ ਮਜ਼੍ਹਬੀ ਗਰਮ ਜੋਸ਼ ਵਾਲਿਆਂ ਨੇ ਗੁਰੂ ਜੀ ਨੂੰ ਏਥੇ ਵੀ ਟੰਗੋ ਪਕੜ ਘਸੀਟਿਆ ਹੋਵੇ ਪਰ ਬਹਾਦਰ ਸਤਿਗੁਰੂ ਤਾਂ ਇਸ ਕੰਮ ਲਈ ਪਹਿਲਾਂ ਹੀ ਤਿਆਰ ਸੀ। ਕਿੰਨੇ ਕੁ ਲੋਕ ਸੱਚ ਪ੍ਰਗਟ ਕਰਨ ਲਈ ਘਸੀਟੇ ਜਾਣ ਦੀ ਜੁਰੱਅਤ ਰਖਦੇ ਹਨ? ਕੁਰਸ਼ੇਤਰ ਵਿਚ ਵੀ ਗੁਰੂ ਜੀ ਨੇ ਅਜਿਹੀ ਹੀ ਦਲੇਰੀ ਵਿਖਾਈ, ਐਡੇ ਵੱਡੇ ਮੇਲੇ ਵਿਚ ਇਕੱਲੇ ਗੁਰੂ ਨਾਨਕ ਦੇਵ ਜੀ ਲੋਕਾਂ ਦਾ ਧਿਆਨ ਕਿਵੇਂ ਖਿੱਚ ਸਕਦੇ ਸੀ? ਕੋਈ ਅਜਿਹਾ ਨਾਟਕ ਖੇਡਣ ਦੀ ਲੋੜ ਸੀ ਜੋ ਲੋਕਾਂ ਦਾ ਧਿਆਨ ਖਿਚ ਸਕਦਾ, ਜੋ ਨਾਟਕ ਗੁਰੂ ਨਾਨਕ ਦੇਵ ਜੀ ਸਾਹਿਬ ਨੇ ਏਥੇ ਰਚਿਆ, ਉਸ ਨੇ ਲੋਕਾਂ ਨੂੰ ਕਿੰਨਾ ਉਕਸਾਇਆ ਹੋਵੇਗਾ ਤੇ ਕਿਸ ਬਹਾਦਰੀ ਨਾਲ ਗੁਰੂ ਜੀ ਨੇ ਸੱਚ ਤੇ ਕੱਚ ਦਾ ਨਿਰਣਾ ਕੀਤਾ ਹੋਵੇਗਾ, ਇਸ ਗੱਲ ਦਾ ਅੰਦਾਜ਼ਾ ਲਾਉਣਾ ਕਠਨ ਹੈ।

ਯੋਗੀਆਂ ਦੇ ਟਿੱਲੇ ਤੇ ਗੁਰੂ ਨਾਨਕ ਦੇਵ ਜੀ ਕੋਈ ਸਿੱਖ ਸੇਵਕਾਂ ਦੀ ਸੰਗਤ ਲੈ ਕੇ ਨਹੀਂ ਗਏ। ਜੰਤਰਾਂ, ਮੰਤਰਾਂ ਤੇ ਰਿਧੀਆਂ ਦੇ ਮਾਲਕ ਯੋਗੀਆਂ ਨੂੰ ਗੁਰੂ ਜੀ ਨੇ ਕਾਇਰ ਕਹਿਣ ਦੀ ਦਲੇਰੀ ਕੀਤੀ। ਉਹ ਕਾਇਰ ਸਨ ਜੋ ਸਮਾਜਿਕ, ਧਾਰਮਿਕ ਤੇ ਰਾਜਸੀ ਅਧੋਗਤੀ ਦਾ ਟਾਕਰਾ ਨਾ ਕਰ ਸਕੇ ਤੇ ਇਕਾਂਤ ਵਾਸੀ ਹੋ ਗਏ। ਸਵਾਰਥੀ ਤੇ ਨਿਜੀ ਕਲਿਆਣ ਲਈ ਯੋਗ ਸਾਧਨਾ ਅਪਨਾਅ ਲਈ ਪਰ ਸਮਾਜਿਕ ਕਲਿਆਣ ਲਈ ਤਾਂ ਕਰਮ-ਯੋਗੀ ਚਾਹੀਦੇ ਸਨ, ਜਿਨ੍ਹਾਂ ਨੇ ਸੂਰਬੀਰਤਾ ਨਾਲ ਕੱਚ ਦੇ ਅੰਧਕਾਰ ਵਿਰੁੱਧ ਲੜਾਈ ਲੜੀ।

ਰਾਜਸੀ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਸਭ ਤੋਂ ਬਲਵਾਨ ਯੋਧਾ ਸਿੱਧ ਹੋਏ। ਇਕ ਇਕੱਲੇ ਵਿਅਕਤੀ ਨੇ ਬਾਬਰ ਦੇ ਹਮਲੇ ਦੀ ਨਖੇਧੀ ਕੀਤੀ। ਇਆਸ਼ ਹਕੂਮਤ ਦੇ ਗਿਰੇ ਹੋਏ ਚਲਨ ਤੇ ਭਾਰਤੀ ਜਨਤਾ ਦੀ ਬੁਜ਼ਦਿਲੀ ਨੂੰ ਭੰਡਣ ਦੀ ਜੁਰੱਅਤ ਕੀਤੀ। ਉਹ ਆਪ ਕੈਦ ਹੋ ਸਕਦੇ ਹਨ। ਪਰ ਸੱਚ ਨੂੰ ਕੈਦ ਨਹੀਂ ਰਖ ਸਕਦੇ। ਸੱਚ ਮੱਲੋ ਮੱਲੀ ਉਨ੍ਹਾਂ ਦੇ ਅੰਦਰੋਂ ਪ੍ਰਗਟ ਹੁੰਦਾ ਹੈ। ਉਹ ਰਾਜਿਆਂ ਨੂੰ 'ਸ਼ੀਂਹ' ਤੇ 'ਅਹਿਲਕਾਰਾਂ'' ਨੂੰ ਕੁੱਤੇ ਕਹਿ ਸਕਦੇ ਹਨ। ਕਾਸ਼! ਗੁਰੂ ਨਾਨਕ ਦੇਵ ਜੀ ਦੇ ਅਨੁਆਈ ਅਜਿਹੀ ਜੁਰੱਅਤ ਕਰ ਸਕਣ। ਸਰਕਾਰੀ ਖੇਤਰ ਵਿਚ ਉਚੀਆਂ ਤਲਬਾਂ ਦੇ ਲਾਲਚ ਵਿਚ ਆ ਕੇ ਅਹਿਲਕਾਰ ਸਦਾ ਹੀ ਚਾਪਲੂਸ ਤੇ ਖੁਸ਼ਾਮਦ ਪ੍ਰਸਤ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਸ੍ਵੈਮਾਨ ਦਾ ਸੱਚਾ-ਸੁੱਚਾ ਜੀਵਨ ਜੀਉਣ ਦੀ ਦਲੇਰੀ ਬਖਸ਼ਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਜੀਵਨ ਦੀ ਹਰ ਘਟਨਾ ਵਿਚ ਸੂਰਮਗਤੀ ਵਿਖਾਈ। ਡੰਕੇ ਦੀ ਚੋਟ ਨਾਲ ਕੱਚ ਨੂੰ ਭੰਡਿਆ ਤੇ ਸੱਚ ਨੂੰ ਪ੍ਰਗਟ ਕੀਤਾ। ਇਹ ਬਾਹਰਲੀ ਸੂਰਮਗਤੀ ਦਾ ਆਧਾਰ ਅੰਦਰਲਾ ਪ੍ਰਮਾਤਮਾ ਦਾ ਤਾਣ ਸੀ। ਸੱਚ ਉਨ੍ਹਾਂ ਦੇ ਧੁਰ ਅੰਦਰ ਦਾ ਰੂਹਾਨੀ ਵਿਸ਼ਵਾਸ਼ ਸੀ ਜੋ ਸੌ ਪਰਦੇ ਪਾ ਕੇ ਵੀ ਜ਼ਾਹਿਰ ਹੋਣੋਂ ਨਹੀਂ ਸੀ ਰਹਿੰਦਾ।

ਉਨ੍ਹਾਂ ਦੀ ਸ਼ਕਤੀ ਦਾ ਆਧਾਰ ਉਨ੍ਹਾ ਦੀ ਰੱਬੀ ਭਗਤੀ ਸੀ। ਜੀਵਨ ਘਟਨਾਵਾਂ ਉਸ ਅੰਦਰਲੀ ਸ਼ਕਤੀ ਦਾ ਬਾਹਰਮੁਖੀ ਪ੍ਰਗਟਾਅ ਸਨ।

ਇਨ੍ਹਾਂ ਇਤਿਹਾਸਕ ਜੀਵਨ ਘਟਨਾਵਾਂ ਦੀ ਪ੍ਰੋੜ੍ਹਤਾ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਤੋਂ ਮਿਲਦੀ ਹੈ। ਇਹ ਬਾਣੀ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਵਿਚ ਪ੍ਰਗਟ ਹੋਈ ਦਲੇਰੀ ਦੀ ਸਾਖ ਭਰਦੀ ਹੈ। ਸਗੋਂ ਉਨ੍ਹਾਂ ਨੂੰ ਅੰਕਿਤ ਕਰਕੇ ਗੁਰੂ ਸਾਹਿਬ ਤੇ ਕਿਸੇ ਸ਼ੰਕੇ ਦੀ ਗੁੰਜਾਇਸ਼ ਨਹੀਂ ਰਹਿਣ ਦਿਤੀ। ਉਪਰ ਬਿਆਨ ਕੀਤੀਆਂ ਘਟਨਾਵਾਂ ਨਾਲ ਸੰਬੰਧਤ ਬਾਣੀਆਂ ਇਹ ਹਨ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਅੰਗ - ੪੭੧*

*ਲਖ ਚੋਰੀਆ ਲਖ ਜਾਰੀਆ*
*ਲਖ ਕੂੜੀਆ ਲਖ ਗਾਲਿ ॥* *ਅੰਗ- ੪੭੧*

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥*
*ਅੰਗ- ੪੭੧*

*ਤਗੁ ਨ ਇੰਦ੍ਰੀ ਤਗੁ ਨ ਨਾਰੀ ॥* *ਅੰਗ- ੪੭੧*

ਚਿੰਨ੍ਹਾਂ ਦੇ ਆਦਰਸ਼ਾਂ ਕਰਕੇ ਹੀ ਚਿੰਨ੍ਹਾਂ ਦੀ ਮਹੱਤਤਾ ਹੁੰਦੀ ਹੈ। ਅੰਮ੍ਰਿਤ ਸੰਚਾਰ ਸਮੇਂ ਅੰਮ੍ਰਿਤ ਛਕਣ ਤੇ ਛਕਾਉਣ ਵਾਲਿਆਂ ਨੂੰ ਇਨ੍ਹਾਂ ਸਲੋਕਾਂ ਦੇ ਭਾਵ ਦ੍ਰਿੜ੍ਹ ਕਰਨੇ ਤੇ ਕਰਾਉਣੇ ਚਾਹੀਦੇ ਹਨ।

*ਜੇ ਕਰਿ ਸੂਤਕੁ ਮੰਨੀਐ ........॥* *ਅੰਗ-੪੭੨*

*ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅੰਗ - ੪੭੨*

*ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥* *ਅੰਗ - ੪੭੨*

ਇਹ ਸੂਤਕ ਕੇਵਲ ਹਿੰਦੂ ਸਮਾਜ ਦੇ ਸੂਤਕ ਤਕ ਸੀਮਤ ਨਹੀਂ ਸਗੋਂ ਸਾਰੇ ਪ੍ਰਾਣੀਆਂ ਦੇ ਕਰਮ ਇੰਦ੍ਰਿਆਂ ਦਾ ਸੂਤਕ ਹੈ। ਸੂਤਕ ਰਖਣਾ ਹੈ ਤਾਂ -

*ਜੇ ਮੋਹਾਕਾ ਘਰੁ ਮੁਹੈ...........॥* *ਅੰਗ - ੪੭੨*

ਪਿਤਰਾਂ ਲਈ ਕੀਤੇ ਜਾਂਦੇ ਫੋਕਟ ਕਰਮ ਕਾਂਡ ਦੇ 'ਕੂੜ' ਨੂੰ ਪ੍ਰਗਟ ਕਰਨ ਦੀ ਦਲੇਰੀ ਕੀਤੀ ਹੈ। ਜੀਉਂਦਿਆਂ ਉਨ੍ਹਾਂ ਨੂੰ ਕੋਈ ਪੁਛਦਾ ਨਹੀਂ ਮਰਨ ਤੇ ਲੋਕਾਚਾਰੀ ਵਜੋਂ ਸਰਾਧ ਕੀਤੇ ਜਾਂਦੇ ਹਨ ਤੇ ਵੱਡੀ ਦੁੱਖ ਦੀ ਗੱਲ ਇਹ ਹੈ ਕਿ ਚੋਰੀ ਦੇ ਧਨ ਨਾਲ ਇਹ ਪੁੰਨ ਦੇ ਕੰਮ ਕੀਤੇ ਜਾਂਦੇ ਹਨ।

ਚੋਰੀ ਦੇ ਧਨ ਨਾਲ ਕੀਤੇ ਕਰਵਾਏ ਸਾਰੇ ਪੂਜਾ ਪਾਠ ਕਰਨ ਕਰਵਾਉਣ ਵਾਲਿਆਂ ਲਈ ਬਾਧਕ ਹਨ। ਪਰਾਏ ਮਾਲ ਦੇ ਚੋਰ ਤੇ ਦਲਾਲ ਦੋਵੇਂ ਹੀ ਗੁਨਾਹਗਾਰ ਹਨ -

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥*
*ਅੰਗ - ੧੪੧*

*ਗਊ ਬਿਰਾਹਮਣ ਕਉ ਕਰੁ ਲਾਵਹੁ* *ਅੰਗ - ੪੭੧*

*ਮਾਣਸ ਖਾਣੇ ਕਰਹਿ ਨਿਵਾਜ ॥* *ਅੰਗ- ੪੭੧*

ਇਨ੍ਹਾਂ ਸ਼ਬਦਾਂ ਵਿਚ ਠੀਕ ਪੁਰਾਤਨ ਪ੍ਰਚਲਤ ਪ੍ਰਵਾਨਿਤ ਫੋਕਟ ਰੀਤਾਂ ਦੀ ਤੇ ਪਾਖੰਡੀ ਬ੍ਰਾਹਮਣਾਂ ਤੇ ਮੁਲਾਣਿਆਂ ਦੀ ਨਿਖੇਧੀ ਕੀਤੀ ਹੈ ਪਰ ਇਹ ਤਾਂ ਕਸਵੱਟੀ ਹੈ ਜਿਸ ਤੇ ਅਸੀਂ ਆਪਣੇ ਗੁਰਦਵਾਰੇ, ਭਾਈ, ਗ੍ਰੰਥੀ ਤੇ ਪ੍ਰਚਾਰਕ ਤੇ ਸਿੱਖ ਰੀਤੀ ਰਿਵਾਜ ਨੂੰ ਪਰਖਣਾ ਹੈ। ਅਸੀਂ ਕਿੱਥੇ ਖੜ੍ਹੇ ਹਾਂ, ਸਾਫ ਦਿਸ ਆਵੇਗਾ।

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*
*ਅੰਗ - ੪੭੨*

ਰਾਜ ਦਰਬਾਰ ਦਾ ਅਜਿਹਾ ਚਰਿੱਤਰਹੀਣ ਚਲਨ ਪੇਸ਼ ਕਰ ਸਕਣਾ ਗੁਰੂ ਨਾਨਕ ਦੇਵ ਜੀ ਦੀ ਹਿੰਮਤ ਸੀ। ਅੱਜ ਵੀ ਸਰਕਾਰੀ ਕੰਮ ਕਾਜ ਵਿਚ ਜਿਥੇ 'ਕਾਮ ਨੇਬ' ਨੂੰ ਪੁੱਛ ਕੇ ਫੈਸਲੇ ਹੁੰਦੇ ਹਨ, ਉਨ੍ਹਾਂ ਨੂੰ ਭੰਡਣ ਦੀ ਦਲੇਰੀ ਹੋਣੀ ਚਾਹੀਦੀ ਹੈ। 'ਅੰਧੀ ਰਯੀਅਤ' ਇਸ ਨੂੰ ਬਰਦਾਸ਼ਤ ਕਰੀ ਜਾਂਦੀ ਹੈ। ਕੋਈ ਸੂਰਮਾ ਹੀ ਇਸ ਨਾਲ ਟੱਕਰ ਲੈਂਦਾ ਹੈ।

2. ਬਾਬਰ ਦੇ ਹਮਲੇ ਸਬੰਧੀ ਤਿੰਨ ਸ਼ਬਦ ਹਨ। ਤਿੰਨਾਂ ਵਿਚ ਹੀ ਗੁਰੂ ਜੀ ਹਮਲੇ ਤੋਂ ਪੈਦਾ ਹੋਈ ਅਧੋਗਤੀ ਦੀ ਨਿਰਖ ਪਰਖ ਕਰਦੇ ਹਨ।

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥*
*ਅੰਗ - ੩੬੦*

ਇਹ ਗੁਰੂ ਜੀ ਦੀ ਬਾਬਰ ਅੱਗੇ ਪ੍ਰਗਟਾਈ ਸੂਰਬੀਰਤਾ ਹੈ। ਲੋਕ ਪ੍ਰਤੀਨਿਧ ਵਜੋਂ ਆਪਣਾ ਰੋਸ ਪ੍ਰਗਟ ਕਰਦੇ ਹਨ।

6. ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਲਿਖੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਕੁਲ ਸੰਸਾਰ ਵਿਚ ਹੋ ਰਹੀ ਸੱਚ ਤੇ ਕੱਚ ਦੀ ਲੜਾਈ ਨੂੰ ਵਿਅਕਤ ਕੀਤਾ ਹੈ। ਮਨੁੱਖ ਨੂੰ ਸੂਰਮਾ ਬਣਨ ਦੀ ਪ੍ਰੇਰਨਾ ਕੀਤੀ ਹੈ। ਗੁਰਮੁਖ ਸੂਰਮਾ ਹੈ ਜੋ ਜੀਵਨ ਦੇ ਹਰ ਪਗ ਤੇ ਕੂੜ ਤੇ ਕੱਚ ਵਿਰੁੱਧ ਲੜਦਾ ਹੈ। ਇਹ ਸੰਗਰਾਮ ਹਰ ਥਾਂ ਹਰ ਸਮੇਂ ਹੋ ਰਿਹਾ ਹੈ। ਸੰਸਾਰ ਤਾਂ ਹੈ ਹੀ ਲੜਾਈ ਦਾ ਅਖਾੜਾ। ਉਚੀਆਂ ਕਦਰਾਂ ਕੀਮਤਾਂ ਦੀ ਕੱਚ ਤੇ ਕੂੜ ਨਾਲ ਟੱਕਰ ਹੈ। ਇਹ ਕੀਮਤਾਂ ਮਨੁੱਖੀ ਸੁਭਾ ਰਾਹੀਂ ਵਿਅਕਤ ਹੋ ਰਹੀਆਂ ਹਨ। ਇਕੋ ਵਿਅਕਤੀ ਦਿਨ ਵਿਚ ਕਿੰਨੀ ਵਾਰੀ ਜਿਤਦਾ ਹੈ ਤੇ ਕਿੰਨੀ ਵਾਰ ਹਾਰਦਾ ਹੈ। ਇਕ ਇੱਕਲਾ ਵਿਅਕਤੀ ਬਹੁਤ ਕੁਝ ਕਰ ਸਕਦਾ ਹੈ। ਇਕ ਇਕੱਲੇ ਗੁਰੂ ਨਾਨਕ ਦੇਵ ਜੀ ਸਾਰੇ ਧਾਰਮਿਕ, ਸਮਾਜਿਕ, ਭਾਈਚਾਰਕ ਤੇ ਰਾਜਸੀ ਅਨਿਆਂ ਵਿਰੁੱਧ ਡੱਟ ਸਕਦੇ ਹਨ। ਸੰਸਾਰ ਅਖਾੜੇ ਵਿਚ ਲੋੜ ਕੇਵਲ ਸੂਰਮਾ ਬਣਨ ਦੀ ਹੈ -

*ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥*
*ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥*
*ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥*
*ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥*
*ਅੰਗ- ੧੨੮੦*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*ੴ ਸਤਿਗੁਰ ਪ੍ਰਸਾਦਿ॥*

**ਸਿਰੀਰਾਗੁ ਮਹਲਾ ੧**

**ਲੇਖੈ ਬੋਲਣੁ ਬੋਲਣਾ; ਲੇਖੈ ਖਾਣਾ ਖਾਉ॥**

ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਜੋ ਕੁਝ ਵੀ ਅਸੀਂ ਸ਼ਬਦ ਬੋਲਣੁ=ਬੋਲਦੇ ਹਾਂ ਸਭ ਪ੍ਰਮੇਸ਼ਰ ਦੇ ਲੇਖੈ=ਹਿਸਾਬ ਵਿਚ ਹੀ ਬੋਲਦੇ ਹਾਂ ਅਤੇ ਖਾਣਾ=ਭੋਜਨ ਦਾ ਖਾਉ=ਖਾਣਾ ਵੀ ਲੇਖੈ=ਹਿਸਾਬ ਵਿਚ ਹੀ ਹੈ ਅਥਵਾ ਸਾਰੇ ਜੀਵਾਂ ਦਾ ਬੋਲਣਾ=ਬੋਲਿਆ ਸਭ ਉਸ ਪਰਮਾਤਮਾ ਦੇ ਲੇਖੈ=ਹਿਸਾਬ ਵਿਚ ਹੀ ਹੈ ਅਤੇ ਪ੍ਰਭੂ ਦੇ ਲੇਖੈ ਅੰਦਰ ਹੀ ਸਭ ਖਾਣਾ ਖਾਉ=ਖਾ ਰਹੇ ਹਨ। ਇਸ ਤੋਂ ਵੱਧ ਇਕ ਗਰਾਹੀ ਵੀ ਨਹੀਂ ਖਾਧੀ ਜਾ ਸਕਦੀ। ਜਦੋਂ ਉਸ ਦੀ ਆਗਿਆ ਨਾ ਹੋਵੇ ਤਾਂ ਪਾਣੀ ਦੀ ਇਕ ਘੁੱਟ ਵੀ ਅੰਦਰ ਨਹੀਂ ਜਾ ਸਕਦੀ। ਜੈਸਾ ਕਿ -

**ਲੇਖੈ, ਵਾਟ ਚਲਾਈਆ;**
**ਲੇਖੈ, ਸੁਣਿ ਵੇਖਾਉ॥**

ਅਸੀਂ ਜਿੰਨਾ ਵਾਟ=ਰਸਤਾ ਚਲਾਈਆ=ਚੱਲਦੇ ਹਾਂ, ਇਹ ਵੀ ਉਸ ਪ੍ਰਭੂ ਦੇ ਲੇਖੈ=ਹਿਸਾਬ 'ਚ ਹੈ। ਉਸ ਤੋਂ ਵੱਧ ਇਕ ਕਦਮ ਵੀ ਨਹੀਂ ਚੱਲ ਸਕਦੇ। ਜਿੰਨੇ ਵੀ ਬਚਨ ਸੁਣਦੇ ਹਾਂ, ਸਭ ਲੇਖੇ ਵਿਚ ਹਨ। ਇਸ ਮਗਰੋਂ ਕੋਈ ਬਚਨ ਨਹੀਂ ਸੁਣਿਆ ਜਾ ਸਕਦਾ। ਜੋ ਵੇਖਾਉ=ਵੇਖਦੇ ਹਾਂ, ਉਹ ਵੀ ਲੇਖੇ ਵਿਚ ਹੈ। ਜਦੋਂ ਪ੍ਰਭੂ ਨੇਤ੍ਰ ਬੰਦ ਕਰ ਦੇਵੇ ਤਾਂ ਕੁਝ ਵੀ ਦਿਖਾਈ ਨਹੀਂ ਦਿੰਦਾ।

ਇਸੇ ਪ੍ਰਕਾਰ ਕਈਆਂ ਦਾ ਵਿਚਾਰ ਹੁੰਦਾ ਹੈ ਕਿ ਅਸੀਂ ਇੰਨੇ ਸਮੇਂ ਵਿਚ ਇੰਨਾ ਪੈਂਡਾ ਚੱਲਾਂਗੇ। ਵੱਧ ਘੱਟ ਨਹੀਂ ਚੱਲਣਾ। ਇਉਂ ਵਾਟਾਂ ਕਈ ਲੇਖੇ ਵਿਚ ਹੀ ਤੁਰਦੇ ਹਨ। ਮੈਂ ਇੰਨਾ ਚਿਰ ਗਿਆਨ ਨੂੰ ਸੁਣਾਂਗਾ, ਇੰਨਾ ਚਿਰ ਧਿਆਨ ਲਾ ਕੇ ਵੇਖਾਂਗਾ। ਇਉਂ ਵੀ ਲੇਖੇ ਦੀਆਂ ਗੱਲਾਂ ਕਰਨ ਜਾਣਦੇ ਹਨ।

ਵਾ: ਜਿਹੜਾ ਸਾਧਸੰਗਤ ਦੇ ਰਸਤੇ 'ਤੇ ਚੱਲਦਾ ਹੈ, ਇਹ ਵਾਟ=ਰਸਤਾ ਲੇਖੈ=ਹਿਸਾਬ ਵਿਚ ਹੈ। ਉਹ ਪੈਰ ਸਫਲੇ ਹਨ ਜੋ ਸਤਿਸੰਗਤ ਵੱਲ ਚੱਲ ਕੇ ਜਾਂਦੇ ਹਨ। ਆਪਣੇ ਆਪ ਨੂੰ ਭਾਉ ਭਗਤੀ 'ਚ ਲਾਉਣਾ ਲੇਖੈ 'ਚ ਹੈ ਭਾਵ ਪ੍ਰਵਾਨੀਕ ਹੈ। ਪਰਮੇਸ਼ਰ ਦੇ ਜੱਸ ਨੂੰ ਸੁਣਨਾ ਪ੍ਰਵਾਨੀਕ ਹੈ। ਸੰਗਤ ਦੇ ਦਰਸ਼ਨ ਕਰਨ ਵਾਲੇ ਨੇਤ੍ਰ ਸਫਲੇ ਹਨ। ਜੈਸਾ ਕਿ -

*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥*
*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥ ਅੰਗ - ੧੨੬੨*

**ਲੇਖੈ ਸਾਹ ਲਵਾਈਅਹਿ;**
**ਪੜੇ ਕਿ ਪੁਛਣ ਜਾਉ॥੧॥**

ਜਿਤਨੇ ਜੀਵ ਸਾਹ=ਸੁਆਸ ਲਵਾਈਅਹਿ=ਲੈਂਦੇ ਹਨ, ਇਹ ਸਭ ਲੇਖੈ=ਹਿਸਾਬ ਵਿਚ ਹਨ। ਭਾਵ ਕਿਤਨੇ ਸੁਆਸਾਂ ਨਾਲ ਨਾਮ ਜਪਿਆ ਕਿਤਨੇ ਸੁਆਸਾਂ ਨਾਲ ਪਾਪ ਚਿਤਵੇ ਸਭ ਪਰਮਾਤਮਾ ਦੇ ਲੇਖੈ=ਲੇਖੇ ਹਿਸਾਬ ਵਿਚ ਹਨ। ਉਸ ਦੀ ਮਰਜ਼ੀ ਤੋਂ ਬਿਨਾਂ ਕੋਈ ਇਕ ਸਵਾਸ ਵੀ ਨਹੀਂ ਲੈ ਸਕਦਾ ਭਾਵੇਂ ਪੜ੍ਹਿਆਂ ਨੂੰ ਜਾ ਕੇ ਪੁੱਛ ਲਵੋ ਅਥਵਾ ਪੜ੍ਹਿਆਂ ਨੂੰ ਵੀ ਕੀ ਪੁੱਛਣ ਜਾਣਾ ਹੈ, ਆਪ ਪੜ੍ਹ ਕੇ ਦੇਖ ਲਓ, ਭਾਵ ਚਾਹੇ ਪੁੱਛ ਲਓ ਉਹ ਇਹੋ ਗੱਲ ਆਖਣਗੇ ਕਿ ਸਭ ਕੁਝ ਵਾਹਿਗੁਰੂ ਦੇ ਹਿਸਾਬ 'ਚ ਹੈ। ਸਵਾਸ ਤਾਂ ਸਭ ਨੂੰ ਲੇਖੈ ਵਿਚ ਹੀ ਮਿਲਦੇ ਹਨ, ਵੱਧ ਘੱਟ ਨਹੀਂ॥1॥ ਜੈਸਾ ਕਿ -

*ਛਨਿ ਘਾਲੇ ਸਭ ਦਿਵਸ ਸਾਸ*
*ਨਹ ਬਧਨ ਘਟਨ ਤਿਲੁ ਸਾਰ ॥ ਅੰਗ - ੨੫੪*

ਪੜ੍ਹ ਕੇ ਵੇਖ ਲਵੋ ਅਥਵਾ ਪੜ੍ਹਿਆਂ ਨੂੰ ਪੁੱਛਣ ਜਾਣਾ ਹੈ, ਸਮਝ ਲਓ ਇਸ ਗੱਲ ਨੂੰ। ਉਹ ਸਾਹ=ਸਵਾਸ ਸਫਲੇ ਹਨ, ਜਿਨ੍ਹਾਂ ਦੁਆਰਾ ਪਰਮੇਸ਼ਰ ਦੇ ਜੱਸ ਨੂੰ ਗਾਵੀਏ ਜਾਂ ਉਚਾਰੀਏ। ਬਾਕੀ ਸਵਾਸ ਵਿਅਰਥ ਹਨ, ਜੈਸਾ ਕਿ -

*ਨਾਮ ਹੀਨ ਅਸ ਸ੍ਵਾਸ ਸਹਤਿ ਹੈ।*
*ਜਿਹ ਬਿਧਿ ਭਸਰਾ ਫੂਕ ਬਹਤਿ ਹੈ॥੪॥੨॥*
*(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ ੧)*

ਭਾਵ ਬਿਨਾਂ ਸਿਮਰਨ ਤੋਂ ਸਵਾਸ ਇਵੇਂ ਹਨ ਜਿਵੇਂ ਲੁਹਾਰ ਦਾ ਖੱਲਾ ਅਗਨੀ ਤੇਜ਼ ਕਰਨ ਲਈ ਫੂਕ ਮਾਰਦਾ ਹੈ। ਪੜ੍ਹੇ ਹੋਏ ਜੋ ਵਿਦਵਾਨ ਹਨ, ਉਨ੍ਹਾਂ ਨੂੰ ਪੁੱਛ ਲਵੋ ਜਾਂ ਆਪ ਪੜ੍ਹ ਕੇ ਸਮਝ ਲਵੋ। ਸਭ ਸ਼ਾਸਤ੍ਰਾਂ ਦਾ ਇਹੋ ਸਿਧਾਂਤ ਹੈ।

**ਬਾਬਾ; ਮਾਇਆ ਰਚਨਾ ਧੋਹੁ॥**

ਇਹ ਮਾਇਆ ਦੀ ਰਚਨਾ ਧੋਹੁ=ਧੋਖੇ ਵਾਲੀ ਹੈ, ਛਲਣ ਵਾਲੀ ਹੈ ਵਾ: ਬੇਅੰਤ ਜੀਵਾਂ ਦੇ ਤਾਂਈ ਮਾਇਆ ਦੀ ਰਚਨਾ ਨੇ ਛਲਿਆ ਹੈ।

ਵਾ: ਹੇ ਬਾਬਾ! ਜਿਹੜੀ ਮਾਇਆ ਦੀ ਰਚਨਾ ਹੈ, ਇਹ ਧੋਖੇ ਵਾਲੀ ਹੈ, ਛਲਣ ਵਾਲੀ ਹੈ। ਸਾਰੇ ਜੀਵ ਇਸ ਵਿਚ ਛਲੇ ਗਏ ਹਨ।

**ਅੰਧੈ ਨਾਮੁ ਵਿਸਾਰਿਆ;**
**ਨਾ ਤਿਸੁ ਏਹ ਨ ਓਹੁ॥1॥ਰਹਾਉ॥**

ਅੰਧੈ ਭਾਵ ਅਗਿਆਨੀ ਜੀਵ ਨੇ ਮਾਇਆ ਦੇ ਧੋਖੇ ਵਿਚ ਆ ਕੇ ਪਰਮਾਤਮਾ ਦੇ ਨਾਮ ਨੂੰ ਵਿਸਾਰਿਆ=ਭੁਲਾ ਛੱਡਿਆ ਹੈ। ਨਾ ਤਿਸੁ=ਉਸ ਦਾ ਏਹ=ਇਹ ਮਾਤ ਲੋਕ ਸੁਧਰਿਆ ਤੇ ਨਾ ਹੀ ਓਹੁ=ਉਹ (ਪਰਲੋਕ) ਸੁਧਰਿਆ। ਅਗਿਆਨੀ ਨੇ ਦੋਵੇਂ ਲੋਕ ਹੀ ਗਵਾ ਲਏ।

ਵਾ: ਅੰਧੈ=ਅਗਿਆਨੀ ਜੀਵ ਨੇ ਮਨ ਬੁੱਧ ਰੂਪ ਨੇਤ੍ਰਾਂ ਤੇ ਵਿਚਾਰ ਰੂਪੀ ਨਿਗ੍ਹਾ ਤੋਂ ਬਿਨਾਂ ਪਰਮੇਸ਼ਰ ਦਾ ਨਾਮ ਵਿਸਾਰਿਆ=ਭੁਲਾ ਛੱਡਿਆ ਹੈ। ਇਸ ਜੀਵ ਦਾ ਨਾਂ ਤਾਂ ਇਹ ਲੋਕ ਸੁਧਰਿਆ ਤੇ ਨਾ ਹੀ ਪਰਲੋਕ ਸੁਧਰਿਆ। ਭਾਵ ਇਸ ਲੋਕ ਵਿਚ ਰਹਿੰਦਿਆਂ ਸਿਮਰਨ, ਭਜਨ, ਦਇਆ, ਧਰਮ ਨਹੀਂ ਕਮਾਇਆ॥1॥ਰਹਾਉ॥ ਜੈਸਾ ਕਿ–

*ਸਿਮਰਨੁ ਭਜਨ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ॥* *ਅੰਗ – ੧੧੦੬*

ਤੇ ਦਰਗਾਹ ਵਿਚ ਵੀ ਨਿਰਾਦਰ ਹੀ ਪ੍ਰਾਪਤ ਹੋਵੇਗਾ। ਨਾ ਇਸ ਨੂੰ ਜੀਵ ਦੇ ਸਰੂਪ ਦਾ ਤੇ ਨਾ ਹੀ ਚੇਤਨ ਬ੍ਰਹਮ ਦਾ ਗਿਆਨ ਹੋਇਆ, ਜੋ ਸਾਰਿਆਂ ਅੰਦਰ ਸੱਤਾ ਮਾਤਰ ਹੈ ਵਾ: ਆਤਮਾ ਰੂਪ ਨਾ ਉਸ ਈਸ਼ਵਰ ਦੇ ਗਿਆਨ ਦਾ, ਤਤ ਪਦ ਦਾ ਤੇ ਨਾ ਤ੍ਵੰ ਪਦ ਦਾ ਗਿਆਨ ਹੋਇਆ।

**ਜੀਵਣ ਮਰਣਾ ਜਾਇ ਕੈ;**
**ਏਥੈ ਖਾਜੈ ਕਾਲਿ॥**

ਗੁਰੂ ਜੀ ਫੁਰਮਾਉਂਦੇ ਹਨ ਕਿ ਜੀਵਣ ਮਰਣਾ ਜਾਇ ਕੈ=ਪੈਦਾ ਹੋ ਕੇ ਜੀਵ ਜਿੰਨਾ ਚਿਰ ਮਰਨ ਤੱਕ ਜਿਉਂਦਾ ਹੈ। ਜਿਹੜਾ ਜੀਵ ਇਥੇ ਸੰਬੰਧੀਆਂ ਨਾਲ ਮਿਲ ਕੇ ਆਪਣੇ ਕਾਲਿ=ਸਮੇਂ ਨੂੰ ਖਾਜੈ=ਖਾਈ ਜਾਂਦਾ ਹੈ, ਭਾਵ ਸਮੇਂ ਨੂੰ ਸੰਬੰਧੀਆਂ ਦੇ ਮਿਲਣ ਜੁਲਣ ਵਿਚ ਗਵਾ ਛੱਡਦਾ ਹੈ।

ਵਾ: ਜਾਇ ਕੈ=ਜੋ ਪੈਦਾ ਹੋ ਕੇ ਸਤਿਗੁਰੂ ਦੇ ਉਪਦੇਸ਼ ਦੁਆਰਾ ਜੀਵਨ ਧਾਰ ਕੇ ਮਰਨਾ ਕਰਦੇ ਹਨ। ਹੇ ਭਾਈ! ਉਹ ਇਥੇ ਹੀ ਕਾਲ ਦਾ ਭੱਖਣ ਕਰ ਜਾਂਦੇ ਹਨ। ਉਨ੍ਹਾਂ ਨੂੰ ਕਾਲ ਕੁਝ ਨਹੀਂ ਕਹਿ ਸਕਦਾ।

**ਜਿਥੈ ਬਹਿ ਸਮਝਾਈਐ;**
**ਤਿਥੈ ਕੋਇ ਨ ਚਲਿਓ ਨਾਲਿ॥**

ਜਿਥੈ=ਜਿਸ ਧਰਮਰਾਜੇ ਦੀ ਕਚਹਿਰੀ ਵਿਚ ਬਹਿ=ਬਿਠਾ ਕਰਕੇ ਜੀਵ ਨੂੰ ਕੀਤੇ ਕਰਮਾਂ ਦਾ ਲੇਖਾ ਸਮਝਾਈਐ=ਸਮਝਾਇਆ ਜਾਂਦਾ ਹੈ, ਤਿਥੈ=ਉਥੇ ਪ੍ਰਲੋਕ ਵਿਚ ਸੰਬੰਧੀਆਂ ਵਾ: ਪਦਾਰਥਾਂ ਵਿਚੋਂ ਕੋਇ=ਕੋਈ ਭੀ ਨਾਲਿ=ਸਾਥ ਨ=ਨਹੀਂ ਚਲਿਓ=ਚੱਲਦਾ ਭਾਵ ਜਾਂਦਾ।

ਵਾ: ਜਿਥੈ=ਜਿਸ ਥਾਂ ਭਾਵ ਪਰਲੋਕ ਵਿਚ ਧਰਮਰਾਜੇ ਦੇ ਕੋਲ ਬਹਿ=ਬੈਠ ਕਰਕੇ ਜੀਵਾਂ ਨੂੰ ਲੇਖਾ ਸਮਝਾਈਐ=ਸਮਝਾਇਆ ਜਾਂਦਾ ਹੈ, ਤਿਥੈ=ਤਿਸ ਦਰਗਾਹ ਵਿਚ ਤੱਤਬੇਤਾ ਕੋਇ=ਕੋਈ ਮਨ, ਬੁੱਧ, ਆਦਿਕ ਇੰਦਰਿਆਂ ਦੀ ਉਪਾਧੀ ਨਾਲਿ=ਸਾਥ ਲੈ ਕੇ ਨਹੀਂ ਜਾਂਦਾ, ਭਾਵ ਜਿਥੇ ਤੱਤਬੇਤੇ ਦਾ ਸਰੀਰ ਛੁੱਟ ਜਾਂਦਾ ਹੈ, ਉਥੇ ਉਪਾਧ ਤੋਂ ਰਹਿਤ ਹੋ ਕੇ ਬ੍ਰਹਮ ਵਿਚ ਅਭੇਦ ਹੋ ਜਾਂਦਾ ਹੈ ਵਾ: ਉਥੇ ਉਹਨਾਂ ਦਾ ਸੰਚਤ, ਪਰਾਲੱਬਧ, ਕਿਰਿਆਮਾਨ ਆਦਿ ਕੋਇ=ਕੋਈ ਭੀ ਕਰਮ ਨਾਲ ਨਹੀਂ ਜਾਂਦਾ, ਕਿਉਂਕਿ ਉਨ੍ਹਾਂ ਨੇ ਇਥੇ ਹੀ ਕਰਮਾਂ ਦੇ ਸੰਸਕਾਰ ਮੇਟ ਲਏ ਹਨ। ਜੈਸਾ ਕਿ –

*ਨਹ ਕਿਛੁ ਜਨਮੈ ਨਹ ਕਿਛੁ ਮਰੈ ॥*
*ਆਪਨ ਚਲਿਤੁ ਆਪ ਹੀ ਕਰੈ ॥* *ਅੰਗ– ੨੮੧*

ਰੋਵਣ ਵਾਲੇ ਜੇਤੜੇ; ਸਭਿ ਬੰਨਹਿ ਪੰਡ ਪਰਾਲਿ॥1॥

ਜੇਤੜੇ=ਜਿਤਨੇ ਵੀ ਸੰਬੰਧੀ ਮੋਏ ਹੋਏ ਨੂੰ ਰੋਣ ਵਾਲੇ ਹਨ, ਉਹ ਸਭਿ=ਸਾਰੀਆਂ ਪਰਾਲੀ ਦੀਆਂ ਪੰਡਾਂ ਬੰਨ੍ਹਣ ਵਾਂਗੂੰ ਫੋਕੀਆਂ ਹੀ ਗੱਲਾਂ ਕਰਦੇ ਹਨ, ਜਿਸ ਪ੍ਰਕਾਰ ਪਰਾਲੀ ਵਿਚ ਧਾਨ ਨਹੀਂ ਹੁੰਦਾ, ਇਸੇ ਤਰ੍ਹਾਂ ਰੋਵਣ=ਰੋਣ ਵਾਲੇ=ਵਾਲਿਆਂ ਦੀਆਂ ਗੱਲਾਂ ਵਿਚ ਗਿਆਨ ਨਹੀਂ ਹੁੰਦਾ॥2॥ ਜੈਸਾ ਕਿ–

*ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥*
*ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥ ੪ ॥*
*ਅੰਗ– ੪੧੮*

**ਸਭੁ ਕੋ ਆਖੈ ਬਹੁਤੁ ਬਹੁਤੁ;**
**ਘਟਿ ਨ ਆਖੈ ਕੋਇ॥**

ਸਭੁ=ਸਾਰੇ ਕੋ=ਕੋਈ ਜੀਵ ਆਖੈ=ਕਹਿੰਦੇ ਹਨ ਕਿ ਮੇਰਾ ਬਹੁਤ ਜਿਉਣਾ ਹੋਵੇ, ਮੇਰਾ ਬਹੁਤ ਜੱਸ (ਪ੍ਰਤਾਪ) ਹੋਵੇ। ਕੋਇ=ਕੋਈ ਭੀ ਘਟਿ=ਥੋੜ੍ਹਾ ਜਿਉਣਾ ਅਤੇ ਥੋੜ੍ਹਾ ਜੱਸ ਨਹੀਂ ਆਖੈ=ਆਖਦਾ ਭਾਵ ਮੰਗਣਾ ਕਰਦਾ ਅਥਵਾ ਸਭੁ=ਸਾਰੇ ਕੋ=ਕੋਈ ਉਸ ਪ੍ਰਮੇਸ਼ਰ ਨੂੰ ਬਹੁਤੁ-ਬਹੁਤੁ=ਬੇਅੰਤ ਬੇਅੰਤ ਹੀ ਆਖੈ=ਆਖਦੇ ਹਨ ਕੋਇ=ਕੋਈ ਘੱਟ ਨਹੀਂ ਆਖੈ=ਆਖਦਾ।

ਕੀਮਤਿ ਕਿਨੈ ਨ ਪਾਈਆ; ਕਹਣਿ ਨ ਵਡਾ ਹੋਇ॥

ਉਸ ਪਰਮੇਸ਼ਰ ਦੇ ਗੁਣਾਂ ਦੀ ਕੀਮਤ ਕਿਨੈ=ਕਿਸੇ ਨੇ ਨ=ਨਹੀਂ ਪਾਈਆ=ਪਾਉਣੀ ਕੀਤੀ, ਕਿਉਂਕਿ ਬੇਅੰਤ ਹੈ ਅਤੇ ਮੁੱਖ ਦੁਆਰਾ ਕਹਿਣ ਨਾਲ ਪਰਮੇਸ਼ਰ ਵੱਡਾ ਨ=ਨਹੀਂ ਹੋਇ=ਹੁੰਦਾ, ਕਿਉਂਕਿ ਉਹ ਪਹਿਲਾਂ ਹੀ ਵੱਡਾ ਹੈ, ਭਾਵ ਕਿਸੇ ਦੁਆਰਾ ਵਡਿਆਈ ਕਰਨ ਕਰਕੇ ਵੱਡਾ ਨਹੀਂ ਬਣਦਾ ਅਤੇ ਨਿੰਦਿਆ ਕਰਨ ਕਰਕੇ ਘਟਦਾ ਨਹੀਂ ਹੈ। ਜੈਸਾ ਕਿ–

*ਜੇ ਸਭਿ ਮਿਲਿ ਕੈ ਆਖਣ ਪਾਹਿ ॥*
*ਵਡਾ ਨ ਹੋਵੈ ਘਾਟਿ ਨ ਜਾਇ ॥ ੨ ॥* *ਅੰਗ – ੯*

ਤਥਾ – ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ। (ਸ੍ਰੀ ਦਸਮ ਗ੍ਰੰਥ, ਅਕਾਲ ਉਸਤਿਤ, ਪੰਨਾ 26)

**ਸਾਚਾ ਸਾਹਬੁ ਏਕੁ ਤੂ;**
**ਹੋਰਿ ਜੀਆ ਕੇਤੇ ਲੋਅ॥੩॥**

ਹੇ ਪ੍ਰਭੂ! ਤੂੰ ਇੱਕੋ ਇਕ ਸਾਚਾ ਸਾਹਬੁ=ਸੱਚਾ ਮਾਲਕ ਹੈਂ। ਭੂਤਕਾਲ 'ਚ ਭੀ ਇੱਕੋ ਸੀ, ਹੁਣ ਵੀ ਇੱਕੋ ਹੈ ਤੇ ਭਵਿੱਖ 'ਚ ਵੀ ਇੱਕੋ ਹੀ ਹੋਵੇਗਾ। ਹੋਰ ਕੇਤੇ=ਕਿਤਨੇ ਜੀਆ=ਜੀਵ ਭਾਵ ਖੰਡਾ, ਬ੍ਰਹਿਮੰਡਾ ਦੀਪਾਂ ਆਦਿ ਦੇ ਸਾਰੇ ਲੋਅ=ਲੋਕ ਤੇਰੀ ਆਗਿਆ ਵਿਚ ਹਨ ਵਾ: ਸਾਰਿਆਂ ਨੂੰ ਚੇਤਨ ਸੱਤਾ ਰੂਪ ਲੋਅ=ਪ੍ਰਕਾਸ਼ ਦੇ ਰਿਹਾ ਹੈਂ।

**ਨੀਚਾ ਅੰਦਰਿ ਨੀਚ ਜਾਤਿ;**

**ਨੀਚੀ ਹੂ ਅਤਿ ਨੀਚੁ ॥**

**ਨਾਨਕੁ ਤਿਨ ਕੈ ਸੰਗਿ ਸਾਥਿ;**

**ਵਡਿਆ ਸਿਉ ਕਿਆ ਰੀਸ ॥**

ਜਿਹੜੇ ਨੀਚਾਂ ਅੰਦਰ ਨੀਚ=ਨੀਵੀਂ ਜਾਤਿ=ਜਾਤੀ ਵਾਲੇ ਲੋਕ ਹਨ, ਨੀਚੀ=ਨੀਵਿਆ ਹੂ=ਤੋਂ ਭੀ ਅਤਿ=ਅਤਿਅੰਤ ਨੀਚੁ=ਨੀਵੇ ਹਨ ਵਾ: ਜਾਤੀ ਵਿਤਕਰੇ ਵਾਲਿਆਂ ਨੇ ਬ੍ਰਾਹਮਣਾਂ ਤੋਂ ਛੱਤ੍ਰੀਆਂ ਨੂੰ, ਛੱਤ੍ਰੀਆਂ ਤੋਂ ਵੈਸ਼ਾਂ ਨੂੰ, ਵੈਸ਼ਾਂ ਤੋਂ ਸ਼ੂਦਰਾਂ ਨੂੰ ਨੀਵਾਂ ਮੰਨਿਆ ਹੈ, ਸ਼ੂਦਰਾਂ 'ਚੋਂ ਭਗਤ ਨਾਮਦੇਵ ਜੀ। ਸ਼ੂਦਰਾਂ ਤੋਂ ਨੀਵੇਂ ਜੁਲਾਹੇ ਮੰਨੇ ਹਨ (ਜੁਲਾਹਿਆਂ 'ਚੋਂ ਭਗਤ ਕਬੀਰ ਹੀ)। ਜੁਲਾਹਿਆਂ ਤੋਂ ਨੀਵੇਂ ਚਮੜੇ ਦਾ ਕੰਮ ਕਰਨ ਵਾਲੇ ਚਮਿਆਰ ਮੰਨੇ ਹਨ (ਚਮਿਆਰਾਂ 'ਚੋਂ ਭਗਤ ਰਵਿਦਾਸ ਜੀ)। ਇਹਨਾਂ ਨੀਚੁ=ਨੀਵੀਆਂ ਜਾਤੀਆਂ ਵਿਚੋਂ ਅਤਿ=ਅਤਿਅੰਤ ਨੀਚ ਜਾਤੀ ਵਾਲੇ ਚੰਡਾਲ ਹਨ (ਚੰਡਾਲਾਂ ਵਿਚੋਂ ਭੀਲਣੀ ਤੇ ਰਿਸ਼ੀ ਬਾਲਮੀਕ)।

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਿਨ ਕੈ=ਤਿਨਾ ਭਗਤ ਜਨਾਂ ਦੇ ਸੰਗਿ ਦੇ ਸਾਥਿ=ਸਾਥੀ ਹਾਂ, ਜਿਹੜੇ ਵਡਿਆ=ਵੱਡੇ ਜਾਤੀ ਅਭਿਮਾਨੀ ਹਨ, ਭਾਵ ਆਪਣੇ ਆਪ ਨੂੰ ਵਡਿਆ=ਉੱਚੇ ਮੰਨੀ ਬੈਠੇ ਹਨ, ਉਹਨਾਂ ਦੇ ਸਿਉ=ਨਾਲ ਕਿਆ=ਕੀ ਰੀਸ=ਸਮਾਨਤਾ ਕਰਨੀ ਹੈ।

**ਜਿਥੈ ਨੀਚ ਸਮਾਲੀਅਨਿ;**

**ਤਿਥੈ ਨਦਰਿ ਤੇਰੀ ਬਖਸੀਸ਼ ॥੪॥੩॥**

ਜਿਥੇ ਨੀਚ=ਨੀਵੇਂ ਤੇਰੇ ਦਰ ਵਿਚ ਸੰਭਾਲੇ ਜਾਂਦੇ ਹਨ, ਉਥੇ ਤੇਰੀ ਨਦਰਿ 'ਤੇ ਬਖਸ਼ਿਸ਼ ਹੁੰਦੀ ਹੈ, ਭਾਵ ਉਹ ਤੇਰੀ ਕਿਰਪਾ ਨਾਲ ਬਖਸ਼ੇ ਜਾਂਦੇ ਹਨ।

ਜਿਥੇ ਪ੍ਰਭੂ ਦੇ ਦਰ ਉਤੇ ਉਨ੍ਹਾਂ ਭਗਤੀ ਵਾਲੇ ਨੀਵਿਆਂ ਦੀ ਸੰਭਾਲ ਹੁੰਦੀ ਹੈ, ਹੇ ਪ੍ਰਭੂ! ਉਥੇ ਤੇਰੀ ਨਦਰਿ ਹੋਈ ਹੈ ਤੇ ਤੂੰ ਬਖਸ਼ ਲੈਂਦਾ ਹੈਂ। ਉਨ੍ਹਾਂ ਨੂੰ ਤੇਰੇ ਦਰ ਤੋਂ ਬ੍ਰਹਮ ਗਿਆਨ ਦੀ ਬਖਸ਼ਿਸ਼ ਹੁੰਦੀ ਹੈ। ਜਿਵੇਂ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੇ ਭਗਤ ਨਾਮਦੇਵ ਜੀ ਵਰਗਿਆਂ ਉਤੇ ਹੋਈ।

*(ਪੰਨਾ 30 ਦੀ ਬਾਕੀ)*

ਮੁੱਖ ਕੇਂਦਰ ਬਣ ਗਿਆ। ਬੀਜੀ ਤੋਂ ਗੁਰੂ ਮਹਾਰਾਜ ਨੇ ਅਨੇਕ ਸੇਵਾਵਾਂ ਲਈਆਂ। ਰੋਪੜ ਦੇ ਪਿੰਡਾਂ ਵਿਚ ਪ੍ਰਚਾਰ ਸਮੇਂ ਆਪ ਜੀ ਅੱਗੇ ਹੋ ਕੇ ਬੀਬੀਆਂ-ਬੱਚਿਆਂ ਨੂੰ ਦੀਵਾਨ ਵਿਚ ਅਦਬ ਨਾਲ ਬੈਠਣ ਦੀ ਸਿਖਿਆ ਦੇਣੀ, ਪਿਆਰ ਕਰਨਾ, ਨਖਿੱਧ ਰੀਤੀ ਰਿਵਾਜਾਂ ਤੋਂ ਮੁਕਤ ਕਰਕੇ ਨਾਮ-ਬਾਣੀ ਅਤੇ ਸੇਵਾ ਵਲ ਪ੍ਰੇਰਿਤ ਕਰਨਾ।

ਰਤਵਾੜਾ ਸਾਹਿਬ ਦੀਆਂ ਅਨੇਕ ਸੰਸਥਾਵਾਂ ਵਿਚ ਬੀਜੀ ਦਾ ਵੱਡਾ ਯੋਗਦਾਨ ਹੈ। 1995 ਵਿਚ ਆਤਮ ਮਾਰਗ ਦਾ ਸੰਚਾਲਨ ਬੀਜੀ ਦੇ ਕਰ ਕੰਵਲਾਂ ਨਾਲ ਹੋਇਆ। ਆਡੀਓ ਵੀਡੀਓ ਪੁਸਤਕਾਂ ਦੀ ਰਚਨਾ, ਛਪਾਈ ਅਤੇ ਪ੍ਰਸਾਰ ਆਪ ਜੀ ਦੀ ਅਗਵਾਈ ਹੇਠ ਪ੍ਰਫੁੱਲਤ ਹੋਇਆ। ਬਿਰਧ ਆਸ਼ਰਮ ਅਤੇ ਬੀਬੀਆ ਲਈ ਸਿਖਲਾਈ ਕੇਂਦਰ, ਸਕੂਲਾਂ ਦੀ ਸਥਾਪਨਾ, ਨਰਸਿੰਗ ਕਾਲਜ, ਬੀ.ਐਡ ਕਾਲਜ ਆਦਿ ਸਮੂੰਹ ਕਾਰਜਾਂ ਵਿਚ ਆਪ ਜੀ ਪੂਰੀ ਦਿਲਚਸਪੀ ਨਾਲ ਕਾਰਜਸ਼ੀਲ ਰਹੇ। ਮਹਾਂਪੁਰਸ਼ਾਂ ਦੇ ਸਰੀਰ ਛੱਡਣ ਉਪਰੰਤ ਆਪ ਜੀ ਨੇ ਲੱਗਭੱਗ 12 ਸਾਲ ਸੰਗਤਾਂ ਨਾਲ ਪੂਰਾ ਸਨੇਹ ਨਿਭਾਇਆ ਅਤੇ 1 ਨਵੰਬਰ 2013 ਨੂੰ ਸਰੀਰ ਤਿਆਗ ਕੇ ਪ੍ਰੀਤਮ ਦੇ ਦੇਸ ਜਾ ਵਸੇ।

ਨਿਰਸੰਦੇਹ ਮਹਾਂਪੁਰਸ਼ਾਂ, ਨਾਮ-ਅਭਿਆਸੀਆਂ ਪਰਉਪਕਾਰੀ ਭਗਤਾਂ ਦਾ ਜੀਵਨ ਸਫਰ ਵੀ ਸਹਜ-ਮਈ, ਅਨੰਦਮਾਈ, ਸੁਖੀ ਤੇ ਸੁਹੇਲਾ ਹੁੰਦਾ ਹੈ ਅਤੇ ਜੀਵਨ ਤੋਂ ਵਿਦਾਇਗੀ ਭੀ ਸੌਖੀ ਤੇ ਸਹਿਜਮਈ ਹੁੰਦੀ ਹੈ। ਐਸਾ ਹੀ ਸਤਿਕਾਰਯੋਗ ਬੀਜੀ ਦਾ ਜੀਵਨ ਸੀ ਅਤੇ ਐਸੀ ਹੀ ਸਹਜਮਈ ਵਿਦਾਇਗੀ ਨਾਮ-ਪ੍ਰੇਮੀ ਬਖਸ਼ੀਆਂ ਰੂਹਾਂ ਦਾ ਪ੍ਰਭੂ ਦੀ ਦਰਗਾਹ ਵਿਚ ਜੋ ਮਾਣ ਸਤਿਕਾਰ ਹੁੰਦਾ ਹੈ, ਉਸ ਦਾ ਜ਼ਿਕਰ ਗੁਰੂ ਮਹਾਰਾਜ ਨਿਮਨ ਸ਼ਬਦ ਵਿਚ ਕਰਦੇ ਹਨ –

*ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥*
*ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥*
*ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥*
*ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥*
*ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥*
*ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥ ੨ ॥*

*ਅੰਗ – ੫੭੯*

ਆਪ ਜੀਆਂ ਨੇ ਸਾਰਾ ਜੀਵਨ ਸੁਆਸ-ਸੁਆਸ ਨਾਮ ਜਪਿਆ ਅਤੇ ਅਨੇਕਾਂ ਪ੍ਰਾਣੀਆਂ ਨੂੰ ਸੇਵਾ-ਸਿਮਰਨ ਨਾਲ ਜੋੜਿਆ। ਗੁਰਬਾਣੀ ਐਸੇ ਪ੍ਰੇਮੀਆਂ ਦੇ ਮਾਤਾ-ਪਿਤਾ ਨੂੰ ਵੀ ਧੰਨ-ਧੰਨ ਕਹਿ ਕੇ ਸਤਿਕਾਰਦੀ ਹੈ –

*ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥*
*ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ*
*ਸੇ ਸਾਚੀ ਦਰਗਹ ਹਰਿ ਜਨ ਬਣੇ ॥ ੩ ॥*

*ਅੰਗ– ੧੧੩੫*

# ਨੌਵੇਂ ਰਤਨ - ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-52 )*

## ਉਸ ਸਮੇਂ ਦਾ ਡੇਰਾ ਤੇ ਚਾਲੀ

ਅਸੀਂ ਉਪਰ ਦਸ ਆਏ ਹਾਂ ਕਿ ਉਸ ਸਮੇਂ ਢੱਕੀ ਦਾ ਸਥਾਨ ਜਪ-ਤਪ ਸਾਧਨ ਦੇ ਨਿਸ਼ਾਨ ਤੋਂ ਬਹੁਤ ਹੀ ਮਹਾਨ ਸੀ। ਇਸ ਡੇਰੇ ਦੀ ਇਕ ਹੋਰ ਵੀ ਖੂਬੀ ਸੀ ਜੋ ਹੋਰ ਕਿਧਰੇ ਘੱਟ ਹੀ ਦਿਸ ਸਕਦੀ। ਉਹ ਸੀ ਸਫਾਈ। ਹਰ ਡੇਰੇ ਦਾ ਵਸਨੀਕ ਸਿੰਘ ਆਪਣੇ ਕੱਚੇ ਕਮਰੇ ਨੂੰ ਇਤਨਾ ਸਾਫ ਰਖਦਾ ਸੀ ਕਿ ਉਸ ਨੂੰ ਤਕ ਕੇ ਹੋਰ ਡੇਰਿਆਂ ਦੇ ਪੱਕੇ ਤੇ ਸੀਮਿੰਟ ਦੇ ਬਣੇ ਹੋਏ ਕਮਰਿਆਂ ਵਾਲੇ ਦੰਗ ਰਹਿ ਜਾਂਦੇ ਸਨ। ਇਹ ਕੱਚੀਆਂ ਤੇ ਰੇਤਲੀ ਮਿੱਟੀ ਨਾਲ ਉਸਾਰੀਆਂ ਹੋਈਆਂ ਕੋਠੀਆਂ ਲਾਲ ਰੰਗ ਦੀ ਰੇਤ ਕਾਰਣ ਕਾਫੀ ਦੂਰੋਂ ਲਾਲ ਜੇਹੀਆਂ ਪ੍ਰਤੀਤ ਦੇਂਦੀਆਂ ਸਨ, ਉਪਰੋਂ ਗਰਮਾਲੇ ਨਾਲ ਸਾਫ ਪਲੱਸਤਰ ਕੀਤਾ ਹੋਇਆ ਹੁੰਦਾ ਸੀ। ਸੋ ਇਸ ਤਰ੍ਹਾਂ ਇਹ ਸਫਾਈ ਵਲੋਂ ਹਰ ਤਰ੍ਹਾਂ ਹੀ ਇਕ ਨੰਬਰ ਪਰ ਸਨ। ਸੜਕਾਂ ਪਰ ਮਿੱਟੀ ਦਾ ਨਾਮ ਨਹੀਂ ਸੀ। ਹਾਲਾਂਕਿ ਧਰਤੀ ਰੇਤਲੀ ਹੋਣ ਕਾਰਨ ਚੌਹੀਂ ਪਾਸੀਂ ਰੇਤ ਦੇ ਟਿੱਬੇ ਸਨ, ਪਰ ਇਕ ਹਿੱਸਾ ਤਾਂ ਨਖਲਸਤਾਨ ਬਣਾ ਦਿਤਾ ਗਿਆ ਸੀ। ਖੂਹ ਦੇ ਪਾਸ ਚੌਹੀਂ ਪਾਸੀਂ ਅੰਬਾਂ ਦੇ ਦਰਖਤ ਸਨ। ਸੰਤ ਜੀ ਮਹਾਰਾਜ ਦਾ ਭੋਰਾ ਉਪਰੋਂ ਛੱਪਰ ਨਾਲ ਢਕਿਆ ਹੋਇਆ ਸੀ। ਪਰ ਉਸ ਦੇ ਇਕ ਪਾਸੇ ਲੰਬੀ ਅੰਗੂਰਾਂ ਦੀ ਵੇਲ ਤਾਰਾਂ ਨਾਲ ਇਸ ਤਰ੍ਹਾਂ ਚੜ੍ਹਾਈ ਗਈ ਸੀ ਕਿ ਗਰਮੀਆਂ ਦੇ ਮੌਸਮ ਵਿਚ ਭੋਰਾ ਠੰਡਾ ਸੀ ਪਰ ਬਾਹਰੋਂ ਇਹ ਜਗ੍ਹਾ ਵੀ ਸਾਵਨ ਭਾਦਰੋਂ ਦੀ ਗਰਮੀ ਨੂੰ ਗੁਜ਼ਾਰਨ ਲਈ ਬੇਹਤਰੀਨ ਥਾਂ ਬਣੀ ਹੋਈ ਸੀ।

ਭੋਰੇ ਅੱਗੇ ਛੋਟਾ ਜਿਹਾ ਘਾਹ ਦਾ ਪਲਾਟ ਸੀ ਜਿਸ ਪਰ ਸੰਤ ਜੀ ਮਹਾਰਾਜ ਸ਼ਾਮ ਸਮੇਂ ਕੁਰਸੀ ਪਰ ਬੈਠ ਕੇ ਸਾਥੀਆਂ ਦੀ ਵਿਥਿਆ ਸੁਣਦੇ। ਉਨ੍ਹਾਂ ਨੂੰ ਰਾਏ ਦੇਂਦੇ ਸਨ। ਉਸ ਸਮੇਂ ਗੁਰਪੁਰਬ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਤੇ ਅੱਠ ਮਾਘ ਜਾਂ ਵੱਡੇ ਸਾਹਿਬਾਂ ਦਾ ਜੋਤੀ ਜੋਤ ਸਮਾਉਣ ਦਾ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਸੀ। ਸਾਰੀ ਰਾਤ ਹੀ ਕੀਰਤਨ ਹੁੰਦਾ ਰਹਿੰਦਾ ਸੀ। ਦੋ ਵਜੇ ਸੰਤ ਮਹਾਰਾਜ ਆਪ ਕੀਰਤਨ ਬੰਦ ਕਰਦੇ ਸਨ। ਫਿਰ ਇਸ਼ਨਾਨ ਹਿਤ ਉਠ ਜਾਂਦੇ ਸਨ ਪਰ ਨਾਲ ਹੀ ਹਜ਼ੂਰੀ ਜਥਾ ਕੀਰਤਨ ਆਰੰਭ ਕਰ ਦਿੰਦਾ ਸੀ। ਸੰਤ ਜੀ ਮਹਾਰਾਜ ਭੀ ਦੋ ਘੰਟੇ ਅਭਿਆਸ ਪਿਛੋਂ ਫਿਰ ਉਸੇ ਤਰ੍ਹਾਂ ਦੀਵਾਨ ਅੰਦਰ ਆ ਜਾਂਦੇ ਸਨ। ਦੀਵਾਨ ਦੀ ਹਾਜ਼ਰੀ ਦਾ ਇਹ ਹਾਲ ਹੁੰਦਾ ਸੀ ਕਿ ਲਾਂਗਰੀ ਹਰ ਸਮੇਂ ਪ੍ਰਸ਼ਾਦਿ ਪਕਾਈ ਜਾਇਆ ਕਰਦੇ ਸਨ। ਕਈ ਵਾਰੀ ਤਾਂ ਦੀਵਾਨ ਅੰਦਰ ਹਾਜ਼ਰੀ ਵੀਹ-ਵੀਹ ਹਜ਼ਾਰ ਤੋਂ ਉਪਰ ਚਲੀ ਜਾਂਦੀ ਸੀ। ਪਰ ਸੰਤ ਮਹਾਰਾਜ ਆਪ ਬਧੇ ਹੋਏ ਵਕਤ ਅੰਦਰ ਹੀ ਕੀਰਤਨ ਵਖਿਆਨ ਕਰਿਆ ਕਰਦੇ ਸਨ। ਬਾਕੀ ਦਿਨ ਸਮੇਂ ਬਾਹਰੋਂ ਆਏ ਜੱਥੇ ਹੀ ਹਿੱਸਾ ਲਿਆ ਕਰਦੇ ਸਨ। ਲੰਗਰ ਅੰਦਰ ਹਫਤੇ ਵਿਚ ਇਕ ਵਾਰੀ ਭੁੰਨਵੇਂ ਮਿੱਠੇ ਚਾਵਲ ਬਣਦੇ ਸਨ। ਲੰਗਰ ਦੀ ਇਹ ਪਰੰਪਰਾ ਕਾਫੀ ਦੇਰ ਤਕ ਜਾਰੀ ਰਹੀ। ਫਿਰ ਹੌਲੀ-ਹੌਲੀ ਸੰਗਤ ਦੀ ਗਿਣਤੀ ਵਧ ਜਾਣ ਕਾਰਨ ਸਹੂਲਤਾਂ ਤਾਂ ਵਧੀਆਂ ਹਨ ਪਰ ਇਹ ਗੱਲ ਹੁਣ ਨਹੀਂ ਹੈ। ਫਿਰ ਸ੍ਰੀ ਮਾਨ, ਜੋ ਲੰਗਰ ਦਾ ਮੁਖ ਸੇਵਕ ਸੀ, ਨੂੰ ਇਹ ਆਗਿਆ ਸੀ ਕਿ ਰੋਟੀ ਦਾ ਕੋਈ ਵੀ ਸਮਾਂ ਨਾ ਰਖਿਆ ਜਾਵੇ। ਜਦੋਂ ਤਕ ਲੰਗਰ ਤਿਆਰ ਨਹੀਂ ਹੁੰਦਾ, ਤਦੋਂ ਤਕ ਪਹਿਲਾਂ ਦਾ ਤਿਆਰ ਪ੍ਰਸ਼ਾਦਿ ਬਰਾਬਰ ਵਰਤਦਾ ਰਹੇ। ਇਹ ਗੱਲ ਫਿਰ ਦਸਣੀ ਜ਼ਰੂਰੀ ਸਮਝਦੇ ਹਾਂ ਕਿ ਇਸ ਡੇਰੇ ਦੀ ਪ੍ਰਧਾਨਤਾ ਅਸਲ ਵਿਚ ਸਿਮਰਨ ਤੇ ਸਾਧਨ ਹੀ ਸੀ। ਲੰਗਰ ਦੀ ਸੇਵਾ ਕਰਨ ਵਾਲਿਆਂ ਨੂੰ ਇਸ ਪਾਸੇ ਤੋਂ ਕੁਝ ਛੋਟ ਸੀ ਕਿ ਦੋ ਵਜੇ ਉਠਣ ਜਾਂ ਨਾਂਹ ਪਰ ਉਨ੍ਹਾਂ ਨੂੰ ਚਾਹ ਤੋਂ ਪਹਿਲਾਂ ਉਠ ਕੇ ਹਾਜ਼ਰੀ ਤਿਆਰ ਕਰਨੀ ਹੁੰਦੀ ਸੀ ਜੋ ਕਿ ਸੰਗਤਾਂ ਨੇ ਛਕ ਕੇ ਕੰਮ ਵਿਹਾਰ ਤੇ ਨਾਲ ਸਿਮਰਨ ਵਾਲਿਆਂ ਨੇ ਗਿਆਰ੍ਹਾਂ ਵਜੇ ਤਕ ਆਸਣ ਤੇ ਫਿਰ ਕੁਝ ਆਰਾਮ ਕਰਨਾ ਹੁੰਦਾ ਸੀ। ਲਾਂਗਰੀ ਦਾ ਫਰਜ਼ ਇਕ ਤਰ੍ਹਾਂ ਸੁਜਾਨ ਮਾਂ ਦਾ ਕੰਮ ਸਮਝਣਾ ਚਾਹੀਦਾ ਹੈ ਜੋ ਸਮੁੱਚੇ ਹੀ ਪਰਿਵਾਰ ਦੀਆਂ ਆਦਤਾਂ ਲੋੜਾਂ ਤੇ ਗਰਜ਼ਾਂ ਤੋਂ ਜਾਣੂ ਹੋ ਕੇ ਹਰ ਕਿਸੇ ਨੂੰ ਪਰਚਾਉਣ ਦਾ ਯਤਨ ਕਰਦੀ ਹੈ। ਲਾਂਗਰੀ ਸਿੰਘ ਵੀ ਇਤਨੇ ਮਿੱਠੇ ਤੇ ਉਤਮ ਸੇਵਕ ਸੁਭਾਵ ਦੇ ਸਨ ਕਿ ਉਹ ਕਦੇ ਵੀ ਮੱਥੇ ਵਟ ਨਹੀਂ ਪਾਂਦੇ ਸਨ। ਹਰ ਕਿਸੇ ਦੀ ਦਿਲਜੋਈ ਤੇ ਹੋਰ ਅੱਗੇ ਨੂੰ ਵਧ ਕੇ ਸਾਧਨ ਕਰਨ ਦੀ ਜ਼ੁਮੇਦਾਰੀ ਕੇਵਲ ਮਾਤਰ ਲਾਂਗਰੀਆਂ ਦੀ ਹੀ ਸੀ ਤੇ ਅਸਲ ਵਿਚ ਉਹ ਕਦੇ ਵੀ ਆਪਣੇ ਫਰਜ਼ ਤੋਂ ਨਾ ਪਿਛੇ ਰਹੇ ਸਨ ਤੇ ਨਾ ਹੀ ਕਦੇ ਉਨ੍ਹਾਂ ਕੋਈ ਨਿਰਾਸ਼ ਤੇ ਦੁਖੀ ਨੂੰ ਮੋੜਿਆ ਸੀ। ਉਹ ਜਾਣਦੇ ਸਨ ਕਿ ਮਹਾਂਪੁਰਖਾਂ ਦੀ ਮਿਹਰ ਭਰੀ ਦ੍ਰਿਸ਼ਟੀ ਉਨ੍ਹਾਂ ਦੇ ਜਪ ਤਪ ਸਾਧਨਾ ਤੋਂ ਵਧ ਹੈ। ਲਾਂਗਰੀ ਦੀ ਸੇਵਾ ਸਰਬ ਸਰੇਸ਼ਟ ਤੇ ਮਹਾਨ ਤਪ ਇਸੇ ਹੀ ਕਰਕੇ ਮੰਨੀ ਜਾਂਦੀ ਹੈ ਕਿਉਂਕਿ ਇਸ ਰਾਹੀਂ ਹਰ ਤਪ ਸਾਧਨ ਸੰਪੰਨ ਗਿਆਨ ਤੇ ਸਤਿ ਧਰਮ ਦੇ ਉਪਾਸ਼ਕ ਤੇ ਬ੍ਰਹਮਗਿਆਨੀ ਮਹਾਂਪੁਰਖ ਵੀ ਉਸ ਤੋਂ ਕ੍ਰਿਤਾਰਥ ਹੁੰਦੇ ਹਨ। ਲਾਂਗਰੀ ਸਤੋਗੁਣੀ ਸੁਭਾਵ ਤੇ ਸਮਦ੍ਰਿਸ਼ਟੀ ਮਿਠ ਬੋਲਾ ਤੇ ਨਾਮ ਅਧਾਰਤ ਹੋਵੇ ਤਦ ਉਹ ਜੋ ਨਿਤਨੇਮੀਆਂ ਤੇ ਕਰਮਕਾਂਡੀਆਂ ਤੋਂ ਉਤਮ ਹੀ ਨਹੀਂ ਸਰਬ ਸ੍ਰੇਸ਼ਟ ਤੇ ਮਹਾਨ ਹੈ। ਸੰਤ ਜੀ ਮਹਾਰਾਜ ਆਪ ਕਿਹਾ ਕਰਦੇ ਹਨ, ਜਿਤਨਾ ਕੋਈ ਤਪੀ, ਸਾਲਾਂ-ਬੱਧੀ ਸਾਧਨਾ ਕਰਕੇ ਹਰ ਯੋਗ ਸਿੱਧੀ ਕਰਕੇ, ਕੋਈ ਸਿਧੀ ਪ੍ਰਾਪਤ ਕਰਦਾ ਹੈ ਉਤਨਾ ਹੀ ਇਕ ਸਰਲ ਤੇ ਸਿੱਧਾ ਸੰਤ ਸੇਵਕ ਮਨੋ ਸਹਿਜ ਮਤ ਦਾ ਧਾਰਣੀ ਹੋ ਕੇ ਗੁਰੂ ਕੇ ਲੰਗਰ ਦੇ ਬਰਤਨ ਮਾਂਜਦਾ ਹੈ ਤਦ ਮਨੋ ਬਿਰਤੀ ਇਕਾਗਰ ਹੋ ਕੇ ਉਹ ਛੇਤੀ ਹੀ ਤੱਤ ਗਿਆਨ ਦੀ ਪ੍ਰਾਪਤੀ ਕਰ ਸਕਦਾ ਹੈ। ਗਿਆਨ ਕੋਈ ਠੋਸ ਪਦਾਰਥ ਮਾਦਾ ਤਾਂ ਹੈ ਨਹੀਂ ਜੋ ਕਿਸੇ ਨੇ ਪੱਲੇ ਬੰਨ੍ਹਣਾ ਹੈ? ਇਹ ਇਕ ਨਿਸਚਾ ਤੇ ਵਿਚਾਰ ਦੀ ਪਰਪੱਕਤਾ ਹੀ ਹੈ। ਬਿਬੇਕ ਬੁੱਧੀ ਇਸ ਨੂੰ ਤੁਰੰਤ ਧਾਰਨ ਕਰ ਲੈਂਦੀ ਹੈ। ਮੱਧਮ ਬੁੱਧੀ ਇਸ ਨੂੰ ਸੌ ਸਾਧਨਾਂ ਪਿਛੋਂ ਵੀ ਹੱਥ ਲਾਉਣੋਂ ਡਰਦੀ ਹੈ। ਮਲੀਨ ਬੁੱਧੀ ਤਾਂ ਗਿਆਨ ਨੂੰ ਇਕ ਵਾਧੂ ਬੁਝਾਰਤ ਤੇ ਬੇਕਾਰ ਦੀ ਚੀਜ਼ ਜਾਣ ਕੇ ਉਸ ਨੂੰ ਜਾਨਣ ਦਾ ਯਤਨ ਹੀ ਨਹੀਂ ਕਰਦੀ। ਸੋ ਜੋ ਲੰਗਰ ਦੀ

ਇਕ ਮਨ ਹੋ ਕੇ ਸੇਵਾ ਕਰਦਾ ਹੈ, ਸਤਿਗੁਰਾਂ ਅੰਦਰ ਵਿਸ਼ਵਾਸ ਹੋਵੇ, ਦ੍ਰਿਸ਼ਟੀ ਅੰਦਰ ਏਕਤਾ ਹੋਵੇ, ਫਿਰ ਆਖਰੀ ਗੁਰ ਉਪਦੇਸ਼ ਹੀ ਉਸ ਨੂੰ ਪ੍ਰਾਪਤ ਹੋਣਾ ਬਾਕੀ ਹੁੰਦਾ ਹੈ। ਮੋਹਮਨੀਏਂ ਤੋਂ ਭਾਈ ਮਨੀ ਸਿੰਘ ਸਾਹਿਬ ਹੋ ਕੇ ਕੌਮ ਦਾ ਇਕ ਮਹਾਨ ਆਗੂ ਸੇਵਕ ਤੋਂ ਫਿਰ ਬ੍ਰਹਮ ਗਿਆਨ ਦੀ ਪਰਮ ਪਦਵੀ ਨੂੰ ਪ੍ਰਾਪਤ ਕਰਦਾ ਹੈ।

ਬਾਬਾ ਸਾਹਿਬ ਸਿੰਘ ਜੀ ਬੇਦੀ, ਫਿਰ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਤੇ ਬਾਅਦ ਬਾਬਾ ਕਰਮ ਸਿੰਘ ਜੀ, ਫਿਰ ਬਾਬਾ ਅਤਰ ਸਿੰਘ ਜੀ ਦੇ ਹੁੰਦੇ ਲੰਗਰ ਦੀ ਮਹਾਨਤਾ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਕਿਸੇ ਹੋਰ ਸਤਿ ਸੰਗਤ ਦੀ ਹੁੰਦੀ ਹੈ। ਕਈ ਸਾਧੂ ਇਹ ਮਤ ਰਖਦੇ ਹਨ ਕਿ ਲੰਗਰ ਨੂੰ ਗੁਰਦਵਾਰੇ ਅੰਦਰ ਨਹੀਂ ਚਾਹੀਦਾ। ਪਰ ਮਜ਼ੇ ਦੀ ਗੱਲ ਇਹ ਹੈ ਕਿ ਉਹ ਆਪ ਖੁਦ ਲੋਕਾਂ ਦੀਆਂ ਪੱਕੀਆਂ ਹੋਈਆਂ ਰੋਟੀਆਂ ਖਾਂਦੇ ਹਨ। ਅਸਲ ਵਿਚ ਦੋ ਗੱਲਾਂ ਇਕੋ ਜਗ੍ਹਾ ਹਨ। ਸਿੱਖੀ ਤੇ ਲੰਗਰ ਦਾ ਇਕ ਚੋਲੇ ਬਦਨ ਦਾ ਜੋੜ ਹੈ। ਇਕ ਦੂਸਰੇ ਦਾ ਜੋੜ ਵੀ ਇਕ ਦੂਸਰੇ ਦੀ ਏਕਤਾ ਤੇ ਸਾਂਝ ਵੀ ਹੈ। ਜਿਸ ਵੀ ਗੁਰਦਵਾਰੇ ਲੰਗਰ ਨਹੀਂ ਹੈ, ਉਥੇ ਕਿਸੇ ਗਰੀਬ ਨੂੰ ਰੋਟੀ ਨਹੀਂ ਮਿਲਦੀ। ਸੱਚ ਤਾਂ ਇਹ ਹੈ ਕਿ ਉਥੇ ਬਾਕੀ ਕਥਾ ਕੀਰਤਨ ਬੇਅਰਥ ਹੋ ਕੇ ਰਹਿ ਜਾਂਦਾ ਹੈ। ਲੰਗਰ ਤੋਂ ਬਗੈਰ ਗੁਰਦਵਾਰਾ ਉਜਾੜ ਦੇ ਖੂਹ ਵਾਂਗ ਹੈ ਜਿਸ ਦਾ ਨਾ ਕੋਈ ਉਪਕਾਰ ਹੈ ਤੇ ਨਾ ਹੀ ਉਸਦਾ ਕੋਈ ਸੁਖ ਹੀ ਕਿਸੇ ਨੂੰ ਹੈ। ਆਤਮ ਗਿਆਨ ਦੀ ਪ੍ਰਾਪਤੀ ਹਿਤ ਇਹ ਜ਼ਰੂਰੀ ਹੈ ਕਿ ਉਥੇ ਉਦਰ ਪੂਰਤੀ ਲਈ ਵੀ ਸਾਧਨ ਕਾਇਮ ਹੋਣ। ਜੋ ਮਨੁੱਖ ਦੇ ਸਰੀਰ ਦੀ ਭੁੱਖ ਨਿਵਾਰਨ ਨਹੀਂ ਕਰ ਸਕਦਾ, ਉਹ ਫਿਰ ਮਾਨਸਿਕ ਦੁਖ ਕਿਵੇਂ ਦੂਰ ਕਰ ਸਕਦਾ ਹੈ।

ਢੱਕੀ ਸਾਹਿਬ ਦੀ ਹਰ ਗੱਲ ਹੀ ਵਿਲੱਖਣ ਸੀ। ਇਥੇ ਪੇਟ ਨੂੰ ਉਤਮ ਖੁਰਾਕ ਤੇ ਮਨ ਨੂੰ ਉਤਮ ਮਾਨਸਿਕ ਖੁਰਾਕ ਸਿਮਰਨ ਤੇ ਫਿਰ ਹਰੀ ਕੀਰਤਨ, ਇਹ ਦੋਵੇਂ ਹੀ ਪ੍ਰਾਪਤ ਹੁੰਦੇ ਹਨ। ਵੱਡੇ ਸੰਤ ਜੀ ਮਹਾਰਾਜ ਦਾ ਇਤਨਾ ਪਿਆਰ ਭਰਿਆ ਡਰ ਹਰ ਸੇਵਕ ਤੇ ਸਤਿ ਸੰਗੀਆਂ ਨੂੰ ਸੀ ਕਿ ਕਿਸੇ ਵੀ ਵੱਡੇ ਤੋਂ ਵੱਡੇ ਅਫਸਰ ਦਾ ਵੀ ਸਾਡੇ ਤੱਕਣ ਵਿਚ ਨਹੀਂ ਆਇਆ। ਚਾਰ ਚੁਫੇਰੇ ਸ਼ਾਂਤੀ ਦਾ ਰਾਜ ਡੇਰੇ ਅੰਦਰ ਵੈਸੇ ਹੀ ਰਹਿੰਦਾ ਸੀ। ਪਰ ਜੇਕਰ ਸੰਤ ਜੀ ਮਹਾਰਾਜ ਕਦੇ ਗੁਫਾ ਤੋਂ ਬਾਹਰ ਆ ਜਾਣ ਤਾਂ ਡੇਰੇ ਦੇ ਹਰ ਪਾਸੇ ਲੋਕ ਚੁੱਪ-ਚਾਪ ਆਪਣੀ ਜਗ੍ਹਾ ਖੜ੍ਹੇ ਹੋ ਕੇ ਪ੍ਰਣਾਮ ਕਰਨ ਨੂੰ ਤਿਆਰ ਰਹਿੰਦੇ ਸਨ, ਮਾਨੋਂ ਇਹ ਸਦੀਆਂ ਤੋਂ ਇਸ ਦੀ ਖੋਜ ਵਿਚ ਰਹੇ ਹੋਣ ਤੇ ਸਮਾਂ ਪ੍ਰਾਪਤ ਨਾ ਕਰ ਸਕੇ ਹੋਣ। ਇਸ ਤਰ੍ਹਾਂ ਡੇਰੇ ਦਾ ਵਾਸੀ ਹਰ ਇਕ ਨਿਯਮ, ਬੱਧਾ ਜੀਵਨ ਗੁਜ਼ਾਰਦਾ ਸੀ। ਇਹੀ ਕਾਰਣ ਸੀ ਕਿ ਹਰ ਢਿੱਲਾ ਮੱਠਾ ਤੇ ਹੋਰ ਡੇਰਿਆਂ ਦੀ ਖੁਲ੍ਹ ਅੰਦਰ ਰਿਹਾ ਹੋਇਆ ਮਨੁੱਖ ਇਥੋਂ ਰਾਤੋ ਰਾਤ ਹੀ ਭੱਜ ਜਾਂਦਾ ਸੀ। ਇਸ ਡੇਰੇ ਅੰਦਰ ਉਸ ਸਮੇਂ ਕਦੇ ਵੀ ਬਹੁਤੀ ਗਿਣਤੀ ਨਹੀਂ ਸੀ ਹੋਈ, ਹਰ ਸਮੇਂ ਗਿਣਤੀ-ਮਿਣਤੀ ਦੇ ਸਾਧੂ ਹੀ ਟਿਕਦੇ ਸਨ। ਹਰ ਇਕ ਸਾਥੀ ਦਾ ਇਕ ਹੀ ਯਤਨ ਹੁੰਦਾ ਸੀ ਕਿ ਉਹ ਵੱਧ ਤੋਂ ਵੱਧ ਸਾਧਨ ਕਰੇ, ਵੱਧ ਤੋਂ ਵੱਧ ਲੰਬਾ ਸਮਾਂ ਸਮਾਧੀ ਲਗਾਵੇ, ਧਿਆਨ ਵਿਚ ਜੁੜੇ, ਵੱਧ ਤੋਂ ਵੱਧ ਗਿਆਨ ਦੀ ਪ੍ਰਾਪਤੀ ਕਰੇ। ਫਿਰ ਉਹ ਮਾਣ ਵੀ ਨਹੀਂ ਕਰ ਸਕਦਾ ਸੀ, ਕਿਉਂਕਿ ਦਿਲ ਸਾਹਿਬਾਂ ਦੀ ਹਾਜ਼ਰੀ ਵਿਚ ਰਹਿੰਦਾ ਸੀ, ਉਨ੍ਹਾਂ ਦੀ ਧਾਰਣਾ ਹੀ ਸਭ ਤੋਂ ਵੱਧ ਤੇ ਸਖਤ ਸੀ। ਫਿਰ ਹੋਰ ਹੰਕਾਰ ਕਰਕੇ ਕਿਸ ਨੂੰ ਵਿਖਾਣਾ ਸੀ।

ਇਹ ਇਕ ਤਰ੍ਹਾਂ ਦਾ ਸੰਤ ਜੀ ਮਹਾਰਾਜ ਦਾ ਇਕ ਵਿਦਿਆਲਾ ਸੀ ਜਿਥੇ ਸਹਿਜ ਯੋਗ ਦੇ ਮਾਰਗ ਪਰ ਤੁਰਨ ਦੀ ਪੂਰੀ ਤਰ੍ਹਾਂ ਸਾਧਨਾ ਕਰਾਈ ਜਾਂਦੀ ਸੀ। ਮੈਂ ਇਹ ਗੱਲ ਦਾਅਵੇ ਨਾਲ ਹੀ ਕਹਿ ਸਕਦਾ ਹਾਂ ਕਿ ਜਿਸ ਤਰ੍ਹਾਂ ਸਮੁੱਚੀ ਸੰਗਤ ਰਲ ਕੇ ਹਰੀ ਸਿਮਰਨ ਵਿਚ ਉਸ ਸਮੇਂ ਰਾੜੇ ਸਾਹਿਬ ਅੰਦਰ ਜੁੜਦੀ ਸੀ, ਉਸ ਦਾ ਪ੍ਰਮਾਣ ਹੋਰ ਕਿਸੇ ਜਗ੍ਹਾ ਨਹੀਂ ਮਿਲਦਾ। ਇਕੱਲੇ ਹੀ ਹਠੀ ਤਪੀ ਬਹੁਤ ਜਗ੍ਹਾ ਮਿਲਦੇ ਹਨ। ਕਈ ਮਹਾਤਮਾ ਆਪ ਵੀ ਕਾਫੀ ਸਾਧਨਾ ਕਰਦੇ ਹਨ, ਪਰ ਸਮੁੱਚੇ ਹੀ ਸਾਰੀ ਸੰਗਤ ਨੇ ਮਿਲ ਕੇ ਟਿੱਬਿਆਂ ਪਰ ਚੌਂਕੜੀਆਂ ਮਾਰ ਕੇ ਛੇ-ਛੇ ਮਹੀਨੇ ਸਾਧਨਾ ਕਰਨਾ ਉਹ ਹਿੱਸਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦਾ ਹੀ ਹੈ। ਜੋ ਇਸ ਸਮੇਂ ਆਇਆ, ਜਿਸ ਨੇ ਇਸ ਸਮੇਂ ਵਾਰਤਾਲਾਪ ਕੀਤਾ, ਜਿਸ ਨੇ ਸੰਗਤ ਵਿਚ ਬੈਠ ਕੇ ਇਕ ਵਾਰੀ ਰਸ ਮਾਣ ਲਿਆ, ਉਹ ਜੀਵਨ ਭਰ ਲਈ ਇਸ ਦਰ ਦਾ ਮੁਰੀਦ ਹੋ ਗਿਆ। ਜਦੋਂ ਵੀ ਉਹ ਸਮਾਂ ਯਾਦ ਕਰੀਦਾ ਹੈ, ਜਦੋਂ ਵੀ ਕਦੇ ਇਕਾਂਤ ਅੰਦਰ ਉਸਦੀ ਯਾਦ ਆ ਜਾਂਦੀ ਹੈ, ਆਪਣੇ ਆਪ ਹੀ ਅੱਖਾਂ ਮਿਟ ਜਾਂਦੀਆਂ ਹਨ। ਕੰਨਾਂ ਅੰਦਰ ਉਹੀ ਤੂੰਹੀ-ਤੂੰਹੀ ਦੀ ਆਵਾਜ਼ ਉਸੇ ਹੀ ਤਰ੍ਹਾਂ ਆਉਣ ਲਗ ਜਾਂਦੀ ਹੈ।

ਉਹ ਰੰਗ ਰਸ, ਉਹ ਵਾਹੁ-ਵਾਹੁ ਦੀ ਪਾਵਨ ਧੁਨ, ਉਸ ਤਰ੍ਹਾਂ ਹੀ ਸਤਿ ਸਰੂਪ ਦੀ ਰਾਹ ਪ੍ਰਗਟ ਕਰਦੀ ਹੈ। ਅਸਲ ਵਿਚ ਉਹ ਸੇਵਕ ਜੋ ਉਸ ਸਮੇਂ ਦੇ ਕੋਰਸ ਵਿਚ ਸ਼ਾਮਲ ਸਨ, ਖਿੰਡ ਗਏ ਹਨ। ਪਰ ਉਹ ਮਾਰਗ ਤੇ ਉਹ ਸਾਧਨ ਤੇ ਕਰਮ, ਉਹ ਸਹਜ-ਮਈ ਕਰਮ ਯੋਗ, ਇਹ ਭੁੱਲਣ ਤੇ ਅੱਖੋਂ ਉਹਲੇ ਹੋਣ ਵਾਲੀ ਗੱਲ ਹੀ ਨਹੀਂ ਹੈ, ਨਾ ਹੀ ਉਸ ਨੂੰ ਭੁਲਾ ਕੇ ਉਸ ਸੇਵਕ ਨੂੰ ਮਾਨਸਿਕ ਸੁਖ ਹੀ ਮਿਲ ਸਕਦਾ ਹੈ। ਉਸ ਦੀ ਯਾਦ ਤੇ ਚਿਤਵਣੀ ਹੀ ਸੁਖ ਦਾ ਕਾਰਣ ਹੈ। ਉਸ ਸਮੇਂ ਦਾ ਚਿੰਤਨ ਹੀ ਸਤਿ ਧਰਮ ਤੇ ਸਤਿ ਗਿਆਨ ਦੀ ਇਕ ਅਮਰ ਕਹਾਣੀ ਹੈ ਜੋ ਸਦਾ-ਸਦਾ ਚਲਦੀ ਹੀ ਰਹੇਗੀ। ਉਹ ਯਾਦ ਹੀ ਸਾਡੀ ਆਤਮਾ ਦਾ ਅੰਸ਼ ਬਣ ਗਈ ਹੈ, ਜੋ ਹਿਰਦੇ ਅੰਦਰ ਸਮਾ ਗਈ ਹੈ। ਉਹ ਜੀਵਨ ਸਾਡੀ ਰਾਸ ਹੈ।

## ਢੱਕੀ ਦਾ ਤਿਆਗ

ਮੈਂ ਤਪੋਬਣ ਤੋਂ ਭੱਜ ਕੇ ਸੰਤ ਤੇਜਾ ਸਿੰਘ ਜੀ ਜੋ ਮੇਰੇ ਬਜ਼ੁਰਗਾਂ ਵਰਗੇ ਸਨ, ਮਹਾਨ ਵਿਦਵਾਨ ਤੇ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਦੇ ਪਰਮ ਸੇਵਕ ਸਨ, ਦੇ ਹੁਕਮ ਅਨੁਸਾਰ ਕੁਝ ਸਮੇਂ ਲਈ ਤਪਿਆਣਾ ਸਾਹਿਬ ਕਨੋਆ, ਜ਼ਿਲਾ ਰਾਵਲਪਿੰਡੀ ਚਲਾ ਗਿਆ ਸਾਂ। ਇਥੋਂ ਦੇ ਸੇਵਕ ਸ੍ਰੀ ਕਲਿਆਣ ਸਿੰਘ ਜੀ ਨੇ ਸੰਤ ਤੇਜਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਅੰਗਹੀਣ ਹਨ ਤੇ ਸੇਵਾ ਨਿਭਾਹੁਣੋਂ ਅਸਮਰਥ ਹਨ। ਦੂਸਰੇ ਉਹ ਉਗਰਾਹੀ ਵੀ ਨਹੀਂ ਕਰ ਸਕਦੇ। ਸੋ ਅਸੀਂ ਸੰਤ ਤੇਜਾ ਸਿੰਘ ਜੀ ਮਹਾਰਾਜ ਨਾਲ ਤਪਿਆਣੇ ਸਾਹਿਬ ਗਏ। ਕੁਝ ਚਿਰ ਲੋਕਾਂ ਨੇ ਉਦਮ ਨਾ ਕੀਤਾ। ਆਖਰ ਮੈਂ ਮਰਨ ਵਰਤ ਰੱਖ ਕੇ ਉਹ ਸੇਵਾ ਆਰੰਭ

ਕਰਾਉਣ ਵਿਚ ਸਫਲ ਹੋ ਗਿਆ। ਉਥੇ ਕਈ ਸਾਲ ਸੇਵਾ ਦੀ ਸੰਭਾਲ ਅੰਦਰ ਹੀ ਲੰਘ ਗਏ। ਅਸੀਂ ਜਦੋਂ ਵਾਪਸ ਆਏ ਤਦ ਮੈਂ ਫਿਰ ਢੱਕੀ ਸਾਹਿਬ ਜਾ ਕੇ ਤਪੋਬਣ ਵਾਲੀ ਫੌਜ ਅੰਦਰ ਹੀ ਪ੍ਰਵੇਸ਼ ਕਰਨਾ ਚਾਹੁੰਦਾ ਸਾਂ। ਪਰ ਮੇਰੀ ਕਿਸਮਤ ਨੂੰ ਉਹ ਪੁਰਾਣਾ ਡੇਰਾ ਸੰਤ ਜੀ ਮਹਾਰਾਜ ਛੱਡ ਕੇ ਚਲੇ ਆਏ ਸਨ। ਅਸਲ ਵਿਚ ਉਹ ਧਰਤੀ ਅਜੇ ਮਾਲਕਾਂ ਦੇ ਹੀ ਨਾਮ ਸੀ ਅਤੇ ਮਹਾਰਾਜ ਕਿਸੇ ਪਾਸ ਅਪੀਲ ਨਹੀਂ ਕਰਨੀ, ਕਿਸੇ ਪਾਸੋਂ ਕੁਝ ਮੰਗਣਾ ਨਹੀਂ, ਇਸੇ ਗੱਲ ਪਰ ਤੁਲੇ ਰਹੇ। ਛੋਟੇ ਮਹਾਰਾਜ ਨੇ ਉਪਰਾਲਾ ਵੀ ਕੀਤਾ ਕਿ ਉਹ ਧਰਤੀ ਗੁਰੂ ਕੇ ਲੰਗਰ ਦੇ ਨਾਮ ਲਗ ਜਾਵੇ ਪਰ ਉਹ ਸਫਲ ਨਾ ਹੋ ਸਕੇ। ਫੇਰ ਇਸੇ ਹੀ ਕਾਰਨ ਉਹ ਡੇਰਾ ਛੁਟ ਗਿਆ। ਸੰਤ ਜੀ ਮਹਾਰਾਜ ਉਥੋਂ ਉਠ ਕੇ ਹਰਿਦੁਆਰ ਵਿਰਕਤ ਕੁਟੀਆ ਜਾਣਾ ਚਾਹੁੰਦੇ ਸਨ, ਇਹ ਗੱਲ ਕਟਾਰੀ ਵਾਸੀਆਂ ਨੇ ਵੀ ਸੁਣ ਲਈ। ਉਹ ਭੱਜ ਕੇ ਆਏ ਤੇ ਡੇਰੇ ਦੇ ਨਾਲ ਲਗਦੀ 27 ਵਿੱਘੇ ਜ਼ਮੀਨ ਇਕ ਸੱਜਣ ਨੇ ਪੇਸ਼ ਕੀਤੀ ਜੋ ਨਾ ਚਾਹੁੰਣ ਤੇ ਵੀ ਸੰਗਤ ਦੀ ਆਗਿਆ ਤੇ ਫਿਰ ਪਿਆਰ ਤਕ ਕੇ ਸੰਤ ਜੀ ਮਹਾਰਾਜ ਤੇ ਛੋਟੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਨੇ ਇਥੇ ਹੀ ਟਿਕ ਜਾਣ ਦਾ ਵਾਇਦਾ ਦਿਤਾ। ਇਹੀ ਉਹ ਸਥਾਨ ਕਰਮਸਰ ਬਣਿਆ ਹੈ ਜਿਥੇ ਅੱਜ ਜੰਗਲ ਨੇ ਮੰਗਲ ਦਾ ਰੂਪ ਧਾਰਨ ਕਰ ਲਿਆ ਹੈ। ਇਕ ਗੱਲ ਮਸ਼ਹੂਰ ਹੈ ਕਿ ਧਰਤੀ ਸਤੀ ਹੋਈ ਹੈ, ਉਹ ਉਡੀਕਦੀ ਰਹਿੰਦੀ ਹੈ, ਕਦੋਂ ਕੋਈ ਕਰਮਸ਼ਾਲੀ ਮਨੁੱਖ ਆ ਕੇ ਉਸ ਜਗ੍ਹਾ ਤੇ ਉਸ ਦੀ ਗੋਦੀ ਨੂੰ ਹਰਾ ਭਰਾ ਕਰਕੇ ਉਸ ਨੂੰ ਧੰਨ ਤੇ ਕਰਮਵਾਨ ਬਣਾਂਦੇ ਹਨ। ਸੋ ਇਸ ਧਰਤੀ ਦੇ ਭਾਗ ਜੋ ਸਾਹਿਬ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰ ਬੈਠੀ ਸੀ ਜਿਸ ਧਰਤੀ ਪਰ ਬਾਬਾ ਅਤਰ ਸਿੰਘ ਜੀ ਮਹਾਰਾਜ ਨੇ ਇਕ ਵਾਰੀ ਸਾਰੀ ਹੀ ਰਾਤ ਇਕ ਨਚਾਰਾਂ ਦੇ ਜਲਸੇ ਨੂੰ ਹਰੀ ਕੀਰਤਨ ਕਰਕੇ ਸੁਣਾਇਆ ਸੀ। ਫਿਰ ਇਸ ਨਗਰ ਨੇ ਉਸੇ ਹੀ ਦਿਨ ਤੋਂ ਸਦਾ ਲਈ ਜਲਸੇ ਬੰਦ ਕਰਕੇ ਇਥੇ ਹਰੀ ਕੀਰਤਨ ਹੀ ਜਾਰੀ ਕਰਵਾਉਣ ਦਾ ਵਾਇਦਾ ਤੇ ਪ੍ਰਣ ਕੀਤਾ ਸੀ। ਉਸੇ ਨਗਰ ਦੀਆਂ ਜੂਹਾਂ ਦੇ ਨੇੜੇ ਕਈ ਸਾਲ ਤੋਂ ਹਰੀ ਕੀਰਤਨ ਦਾ ਪ੍ਰਵਾਹ ਚਲਦਾ ਹੈ ਤੇ ਹੁਣ ਇਹ ਦਰਿਆ ਵਗਦਾ-ਵਗਦਾ ਇਸੇ ਹੀ ਨਗਰ ਦੀਆਂ ਜੂਹਾਂ ਵਿਚ ਆ ਵੜਿਆ ਸੀ। ਫਿਰ ਉਹ ਵਰਦਾਨ ਵੀ ਤਾਂ ਸੱਚ ਹੋਣਾ ਸੀ ਕਿ ਇਹ ਨਗਰ ਤਾਂ ਹਰੀ ਕੀਰਤਨ ਦੇ ਪ੍ਰਵਾਹ ਹਰ ਸਮੇਂ ਸੁਣੇਗਾ ਇਥੇ ਮੇਲੇ ਲੱਗਿਆ ਕਰਨਗੇ। ਤ੍ਰਿਕਾਲ ਦਰਸ਼ੀ ਬਾਬਾ ਅਤਰ ਸਿੰਘ ਜੀ ਨੇ ਇਹ ਗੱਲ ਕਈ ਸਾਲ ਪਹਿਲਾਂ ਹੀ ਇਸੇ ਹੀ ਨਗਰ ਵਿਚ ਕਹੀ ਸੀ, ਜਿਥੇ ਕਿ ਅੱਜ ਹਰ ਮਹੀਨੇ ਲੋਕ ਹਜ਼ਾਰਾਂ ਹੀ ਨਹੀਂ ਸਗੋਂ ਲੱਖਾਂ ਹੀ ਹਰੀ ਕੀਰਤਨ ਸੁਣਦੇ ਹਨ ਤੇ ਕਈ ਕਿਸਮਤ ਵਾਲੇ ਸਿਮਰਨ ਦੀਆਂ ਦਾਤਾਂ ਪ੍ਰਾਪਤ ਕਰਕੇ ਸਤਿਸੰਗ ਕਰਕੇ ਸਤਿ ਸ਼ਬਦ ਸਤਿ ਮਾਰਗ ਦੇ ਵੀ ਧਾਰਨੀ ਬਣਦੇ ਹਨ। ਸੁਰਤ ਸਬਦਿ ਸਤਿਸੰਗਤ ਇਕ ਅਟੁੱਟ ਲੜੀਆਂ ਹਨ ਜੋ ਕਿਸੇ ਵੀ ਤਰ੍ਹਾਂ ਟੁੱਟਦੀਆਂ ਹੀ ਨਹੀਂ ਸਗੋਂ ਦਿਨੋ ਦਿਨ ਵਧਦੀਆਂ ਪੀਡੀਆਂ ਹੁੰਦੀਆਂ ਜਾਂਦੀਆਂ ਹਨ।

ਅਸੀਂ ਜ਼ਿਕਰ ਕਰ ਰਹੇ ਸਾਂ ਕਿ ਸੰਤ ਜੀ ਮਹਾਰਾਜ ਨੇ ਢੱਕੀ ਛੱਡ ਕੇ ਹੁਣ ਕਟਾਰੀ ਦੀ ਧਰਤੀ ਨੂੰ ਜੋ ਨਹਿਰ ਕਿਨਾਰੇ ਹੈ, ਇਸ ਧਰਤੀ ਨੂੰ ਭਾਗ ਲਗਾਏ। ਇਸ ਸਮੇਂ ਤੋਂ ਸੰਤ ਜੀ ਮਹਾਰਾਜ ਦੀ ਚਾਲੀ ਕੁਝ ਬਦਲ ਗਈ। ਭਾਵੇਂ ਸੁਬ੍ਹਾ ਦੇ ਉਠਨੇ, ਸਿਮਰਨ ਅਭਿਆਸ ਦੀ ਪਰੰਪਰਾ ਅਜੇ ਵੀ ਜਾਰੀ ਸੀ ਪਰ ਹੁਣ ਨਗਰਾਂ ਦੀ ਬੇਨਤੀ ਮੰਨ ਕੇ ਆਪ ਕਦੇ-ਕਦੇ ਕਿਧਰੇ ਨਗਰਾਂ ਵਿਚ ਵੀ ਜਾਂਦੇ ਸਨ। ਨਗਰਾਂ ਵਿਚ ਹਰੀ ਕੀਰਤਨ ਦਾ ਪ੍ਰਵਾਹ ਚੱਲ ਪਿਆ। ਹਰ ਕੋਈ ਇਹ ਆਸ਼ਾ ਕਰਦਾ ਸੀ ਕਿ ਕਿਸੇ ਤਰ੍ਹਾਂ ਸੰਤ ਜੀ ਮਹਾਰਾਜ ਉਹਨਾਂ ਦੇ ਨਗਰ ਜ਼ਰੂਰ ਆਉਣ। ਜੱਥਾ ਹਰ ਸਮੇਂ ਤਿਅਰ ਰਹਿੰਦਾ ਸੀ। ਸਵੇਰੇ ਅੰਮ੍ਰਿਤ ਵੇਲੇ ਉਠ ਕੇ ਹਰ ਰੋਜ਼ ਦੋ ਵਜੇ ਦਾ ਇਸ਼ਨਾਨ ਤੇ ਸਾਰੀ ਸੰਗਤ ਵਲੋਂ ਧਿਆਨ ਸਥਿਤ ਹੋਣਾ ਇਹ ਕਦੇ ਵੀ ਹਟਿਆ ਨਹੀਂ ਸੀ। ਲੋਕਾਂ ਪਰ ਹਰੀ ਕੀਰਤਨ ਤੇ ਇਸ ਪ੍ਰਚਾਰ ਦਾ ਕੀ ਅਸਰ ਸੀ? ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਹੋ ਸਕਦਾ ਹੈ ਕਿ ਸੰਤ ਜੀ ਮਹਾਰਾਜ ਦਾ ਦੀਵਾਨ ਦੁਗਰੀ ਨਗਰ ਵਿਚ ਸੀ। ਇਹ ਬਾਬਾ ਨਾਹਰ ਸਿੰਘ ਜੋ ਕਿ ਸੰਤ ਜੀ ਮਹਾਰਾਜ ਦੇ ਮੁਖੀ ਸੇਵਕਾਂ ਵਿਚੋਂ ਸਨ, ਦੀ ਭੈਣ ਦਾ ਨਗਰ ਸੀ। ਸੰਗਤਾਂ ਵਿਚ ਦੀਵਾਨ ਲਈ ਇਤਨੀ ਲਗਨ ਸੀ ਕਿ ਸੈਂਕੜੇ ਸਿੰਘ ਦੀਵਾਨ ਆਰੰਭ ਹੋਣ ਤੋਂ ਪਹਿਲਾਂ ਹੀ ਦੀਵਾਨ ਸਥਾਨ ਪਰ ਪੁੱਜ ਗਏ ਸਨ। ਇਸ ਦੀਵਾਨ ਦਾ ਇਕ ਵਿਲੱਖਣ ਅੰਗ ਵੀ ਸੀ। ਇਸ ਨਗਰ ਦੇ ਚੌਹੀਂ ਪਾਸੀਂ ਤੇ ਇਸ ਨਗਰ ਦੇ ਮਜ਼੍ਹਬੀ ਖਾਸ ਕਰ ਈਸਾਈਆਂ ਦੇ ਅਸਰ ਹੇਠ ਸਨ। ਪਿਛਲੇ ਕਈ ਸਾਲਾਂ ਅੰਦਰ ਸ਼ਾਇਦ ਇਸ ਨਗਰ ਵਿਚ ਪਹਿਲਾ ਹੀ ਸਿੰਘਾਂ ਦਾ ਦੀਵਾਨ ਸੀ। ਸੋ ਪਾਦਰੀ ਸਾਹਿਬ ਨੂੰ ਕੁਦਰਤੀ ਘਬਰਾਹਟ ਹੋਣੀ ਹੀ ਸੀ। ਉਹ ਸ਼ਹਿਰ ਲੁਧਿਆਣਾ ਤੋਂ ਜਾ ਕੇ ਆਪਣੇ ਮੁਖ ਪਾਦਰੀ ਨੂੰ ਵੀ ਲੈ ਆਇਆ ਤੇ ਇਹ ਵਿਚਾਰ ਕਰਨ ਲੱਗੇ ਕਿ ਕਿਸੇ ਤਰ੍ਹਾਂ ਈਸਾਈ ਮਤ ਵਿਰੁੱਧ ਕੋਈ ਵੀ ਵਕਤਾ ਇਥੇ ਕੋਈ ਗੱਲ ਨਾ ਕਰੇ। ਸੰਤ ਜੀ ਮਹਾਰਾਜ ਅਜੇ ਪੁੱਜੇ ਨਹੀਂ ਸਨ। ਮੈਂ ਇਸ ਜਥੇ ਨਾਲ ਜਿਨ੍ਹਾਂ ਦੀਵਾਨ ਆਰੰਭ ਕਰਨਾ ਸੀ, ਉਥੇ ਹੀ ਸਾਂ। ਮੈਂ ਵੀ ਇਹ ਗੱਲ ਬਾਤ ਸੁਣੀ। ਅੰਗਰੇਜ਼ਾਂ ਦਾ ਰਾਜ ਹੋਣ ਕਾਰਨ ਸਿੰਘ ਵਿਚਾਰੇ ਕੁਝ ਡਰਦੇ ਵੀ ਸਨ ਕਿ ਮਤੇ ਇਹ ਪਾਦਰੀ ਕੋਈ ਝੂਠੀ ਸੱਚੀ ਲਗਾ ਕੇ ਡਿਪਟੀ ਕਮਿਸ਼ਨਰ ਪਾਸੋਂ ਨਗਰ ਵਿਰੁੱਧ ਕੋਈ ਬੁਰੀ ਕਾਰਵਾਈ ਹੀ ਕਰਵਾ ਦੇਵੇ। ਮੈਂ ਇਹ ਗੱਲ ਸੁਣੀ। ਤਦ ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਕਿ ਤੁਸੀਂ ਚਿੰਤਾ ਨਾ ਕਰੋ। ਜੇ ਕੋਈ ਪਾਦਰੀ ਵੀ ਬੋਲਣਾ ਚਾਹੇ ਤਦ ਅਸੀਂ ਉਸਨੂੰ ਸੁਣ ਲਵਾਂਗੇ। ਸਾਡਾ ਉਸ ਨਾਲ ਕੁਝ ਨਹੀਂ ਵਿਗੜਦਾ। ਸਗੋਂ ਸਾਨੂੰ ਖੁਲ੍ਹ ਕੇ ਗੱਲ ਕਰਨ ਦਾ ਸਮਾਂ ਮਿਲਦਾ ਹੈ। ਹੋਇਆ ਕੀ ਉਹੀ ਪਾਦਰੀ ਸਾਹਿਬ ਆਏ, ਉਨ੍ਹਾਂ ਇਹ ਗੱਲਾਂ ਕਹੀਆਂ। ਖੁਦਾਵੰਦ ਯਸੂਹ ਇਸ ਧਰਤੀ ਪਰ ਮਨੁੱਖ ਦੇ ਨਜਾਤ ਦਹਿੰਦੇ ਹਨ, ਉਹ ਸਾਡੇ ਹਿਤ ਆਪਣਾ ਖੂਨ ਦੇ ਗਏ ਹਨ। ਇਸ ਲਈ ਸ਼ਾਂਤ ਵਾਯੂ ਮੰਡਲ ਅੰਦਰ ਹੀ ਰਹਿ ਕੇ ਅਸੀਂ ਸਹੀ ਧਰਮ ਦੇ ਧਾਰਣੀ ਹੋ ਸਕਦੇ ਹਾਂ। ਅਸੀਂ ਗੁਰੂ ਨਾਨਕ ਸਾਹਿਬ ਨੂੰ ਈਸਾਈ ਮੱਤ ਦੇ ਵੱਡੇ ਪ੍ਰਚਾਰਕ ਤੇ ਮੋਢੀ ਮੰਨਦੇ ਹਾਂ।

ਪਾਦਰੀ ਸਾਹਿਬ ਦੇ ਬਾਅਦ ਸੰਤ ਜੀ ਮਹਾਰਾਜ ਨੇ ਮੈਨੂੰ ਕੁਝ ਕਹਿਣ ਲਈ ਆਗਿਆ ਕੀਤੀ। ਸੋ ਮੈਂ ਇਸ ਤਰ੍ਹਾਂ ਕਹਿਣਾ ਆਰੰਭ ਕੀਤਾ, ਗੁਰੂ ਨਾਨਕ ਸਾਹਿਬ ਮਨੁੱਖਾਂ ਅੰਦਰ ਨਵਾਂ ਆਦਰਸ਼ ਦੇਣ ਹਿਤ ਹੀ ਇਸ ਸੰਸਾਰ ਵਿਚ ਆਏ ਸਨ। ਉਨ੍ਹਾਂ ਮਨੁੱਖਤਾ ਤੋਂ ਬੋਝ ਉਤਾਰਨ ਦਾ ਯਤਨ

ਕੀਤਾ ਕਿ ਕੋਈ ਸਤਵੇਂ ਅਕਾਸ਼ ਪਰ ਖੜ੍ਹਾ ਰੱਬ ਕਿਸੇ ਇਕ ਵਿਅਕਤੀ ਦੇ ਫੁਰਮਾਨ ਜਾਂ ਫਿਰ ਫਰਮਾਇਸ਼ ਨੂੰ ਮੰਨਦਾ ਹੈ। ਸਿੱਖੀ ਤਾਂ ਇਸ ਧਰਤੀ ਨੂੰ ਕਰਮ ਭੂਮੀ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਦੇ ਮਤ ਅਨੁਸਾਰ ਰੱਬ ਦਾ ਅਵਤਾਰ ਜਾਂ ਫਿਰ ਪੈਗੰਬਰ ਤਾਂ ਇਕ ਮਾਤਰ ਸਾਧਨ ਹੀ ਸਨ। ਅਸਲ ਕਰਮ ਕਰਤਾ ਮਨੁਖ ਆਪ ਹੀ ਹੈ। ਇਸ ਗੱਲ ਦੇ ਝੂਠੇ ਪ੍ਰਚਾਰ ਹਿਤ ਸੱਚੇ ਪਾਤਸ਼ਾਹ ਮੱਕੇ ਮਦੀਨੇ ਯੇਰੋਸ਼ਲਮ ਗਏ। ਹਿੰਦੂ ਤੀਰਥਾਂ ਦਾ ਮੁਕੰਮਲ ਭਰਮਣ ਕੀਤਾ ਕਿ ਦੁਨੀਆ ਅੰਦਰ ਮਨੁੱਖ ਮਾਤਰ ਨੂੰ ਇਹ ਪਵਿੱਤਰ ਸੰਦੇਸ਼ ਦਿਤਾ ਕਿ ਮਨੁੱਖ ਜੋ ਕਿ ਕੀਮਤਾਂ ਅੰਦਰ ਸਰਬ ਸ਼੍ਰੋਮਣੀ ਹੈ, ਉਹ ਆਪਣੇ ਹੀ ਕਰਮਾਂ ਕਰਕੇ ਇਸ ਧਰਤੀ ਤੇ ਫਿਰ ਅਗਲੇ ਲੋਕ ਅੰਦਰ ਸਤਿਕਾਰ ਨਾਲ ਜਾਵੇਗਾ। ਜਿਸ ਦੀ ਆਪਣੀ ਕਰਣੀ ਹੀ ਕਮਜ਼ੋਰ ਹੈ, ਉਹ ਕਦੇ ਵੀ ਮਹਾਨਤਾ ਨਾਲ ਉਚਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ, ਗੁਰੂ ਨਾਨਕ ਸਾਹਿਬ ਦਾ ਪ੍ਰਭੂ ਜਾਂ ਫਿਰ ਖੁਦਾ ਸਤਵੇਂ ਅਰਸ਼ ਪਰ ਨਹੀਂ ਸਗੋਂ ਇਸ ਧਰਤੀ ਤੇ ਕੁਦਰਤ ਅੰਦਰੋਂ ਹੀ ਪ੍ਰਗਟ ਹੈ।

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥* *ਅੰਗ- ੪੬੯*

ਇਸ ਹੀ ਸ਼ਬਦ ਦੇ ਆਖਰ ਵਿਚ ਸਾਹਿਬ ਨੇ ਇਹ ਆਗਿਆ ਕੀਤੀ ਹੈ।

*.......ਜਿਨਿ ਕੀਤੀ ਸੋ ਪਾਰਿ ਪਇਆ ॥ ਅੰਗ- ੪੬੯*

ਸੋ ਸਿੱਖੀ ਮਨੁੱਖਤਾ ਨੂੰ ਕਰਣੀ ਦੀ ਪ੍ਰਧਾਨਤਾ ਤੇ ਲੋਕ ਸੇਵਾ, ਮਨੁੱਖਤਾ ਦੀ ਉਚਤਾ ਇਸ ਸੰਸਾਰ ਵਿਚ ਭਲਾਈ ਤੇ ਸੇਵਾ ਕਰਕੇ ਲੋਕ ਤੇ ਅੰਤਰ ਆਤਮੇ ਸਵੈ ਸਰੂਪ ਵਿਚ ਲਿਵਲੀਨ ਹੋ ਕੇ ਲੋਕ ਪ੍ਰਲੋਕ ਦੋਹਾਂ ਦੇ ਸੁਧਾਰ ਦਾ ਰਸਤਾ ਦੇਂਦੀ ਹੈ, ਸਿੱਖੀ ਕਿਸੇ ਵੀ ਕਰਾਮਾਤ ਜਾਂ ਫਿਰ ਮੋਅਜਜ਼ੇ ਦੀ ਮੁਥਾਜ ਨਹੀਂ, ਸਿੱਖੀ ਤਾਂ ਸ਼ਬਦ ਆਧਾਰਤ ਤੇ ਸ਼ਬਦ ਰਾਹੀਂ ਨਿਰਗੁਣ ਪਾਰਬ੍ਰਹਮ ਇਕ ਮਾਤਰ ਅਲਾਹ ਦਾ ਉਪਾਸ਼ਕ ਹੈ। ਸੋ ਸਿੱਖੀ ਤਾਂ ਕਿਸੀ ਵੀ ਧਰਮ ਦੀ ਵਿਰੋਧਤਾ ਨਹੀਂ ਕਰਦੀ ਸਗੋਂ ਹਰ ਧਰਮ ਨੂੰ ਮੌਲਣ ਹਿਤ ਲੋਕ ਸੇਵਾ ਤੇ ਕਰਣੀ ਨੂੰ ਪ੍ਰਧਾਨਤਾ ਦੇਂਦੀ ਹੈ। ਸੋ ਜੇਕਰ ਇਹ ਤਸਲੀਮ ਕਰ ਲਿਆ ਜਾਵੇ ਤਦ ਸਚ ਦੀ ਪ੍ਰਾਪਤੀ, ਸਚ ਦੀ ਪੂਜਾ ਤੇ ਸੱਚ ਅੰਦਰ ਵਾਸ ਹੀ 'ਆਦਿ ਸਚੁ ਜੁਗਾਦਿ ਸਚੁ' ਅੰਦਰ ਇਕ ਮਾਤਰ ਅਭੇਦਤਾ ਦਾ ਸਾਧਨ ਹੈ। ਮੇਰੇ ਵਿਚਾਰ ਕੋਈ ਪੌਣੇ ਘੰਟੇ ਸੁਣ ਕੇ ਪਾਦਰੀ ਸਾਹਿਬ ਉਠੇ ਤੇ ਬਾਹਰ ਨੂੰ ਚਲੇ ਗਏ। ਫਿਰ ਉਹਨਾਂ ਬਾਹਰ ਖੜੋ ਕੇ ਸੰਤ ਜੀ ਮਹਾਰਾਜ ਦੇ ਮਿੱਠੇ ਰਸ ਭਰੇ ਅੰਮ੍ਰਿਤ ਤੇ ਅੰਮ੍ਰਿਤ ਬਚਨ ਸਰਵਣ ਕੀਤੇ। ਪਿਛੋਂ ਮਜ਼੍ਹਬੀ ਵੀਰ ਜੋ ਉਹਨਾਂ ਦੇ ਅਸਰ ਹੇਠਾਂ ਸਨ, ਇਹ ਕਹਿ ਕੇ ਚਲੇ ਗਏ ਕਿ ਸਾਡਾ ਮੁਕਾਬਲਾ ਤਾਂ ਕਟਰ ਸਿੱਖਾਂ ਜਾਂ ਫਿਰ ਕਟਰ ਪੰਥੀ ਹਿੰਦੂਆਂ ਨਾਲ ਹੈ। ਇਹ ਜੋ ਮਨੁੱਖਤਾ ਦੀ ਰਾਸ ਹਨ ਤੇ ਮਨੁੱਖਤਾ ਨੂੰ ਏਕਮਈਤਾ ਦੇ ਸੰਦੇਸ਼ ਦੇਣਹਾਰ ਸੰਤ ਹਨ ਅਸੀਂ ਇਹਨਾਂ ਦਾ ਰਾਹ ਨਹੀਂ ਰੋਕ ਸਕਦੇ। ਨਾ ਹੀ ਅਸੀਂ ਲੋਕ ਰੁਚੀਆਂ ਨੂੰ ਇਹਨਾਂ ਵਲੋਂ ਮੋੜਨ ਲਈ ਸਮਰੱਥ ਹਾਂ। ਇਸੇ ਹੀ ਤਰ੍ਹਾਂ ਦੇ ਹੋਰ ਕਈ ਕੌਤਕ ਤੱਕਣ ਵਿਚ ਆਉਂਦੇ ਸਨ।

ਰਾਏਪੁਰ ਇਕ ਮਹਾਤਮਾ ਰਹਿੰਦੇ ਸਨ। ਇਹ ਸੰਨਿਆਸੀ ਸਨ। ਲੋਕਾਂ ਅੰਦਰ ਇਹਨਾਂ ਦੀ ਬੜੀ ਹੀ ਮਹਿਮਾ ਸੀ। ਪਰ ਸੰਤ ਜੀ ਮਹਾਰਾਜ ਨਾਲ ਵਾਰਤਾਲਾਪ ਪਿਛੋਂ ਉਹ ਬਜ਼ੁਰਗ ਮਹਾਤਮਾ ਇਤਨੇ ਮੁਤਾਸਰ ਹੋਏ ਕਿ ਆਪਣੇ ਸੇਵਕਾਂ ਨੂੰ ਕਹਿਣ ਲੱਗੇ। ਭਾਈ ਅਸੀਂ ਚਾਰ ਅੱਖਰਾਂ ਦੇ ਪੜ੍ਹਨ ਨੂੰ ਬ੍ਰਹਮ ਵਿਦਿਆ ਦਾ ਨਾਮ ਦੇਂਦੇ ਹਾਂ, ਪਰ ਅਸਲ ਬ੍ਰਹਮ ਵਿਦਿਆ ਉਹ ਹੈ ਜੋ ਕਿ ਕੋਈ ਅਭਿਆਸ ਦੇ ਸ਼ਬਦ ਸੁਰਤ ਦੀਆਂ ਮਹਾਨ ਮੰਜ਼ਲਾਂ ਤੈਅ ਕਰਕੇ, ਆਪਣੇ ਆਤਮ, ਬ੍ਰਹਮ, ਨਿਜ ਸਰੂਪ ਨੂੰ ਸਾਮ੍ਹਣੇ ਹੱਥ ਪਰ ਧਰੇ ਆਂਵਲੇ ਵਾਂਗ ਪ੍ਰਤੱਖ ਤਕਦਾ ਹੈ, ਅੱਖਰੀ ਗਿਆਨ ਦਾ ਕਰਤਾ ਸਦਾ ਹੀ ਪ੍ਰੀਖਿਆ ਸਮੇਂ ਭਾਂਜ ਖਾ ਜਾਏਗਾ। ਪਰ ਪ੍ਰਤੱਖ ਤੇ ਜੋਤ ਰੂਪ ਵਿਚ ਜੁੜੇ ਹੋਏ ਮਹਾਂਪੁਰਖ, ਜੋ ਸਤਿ ਸ਼ਬਦ ਦੀ ਉਪਾਸ਼ਨਾ ਕਰਦੇ ਹੋਏ ਉਸੇ ਹੀ ਰੂਪ ਵਿਚ ਅਭੇਦ ਹੋ ਗਏ ਹਨ, ਉਹ ਹਰ ਪ੍ਰੀਖਿਆ ਸਮੇਂ ਸਰਲਤਾ ਸਹਿਤ ਅਗਾਂਹ ਲੰਘ ਜਾਂਦੇ ਹਨ। ਅਸਲ ਵਿਚ ਕੋਈ ਵੀ ਗਿਆਨ ਜੋ ਕੇਵਲ ਅੱਖਰਾਂ ਪਰ ਹੀ ਨਿਰਭਰ ਹੈ, ਉਹ ਸਫਲਤਾ ਨੂੰ ਪ੍ਰਾਪਤ ਕਰ ਹੀ ਨਹੀਂ ਸਕਦਾ, ਕਿਉਂਕਿ ਪ੍ਰਪੱਕਤਾ, ਜਿਹੜਾ ਗਿਆਨ ਦੀ ਮੁੱਢਲੀਆਂ ਗੱਲਾਂ ਹਨ, ਜੋ ਕਿ ਕਰਣੀ ਦੇ ਥੋਥੇ ਮਨੁੱਖ ਇਸੇ ਹੀ ਸਥਾਨ ਪਰ ਆ ਕੇ ਹਾਰ ਜਾਂਦੇ ਹਨ। ਸੋ ਸਤਿ ਦੀ ਪੂਜਾ ਤੇ ਸਤਿ ਸ਼ਬਦ ਦੇ ਸਾਧਨ ਜਾਨਣ ਹਿਤ ਸੰਤ ਈਸ਼ਰ ਸਿੰਘ ਹੀ ਪ੍ਰਮਾਣ ਰੂਪ ਹਨ।

ਇਸੇ ਹੀ ਤਰ੍ਹਾਂ ਸੰਤ ਬਾਬਾ ਬਿਸ਼ਨ ਸਿੰਘ ਜੀ ਮਹਾਰਾਜ ਕਾਜਲ ਵੀ ਆਮ ਤੌਰ ਤੇ ਦਰਸ਼ਨ ਮੇਲੇ ਹਿਤ ਆ ਜਾਂਦੇ ਸਨ। ਸੰਤ ਈਸ਼ਰ ਸਿੰਘ ਜੀ ਮਹਾਰਾਜ ਉਨ੍ਹਾਂ ਦਾ ਪੂਰਨ ਸਤਿਕਾਰ ਕਰਦੇ ਸਨ। ਸੰਤ ਬਿਸ਼ਨ ਸਿੰਘ ਜੀ ਮਹਾਰਾਜ ਸਮਝਦੇ ਸਨ ਕਿ ਵੇਹਲੜ ਤੇ ਫੋਕਾ ਤਮਾਸ਼ਬੀਨ ਸਾਧ ਕਦੇ ਵੀ ਰਾੜੇ ਸਾਹਿਬ ਨਹੀਂ ਰਹਿ ਸਕਦਾ। ਉਹ ਜਾਂ ਤਾਂ ਅਭਿਆਸੀ ਹੋਵੇ ਤੇ ਜਾਂ ਫਿਰ ਉਹ ਕਹੀ ਦੀ ਤਨੋਂ ਮਨੋਂ ਸੇਵਾ ਕਰੇ। ਲੰਗਰ ਅੰਦਰ ਸਮਦ੍ਰਿਸ਼ਟ ਹੋ ਕੇ ਸੇਵਾ ਕਰਨ ਵਾਲਾ ਹੀ ਉਤਮ ਦਰਜਾ ਪ੍ਰਾਪਤ ਕਰ ਸਕਦਾ ਹੈ। ਉਹ ਆਪਣੇ ਸਾਥੀਆਂ ਨੂੰ ਕਿਹਾ ਕਰਦੇ ਸਨ ਭਾਈ ਇਸੇ ਡੇਰੇ ਤੋਂ ਬਹੁਤ ਕੁਝ ਸਿੱਖਿਆ ਲਈ ਜਾ ਸਕਦੀ ਹੈ। ਲੰਗਰ ਦਾ ਸਤਿਕਾਰ ਤੇ ਲੰਗਰ ਦੀ ਪਵਿੱਤਰਤਾ ਫਿਰ ਹੋ ਸਕੇ ਜੋ ਚੰਗੇ ਤੋਂ ਚੰਗਾ ਪ੍ਰਸ਼ਾਦਿ ਸੰਗਤ ਵਿਚ ਵੰਡਦਾ ਰਹੇ। ਇਹ ਰੀਤ ਸਵਾਏ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦੇ ਡੇਰਿਆਂ ਦੇ ਹੋਰ ਕਿਸੇ ਜਗ੍ਹਾ ਨਹੀਂ ਹੈ। ਸੰਤ ਅਤਰ ਸਿੰਘ ਜੀ ਮਕਾਨਾਂ ਦੀ ਉਸਾਰੀ, ਸਰੋਵਰਾਂ ਦੀ ਸੇਵਾ ਤੇ ਕਹੀ ਟੋਕਰੀ ਪਰ ਜ਼ੋਰ ਦਿੰਦੇ ਸਨ। ਤਦ ਸਿਮਰਨ ਸਹਿਤ ਲੰਗਰ ਦੀ ਉੱਚਤਾ ਨੂੰ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਨੇ ਬਹਾਲ ਕੀਤਾ। ਸੋ ਇਹ ਦੋਵੇਂ ਗੁਣ ਇਕੋ ਜਗ੍ਹਾ ਸੰਤ ਈਸ਼ਰ ਸਿੰਘ ਜੀ ਨੇ ਕਰ ਦਿਤੇ ਹਨ। ਇਥੇ ਕੀਰਤਨ ਸਿਮਰਨ ਤੇ ਟੋਕਰੀ ਦੀ ਸੇਵਾ, ਲੰਗਰ ਦੀ ਸੇਵਾ, ਇਕੋ ਜਗ੍ਹਾ ਸਭੋ ਕੁਝ ਹੀ ਇਕੱਠਾ ਹੈ।

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ*
*ਧੰਨਵਾਦ ਸਹਿਤ*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-58)*

ਸੂਚਨਾ - ਇਸ ਪ੍ਰਕਾਰ ਕੁਛ ਦਿਨ ਤਲਵੰਡੀ ਰਹਿ ਕੇ ਸ੍ਰੀ ਗੁਰੂ ਜੀ ਫੇਰ ਸੈਦਪੁਰ ਸੰਡਿਆਲੀ ਲਾਲੋ ਦੇ ਘਰ ਚਲੇ ਗਏ। ਪੰਜ ਦਿਨ ਰਹਿ ਕੇ ਫੇਰ ਓਥੋਂ ਬੀ ਚਲੇ ਗਏ। ਇਹਨਾਂ ਲੇਖਕਾਂ ਨੇ ਰਸਤੇ ਦੇ ਹਾਲ ਨਹੀਂ ਦਿਤੇ। ਪੁਰਾਤਨ ਜਨਮ ਸਾਖੀ ਨੇ ਸੁਲਤਾਨਪੁਰੋਂ 'ਤਬ ਬਾਬਾ ਜੀ ਉਜੜ ਕਉ ਚਲੇ ਲਿਖਿਆ ਹੈ ਤੇ ਅੱਗੇ ਉੱਪਲ ਖੱਤਰੀਆਂ ਦੇ ਘਰ ਵਾਲੀ ਨਗਰੀ ਦਾ ਤੇ ਸੱਜਣ ਠੱਗ ਦਾ ਪ੍ਰਸੰਗ ਦਿਤਾ ਹੈ।

ਜਾਪਦਾ ਇਉਂ ਹੈ ਕਿ ਗੁਰੂ ਜੀ ਸੈਦਪੁਰ ਜ਼ਰੂਰ ਗਏ ਹਨ, ਓਥੇ ਨਿਸ਼ਾਨ-ਮੰਦਰ, ਰੋੜੀ ਸਾਹਿਬ ਤੇ ਲਾਲੋ ਦਾ ਕੋਠਾ-ਹੁਣ ਤੱਕ ਮੌਜੂਦ ਹਨ ਤੇ ਇਹ ਬੀ ਠੀਕ ਲੱਗਦਾ ਹੈ ਕਿ ਰਾਇ ਨੂੰ ਮਿਲਣ ਤਲਵੰਡੀ ਗਏ ਹੋਣ, ਕਿਉਂਕਿ ਉਹ ਬਿਰਧ ਸੀ ਤੇ ਉਸ ਦੀ ਕਲਿਆਣ ਸਤਿਗੁਰਾਂ ਦਾ ਪਰਮ ਪਿਆਰਾ ਮੰਤਵ ਸੀ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਸਾਹਿਬ ਦਾ ਦੋਹੀਂ ਥਾਂਈ ਜਾਣਾ ਲਿਖਿਆ ਹੈ (ਪੰਨਾ-78-83) ਉਥੋਂ ਉਰਾਰ ਆਏ ਦੱਖਣ ਨੂੰ ਟੁਰ ਪਏ ਹਨ ਤੇ ਉਜਾੜੋ ਉਜਾੜ ਚਲੇ ਗਏ ਹਨ। ਇਹ ਲਾਹੌਰੋਂ ਦੱਖਣ ਨੂੰ ਬਾਰ ਵਿਚ ਦੀ ਸਫਰ ਕਰਨ ਤੋਂ ਮੁਰਾਦ ਹੈ। ਇਕ ਬਸਤੀ ਕੋਲ ਨਗਰੋਂ ਬਾਹਰ ਡੇਰਾ ਕਰਦੇ ਹਨ ਤੇ ਮਰਦਾਨੇ ਨੂੰ ਕਹਿੰਦੇ ਹਨ ਕਿ ਜਾਹ ਨਗਰੀ ਵਿਚ ਉੱਪਲ ਖੱਤਰੀਆਂ ਦਾ ਘਰ ਹੈ, ਉਥੇ ਜਾ ਖੜ੍ਹੋ, ਤੈਨੂੰ ਭੋਜਨ ਆਦਿ ਸਭ ਕੁਛ ਮਿਲੇਗਾ। ਹੜੱਪੇ ਦੇ ਗੁਰਦੁਆਰੇ ਜਾ ਖੜੋਈਏ ਤਾਂ ਜਾਪਦਾ ਹੈ ਕਿ ਉਜਾੜਾਂ ਲੰਘ ਕੇ ਬਸਤੀ ਸੋਹਣੀ ਉਸ ਸਮੇਂ ਇਹੋ ਸੀ। ਸ਼ਹਿਰੋਂ ਬਾਹਰ ਗੁਰਦੁਆਰਾ ਹੈ ਜੋ ਹੁਣ ਇਕ ਪ੍ਰੇਮੀ ਸਿੰਘ ਦੇ ਉੱਦਮ ਨਾਲ ਬੜਾ ਸੋਹਣਾ ਬਣ ਗਿਆ ਹੈ। ਇਥੇ ਆਪ ਟਿਕੇ ਤੇ ਮਰਦਾਨਾ ਸ਼ਹਿਰ ਵਿਚ ਉੱਪਲਾਂ ਦੇ ਘਰ ਜਾ ਖੜੋਤਾ। ਇਹ ਪ੍ਰਸੰਗ ਅੱਗੇ ਆਉਂਦਾ ਹੈ। ਇਸ ਟਿਕਾਣਿਓਂ ਟੁਰ ਕੇ ਗੁਰੂ ਜੀ ਸੱਜਣ ਦੇ ਘਰ ਜਾ ਅੱਪੜਦੇ ਹਨ। ਸੱਜਣ ਦੀ ਸਮਾਧ ਹੁਣ ਤੱਕ ਮੌਜੂਦ ਹੈ ਤੇ ਤਲੁੰਭੇ ਦੇ ਇਲਾਕੇ ਭਾਈ ਜੋਧ ਦੀ ਧਰਮਸਾਲ ਦੇ ਨੇੜੇ ਹੈ। ਸੋ ਹੜੱਪੇ ਤੋਂ ਹੋਰ ਹੇਠਾਂ ਨੂੰ ਜਾ ਕੇ ਇਹ ਟਿਕਾਣਾ ਆਉਂਦਾ ਹੈ। ਜੇ ਪੁਰਾਣੀ ਸ਼ਾਹੀ ਸੜਕ ਤੇ, ਜਿਸ ਨੂੰ ਕੱਖਾਂ ਵਾਲੀ ਸੜਕ ਕਹਿੰਦੇ ਹਨ, ਮਿੰਟਗੁਮਰੀ ਤੋਂ ਟੁਰੀਏ ਤਾਂ ਪਹਿਲੇ ਹੜੱਪਾ, ਫੇਰ ਚੀਚਾਵਤਨੀ, ਫੇਰ ਬੁਰਜੀ ਫੇਰ ਤਲੁੰਭਾ ਤੇ ਫੇਰ ਮਖਦੂਮ ਪੁਰ, ਫੇਰ ਕਰੀਰ ਵਾਲਾ, ਰਾਵਾਂ ਤੇ ਅੱਗੇ ਮੁਲਤਾਨ ਆਉਂਦੇ ਹਨ। ਮਖਦੂਮ ਪੁਰ ਰੇਲ ਦਾ ਸਟੇਸ਼ਨ ਹੈ ਜੋ ਖਾਨੇਵਾਲ ਸ਼ੇਰ ਕੋਟ ਦੇ ਵਿਚਕਾਰ ਹੈ, ਸਟੇਸ਼ਨ ਤੋਂ ਸਮਾਧ ਅੱਧਾ ਪੌਣਾ ਮੀਲ ਹੈ। ਏਥੇ ਇਕ ਪੁਰਾਣਾ ਥੇਹ ਹੈ, ਜੋ ਭਾਈ ਸੱਜਣ (ਠੱਗ) ਦੀ ਭਿੜਕੀ ਸਦਾਉਂਦੀ ਹੈ, ਇਹ ਬਸਤੀ ਸੀ ਉਸ ਦੀ। ਇਹ ਭਿੜਕੀ ਮਖਦੂਮ ਪੁਰ ਤੋਂ ਡੇਢ ਕੁ ਮੁਰੱਬੇ ਦੀ ਵਿੱਥ ਪੁਰ ਹੈ। ਸਮਾਧ ਅੱਜਕਲ੍ਹ ਗੁਸਾਂਈਆਂ ਦੇ ਕਬਜ਼ੇ ਵਿਚ ਹੈ, ਜੋ ਉਸ ਸਮਾਧ ਤੋਂ ਸੱਜਣ ਦਾ ਨਾਮ ਮੇਟਦੇ ਹਨ। ਸਾਰੇ ਪੁਰਾਤਨ ਦੱਸਦੇ ਹਨ ਕਿ ਤ੍ਰੈ ਸਮਾਧਾਂ ਵਿਚੋਂ ਇਕ ਸੱਜਣ ਦੀ ਹੈ ਤੇ ਦੋ ਗੁਸਾਈਆਂ ਦੀਆਂ, ਪਰ ਭਿੜਕੀ ਨੂੰ ਸਾਰੇ ਸੱਜਣ ਦੀ ਹੁਣ ਤੱਕ ਕਹਿੰਦੇ ਹਨ। ਸਮਾਧਾਂ ਦੇ ਨਾਲ ਹੀ ਭਾਈ ਜੋਧ ਦਾ ਪੱਕਾ ਡੇਰਾ ਹੈ, ਜੋ ਸ਼ਹਿਰੋਂ ਬਾਹਰ ਹੈ। ਪੁਰਾਤਨ ਲੋਕ ਦਸਦੇ ਹਨ ਕਿ ਸੱਜਣ ਨੂੰ ਤਾਰ ਕੇ ਗੁਰੂ ਬਾਬਾ ਜੀ ਏਥੇ ਬੈਠੇ ਸਨ। ਸੱਤਵੇਂ ਪਾਤਸ਼ਾਹ ਤੋਂ ਵਰੋਸਾਏ ਜਾ ਕੇ ਭਾਈ ਜੋਧ ਜੀ ਇਥੇ ਆ ਟਿਕੇ ਤੇ ਬੰਦਗੀ ਕਰਦੇ ਰਹੇ। ਦਸਵੇਂ ਪਾਤਸ਼ਾਹ ਦੇ ਸਮੇਂ ਮਸੰਦਾਂ ਦੀ ਪਕੜ ਵੇਲੇ ਭਾਈ ਜੋਧ ਵੀ ਆਨੰਦਪੁਰ ਅੱਪੜੇ। ਭਾਈ ਫੇਰੂ ਨੇ ਆਪ ਦੀ ਸੱਚੀ ਫਕੀਰੀ ਸਤਿਗੁਰਾਂ ਨੂੰ ਦੱਸੀ। ਫੇਰ ਹੋਰ ਬਖਸ਼ਿਸ਼ ਹੋਈ, ਫੇਰ ਆਪ ਇਥੇ ਆ ਰਹੇ ਤੇ ਸਤਿਨਾਮ ਦਾ ਛੱਟਾ ਦੇਂਦੇ ਰਹੇ। ਏਥੇ ਹੀ ਆਪ ਚੜ੍ਹੇ ਸਨ। ਇਹ ਟਿਕਾਣਾ ਉਹਨਾਂ ਦੀ ਯਾਦਗਾਰ ਹੈ, ਜੋ ਸਟੇਸ਼ਨੋਂ ਅੱਧ ਕੁ ਮੀਲ ਰੇਲ ਦੇ 'ਸਿਗਨਲ' ਦੇ ਪਾਸ ਵਾਰ ਹੈ।

ਸੱਜਣ ਦੀ ਸਮਾਧ ਨੂੰ ਕੋਈ ਲੋਕ ਭਾਈ ਸੱਜਣ ਦੀ ਸਮਾਧ ਕਹਿਣ ਦੀ ਥਾਂ ਬੇ-ਖਿਆਲੇ ਕਹਿ ਦੇਂਦੇ ਹਨ 'ਸੱਜਣ ਠੱਗ ਦੀ ਸਮਾਧ।' ਸੱਜਣ 'ਠੱਗ' ਨਾ ਰਿਹਾ 'ਸੰਤ' ਹੋ ਗਿਆ ਪਰ ਲੱਗੇ ਘਾਉ ਰਾਜ਼ੀ ਹੋ ਕੇ ਬੀ ਦਾਗ ਛੋੜ ਜਾਂਦੇ ਹਨ, ਸੱਜਣ ਸੰਤ ਹੋ ਗਿਆ ਪਰ ਪਹਿਲੀ 'ਅੱਲ' ਠੱਗ-ਨਾਮ ਨਾਲ ਲੱਗੀ ਹੀ ਰਹੀ।

ਸੱਜਣ ਠੱਗ ਦਾ ਪ੍ਰਸੰਗ ਅੱਗੇ ਹੈ -

### ਸੱਜਣ ਠੱਗ

*ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭੀ ਇਕੋ ਜੇਹਾ ॥*

*ਅੰਗ- ੯੬੦*

*ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥ ੧ ॥*

*ਅੰਗ - ੪੬*

### ਹੜੱਪੇ ਦੀ ਸਾਖੀ

*ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥*
*ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੧ ॥*

*ਅੰਗ- ੧੪੨*

ਜਦ ਸ੍ਰੀ ਗੁਰੂ ਬਾਬਾ ਸਤਿਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਉਧਾਰਨ ਲਈ ਟੁਰ ਪਏ ਤਾਂ ਪਹਿਲੇ ਉਜਾੜਾਂ

ਵਲ ਰੁਖ ਕੀਤਾ। ਬਨੋਂ ਬਨ ਜਾਣ, ਬਸਤੀ ਆਵੇ ਤਾਂ ਵਿਚ ਵੜਨਾ ਨਾ। ਇਕ ਦਿਹਾੜੇ ਇਕ ਬਸਤੀ ਆਈ, ਤਾਂ ਮਰਦਾਨੇ ਨੂੰ ਆਪ ਨੇ ਪੁਛਿਆ, 'ਮਰਦਾਨਿਆਂ! ਭੁੱਖ ਲੱਗੀ ਹਈ?' ਤਾਂ ਮਰਦਾਨੇ ਆਖਿਆ, 'ਪਾਤਸ਼ਾਹ! ਤੁਸੀਂ ਜਾਣੀ ਜਾਣ ਹੋ! ਗੁਰੂ ਜੀ ਬੋਲੇ, 'ਜਾਹ ਮਰਦਾਨਿਆਂ! ਬਸਤੀ ਵਿਚ ਜਾ ਵੜ ਤੇ ਰੋਟੀ ਖਾ ਆਉ।' ਮਰਦਾਨੇ ਆਖਿਆ, 'ਜੀਉ ਜੀ! ਮੈਨੂੰ ਤਾਂ ਨਗਰੀ ਵਿਚ ਕੋਈ ਜਾਣਦਾ ਨਹੀਂ, ਰੋਟੀ ਬਿਨਾਂ ਮੰਗੇ ਕੌਣ ਦੇਵੇਗਾ? ਆਖੋ ਤਾਂ ਮੰਗ ਕੇ ਖਾ ਆਵਾਂ?'

ਗੁਰੂ ਜੀ - ਸ਼ਬਦ ਦੇ ਗਾਵਣ ਹਾਰਿਆ! ਤੈਨੂੰ ਮੰਗਣ ਦੀ ਕੀ ਲੋੜ ਹੈ। ਤੂੰ ਜਾਹ ਉੱਪਲ ਖੱਤ੍ਰੀਆਂ ਦਾ ਘਰ ਹਈ ਨਗਰੀ ਵਿਚ, ਉਥੇ ਜਾ ਖੜੋ, ਚੁਪਾਤਾ ਹੀ ਰਹੀਂ, ਉਹ ਲੋਕ ਰੋਟੀ ਖਾਂਦੇ ਹੋਣਗੇ, ਤੈਨੂੰ ਜਾਂਦੇ ਸਾਰ ਦੇਖ ਕੇ ਖਿੜਨਗੇ, ਸਾਰੀ ਨਗਰੀ ਉਲਟ ਪਏਗੀ, ਹਿੰਦੂ ਮੁਸਲਮ ਸਭ ਤੇਰੀ ਪੈਰੀਂ ਪੈਣਗੇ, ਛਤੀਹ ਪ੍ਰਕਾਰ ਦੇ ਭੋਜਨ ਲਿਆ-ਲਿਆ ਧਰਨਗੇ, ਕੋਈ ਬਸਤ੍ਰ ਬੀ ਲਿਆ ਭੇਟ ਧਰੇਗਾ। ਜੋ ਤੇਰੇ ਮੂੰਹ ਲੱਗੇਗਾ ਜੀ ਵਿਚ ਕਹੇਗਾ; ਇਥੇ ਸਰਬੰਸ ਲਿਆ ਅੱਗੇ ਧਰਾਂ। ਤੇਰੇ ਦਰਸ਼ਨਾਂ ਤੋਂ ਸਦਕੇ ਹੋ-ਹੋ ਆਖਣਗੇ, ਵਾਹ-ਵਾਹ ਸਾਂਈ ਦੇ ਸੁਹਣਿਆਂ! ਤੈਥੋਂ ਨਿਹਾਲ ਹੋ ਰਹੇ ਹਾਂ। ਪਰ ਮਰਦਾਨਿਆਂ ਕਈ ਐਸੇ ਬੀ ਹੋਣਗੇ ਜੋ ਤੇਰੀ ਕੋਈ ਪ੍ਰਵਾਹ ਹੀ ਨਹੀਂ ਕਰਨਗੇ। ਜੋ ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ?

ਇਹ ਬਚਨ ਸੁਣ ਕੇ ਮਰਦਾਨਾ ਨਗਰੀ ਵਿਚ ਗਿਆ, ਬਚਨ ਗੁਰੂ ਗੁਰ ਪੂਰੇ ਨੇ ਜੋ ਆਖਿਆ ਸੀ ਸੋ ਅੱਖਰ-ਅੱਖਰ ਸੱਚ ਹੋਇਆ। ਸਾਰਾ ਸ਼ਹਿਰ ਆ ਪੈਰੀਂ ਪਿਆ। ਭੋਜਨ ਰੁਪਏ ਬਸਤ੍ਰ ਬਥੇਰੇ ਆਏ, ਲੋਕਾਂ ਨੇ ਬਹੁਤ ਆਦਰ ਦਿਤਾ ਤੇ ਸੇਵਾ ਕੀਤੀ। ਮਰਦਾਨਾ ਆਪਣੀ ਸੇਵਾ ਪੂਜਾ ਵੇਖ-ਵੇਖ ਕੇ ਬੜਾ ਖੁਸ਼ ਹੋਵੇ, ਫੁੱਲਿਆ ਜਾਮੇਂ ਨਾ ਸਮਾਵੇ, ਪਰ ਵਿਚ-ਵਿਚ ਜਦ ਕੋਈ ਐਸਾ ਆਦਮੀ ਆਵੇ, ਜੋ ਮਰਦਾਨੇ ਵੱਲ ਤੱਕੇ ਬੀ ਨਾਂ, ਤਾਂ ਉਸ ਦਾ ਦਿਲ ਕੁਛ ਕੁ ਉਦਾਸੀ ਖਾਵੇ। ਇਸ ਪ੍ਰਕਾਰ ਜਦ ਦਿਹੁੰ ਲੱਥਾ, ਤਾਂ ਮਰਦਾਨਾ ਰੁਪਏ ਕਪੜੇ ਬੰਨ੍ਹ ਕੇ ਬਾਬੇ ਜੀ ਪਾਸ ਲੈ ਆਇਆ। ਮਰਦਾਨੇ ਦੇ ਚਿਹਰੇ ਦੀ ਖੁਸ਼ੀ, ਮਨ ਦਾ ਹੁਲਾਸ ਤੇ ਖੁਸ਼ੀਆਂ ਗੁਰੂ ਬਾਬੇ ਨੇ ਤੱਕੀਆਂ, ਫੇਰ ਬਸਤ੍ਰ ਰੇਸ਼ਮੀ ਤੇ ਸੂਤੀ ਤੱਕੇ, ਫੇਰ ਰੁਪਏ ਤੇ ਮੋਹਰਾਂ ਵੇਖੀਆਂ। ਗੁਰੂ ਜੀ ਵੇਖਣ ਤੇ ਮੁਸਕਰਾਉਣ ਤੇ ਹੱਸਣ। ਹੱਸਣ ਗੁਰੂ ਜੀ ਤੇ ਹੱਸਦੇ-ਹੱਸਦੇ ਨਿਲੇਟ ਹੁੰਦੇ ਜਾਣ! ਆਖਣ-ਮਰਦਾਨਿਆਂ! ਕੀ ਆਂਦੋ ਈ?

ਮਰਦਾਨਾ-ਫੇਰ ਸੱਚੇ ਪਾਤਸ਼ਾਹ! ਇਹ ਤੇਰੇ ਬਚਨ ਦਾ ਪ੍ਰਤਾਪ ਹੈ, ਤੇਰੇ ਨਾਮ ਦਾ ਸਦਕਾ ਹੈ, ਸਾਰਾ ਸ਼ਹਿਰ ਮੇਰੀ ਸੇਵਾ ਨੂੰ ਆ ਢੁੱਕਿਆ। ਮੈਂ ਰੱਜ-ਰੱਜ ਪਦਾਰਥ ਛਕੇ, ਇਹ ਰੁਪਏ, ਕਪੜੇ ਆਪ ਜੋਗ ਲੈ ਆਇਆ ਹਾਂ।

ਗੁਰੂ ਜੀ (ਖੁਸ਼ ਹੋ ਕੇ) - ਮਰਦਾਨਿਆਂ ਭਲਾ ਕੀਤੋਈ ਜੋ ਲੈ ਆਇਆ ਹੈਂ। ਤੇਰਾ ਭਾਉ ਸੋਹਣਾ ਹੈ, ਪਰ ਇਹ ਤਾਂ ਸਾਡੇ ਕਿਸੇ ਕੰਮ ਨਹੀਂ।

